
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



11ਵਾਂ ਸਾਲ ਹਫਤਾਵਾਰੀ

# ਦੇਸ਼ ਦੁਆਬਾ

VOL -11 ISSUE - 25
September 28, 2022

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਪ੍ਰੋ. ਰੌਣਕੀ ਰਾਮ ਚੰਡੀਗੜ੍ਹ 'ਵਰਸਿਟੀ 'ਚ ਸੈਂਟਰ ਫਾਰ ਐਕਸੀਲੈਂਸ ਇਨ ਇੰਡੀਅਨ ਕਲਚਰ ਐਂਡ ਸੁਸਾਇਟੀ ਦੇ ਚੇਅਰਪਰਸਨ ਨਿਯੁਕਤ



**ਐਸ. ਏ. ਐਸ. ਨਗਰ–** ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਪੰਜਾਬੀ ਵਿਦਵਾਨ ਅਤੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਪ੍ਰੋ. ਰੌਣਕੀ ਰਾਮ (ਪੀ. ਐਚ. ਡੀ.) ਨੂੰ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਸੈਂਟਰ ਫਾਰ ਐਕਸੀਲੈਂਸ ਇਨ ਇੰਡੀਅਨ ਕਲਚਰ ਐਂਡ ਸੁਸਾਇਟੀ (ਆਈ. ਸੀ. ਐਸ.) ਦੇ ਚੇਅਰਪਰਸਨ ਵਜੋਂ ਸੇਵਾਵਾਂ ਨਿਭਾਉਣਗੇ। ਪ੍ਰੋ. ਰੌਣਕੀ ਰਾਮ ਆਈ. ਸੀ. ਐਸ. ਵਿਚ ਸਥਾਪਿਤ ਕੀਤੀ ਸ੍ਰੀ ਅਰਬਿੰਦੋ ਚੇਅਰ ਦਾ ਕਾਰਜਭਾਰ ਸੰਭਾਲਣਗੇ। ਜ਼ਿਕਰਯੋਗ ਹੈ ਕਿ ਸੈਂਟਰ ਫਾਰ ਐਕਸੀਲੈਂਸ ਇਨ ਇੰਡੀਅਨ ਕਲਚਰ ਐਂਡ ਸੋਸਾਇਟੀ ਭਾਰਤੀ ਸਭਿਆਚਾਰ ਅਤੇ ਸਮਾਜਿਕ ਪੱਧਰ 'ਤੇ ਦਰਪੇਸ਼ ਆਉਂਦੀਆਂ ਚੁਣੌਤੀਆਂ ਸਬੰਧੀ ਅਧਿਆਪਨ ਅਤੇ ਖੋਜ ਕਾਰਜਾਂ ਲਈ ਇਕ ਮਹੱਤਵਪੂਰਨ ਮੰਚ ਵਜੋਂ ਸਥਾਪਿਤ ਕੀਤਾ ਗਿਆ ਹੈ। ਇਹ ਸੈਂਟਰ ਭਾਰਤ ਦੀ ਅਮੀਰ ਸੰਸਕ੍ਰਿਤੀ ਦੇ ਵੱਖੋ-ਵੱਖਰੇ ਪਹਿਲੂਆਂ ਅਤੇ ਹਜ਼ਾਰਾਂ ਸਾਲਾਂ ਤੋਂ ਭਾਰਤੀ ਸਮਾਜ ਦੇ ਨਿਰਮਾਣ ਲਈ, ਇਸ ਦੇ ਮਹੱਤਵਪੂਰਨ ਯੋਗਦਾਨ 'ਤੇ ਧਿਆਨ ਕੇਂਦਰਿਤ ਕਰੇਗਾ।

ਵਰਣਨਯੋਗ ਹੈ ਕਿ ਪ੍ਰੋ. ਰੌਣਕੀ ਰਾਮ ਇਸ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਵਿਖੇ ਸਥਾਪਤ ਸ਼ਹੀਦ ਭਗਤ ਸਿੰਘ ਚੇਅਰ ਦਾ ਕਾਰਜਭਾਰ ਸੰਭਾਲ ਚੁੱਕੇ ਹਨ। ਉਹ ਨੌਜਵਾਨ ਵਿਦਵਾਨਾਂ ਨੂੰ ਰਾਜਨੀਤੀ ਜਾਂ ਹੋਰਨਾਂ ਖੇਤਰਾਂ ਦੀਆਂ ਅਣਪਛਾਤੀਆਂ ਅਤੇ ਗੁੰਝਲਦਾਰ ਸਮੱਸਿਆਵਾਂ ਬਾਬਤ ਖੋਜ ਕਰਨ ਲਈ ਬਤੌਰ ਮਾਰਗ ਦਰਸ਼ਕ ਸੇਵਾਵਾਂ ਨਿਭਾ ਚੁੱਕੇ ਹਨ। ਉਨ੍ਹਾਂ ਨੇ ਚਾਰ ਕਿਤਾਬਾਂ ਲਿਖੀਆਂ ਜਿਹਨਾਂ ਵਿਚ ਦਲਿਤ ਮੁਕਤੀ ਅਤੇ ਸ਼ਸ਼ਕਤੀਕਰਨ ਅਤੇ ਮੌਜੂਦਾ ਕਿਸਾਨੀ ਸੰਘਰਸ਼ ਸਬੰਧੀ ਪ੍ਰਮੁੱਖ ਵਿਸ਼ੇ ਸ਼ਾਮਲ ਹਨ। ਉਹਨਾਂ ਆਪਣੀਆਂ ਕਿਤਾਬਾਂ ਵਿਚ ਸਮਾਜਿਕ ਗਤੀਸ਼ੀਲਤਾ ਅਤੇ ਰਾਜਨੀਤੀ ਪ੍ਰਕਾਸ਼ਿਤ ਕਰਵਾਈ ਹੈ। ਉਹਨਾਂ ਰਾਸ਼ਟਰੀ ਅਤੇ ਅੰਤਰ ਰਾਸ਼ਟਰੀ ਜਰਨਲਾਂ ਵਿਚ 150 ਤੋਂ ਵੱਧ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਹਨ, ਜਿਨ੍ਹਾਂ 'ਚ ਅੰਤਰਰਾਸ਼ਟਰੀ ਪੀਅਰ ਰੀਵਿਊਡ ਜਰਨਲ ਮਾਡਰਨ ਏਸ਼ੀਅਨ ਸਟੱਡੀਜ਼ (ਕੈਮਬ੍ਰਿਜ), ਜਰਨਲ ਆਫ ਏਸ਼ੀਅਨ ਸਟੱਡੀਜ਼ (ਕੈਂਬਰਿਜ਼), ਏਸ਼ੀਅਨ ਸਰਵੇ (ਬਰਕੇਅ), ਭਾਰਤੀ ਸਮਾਜ ਸ਼ਾਸਤਰ ਵਿਚ ਯੋਗਦਾਨ (ਸੇਜ) ਆਦਿ ਦਾ ਨਾਮ ਸ਼ਾਮਲ ਹੈ। ਪ੍ਰੋ. ਰੌਣਕੀ ਰਾਮ ਵਰਤਮਾਨ ਵਿਚ ਲੱਦਾਖ ਯੂਨੀਵਰਸਿਟੀ ਵਿਚ ਵਿਜ਼ਿਟਿੰਗ ਪ੍ਰੋਫੈਸਰ ਅਤੇ ਸਟੇਟ ਹਾਇਰ ਐਜੂਕੇਸ਼ਨ ਕੌਂਸਲ ਚੰਡੀਗੜ੍ਹ ਦੇ ਮੈਂਬਰ ਹਨ। ਉਹ ਕਈ ਪ੍ਰਮੁੱਖ ਯੂਨੀਵਰਸਿਟੀਆਂ ਵਿਚ ਪ੍ਰੋਫੈਸਰ ਦੇ ਤੌਰ 'ਤੇ ਵਿਜ਼ਿਟ ਕਰ ਚੁੱਕੇ ਹਨ। ਹਾਲ ਹੀ ਵਿਚ ਉਨ੍ਹਾਂ ਨੇ ਫੈਕਲਟੀ ਆਫ ਆਰਟਸ, ਬਿਜ਼ਨਸ ਅਤੇ ਸੋਸ਼ਲ ਸਾਇੰਸਿਜ਼, ਯੂਨੀਵਰਸਿਟੀ ਆਫ ਵੁਲ-ਵਰਹੈਂਪਟਨ (ਯੂ. ਕੇ.), ਲੀਡੇਨ ਯੂਨੀਵਰਸਿਟੀ, ਨੀਦਰਲੈਂਡਜ਼ ਅਤੇ ਰਿਉਕੋਂਕੂ ਯੂਨੀਵਰਸਿਟੀ, ਕਿਓਟੋ, ਜਾਪਾਨ ਵਿਚ ਆਈਸੀਸੀਆਰ ਚੇਅਰ ਪ੍ਰੋਫੈਸਰ ਆਫ ਇੰਡੀਆ ਸਟੱਡੀਜ਼ ਵਿਚ ਵਿਜ਼ਿਟਿੰਗ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਈਆਂ ਹਨ।

ਇਸ ਮੌਕੇ ਪ੍ਰੋ. ਰੌਣਕੀ ਰਾਮ ਨੂੰ ਅਹੁਦਾ ਸੰਭਾਲਣ 'ਤੇ ਮੁਬਾਰਕਬਾਦ ਦਿੰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਦੱਸਿਆ ਕਿ ਇਹ ਸੈਂਟਰ ਭਾਰਤੀ ਸੰਸਕ੍ਰਿਤੀ ਦੀਆਂ ਅਮੀਰ ਗਿਆਨ ਪ੍ਰਣਾਲੀਆਂ ਦੀ ਪੜਚੋਲ ਕਰਨ 'ਤੇ ਧਿਆਨ ਕੇਂਦਰਿਤ ਕਰੇਗਾ।

"Ambedkar Times" and "Desh Doaba" Weeklies congratulate Honorable Dr. Ronki Ram Ji on becoming Chairman of the newly established Centre for Excellence in Indian Culture and Society and also Professor of Aurobindo Chair in Chandigarh University, Punjab, India

**Prem K Chumber Editor-in-Chief**
**Ambedkar Times and Desh Doaba**

# ਜਾਰਜੀਆ ਮੇਲੋਨੀ ਬਣੇਗੀ ਇਟਲੀ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ

**ਰੋਮ (ਬਿਊਰੋ)–** ਜਾਰਜੀਆ ਮੇਲੋਨੀ ਇਟਲੀ ਦੀ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਬਣਨ ਜਾ ਰਹੀ ਹੈ। ਇਟਲੀ 'ਚ ਹੋਈਆਂ ਚੋਣਾਂ 'ਚ ਜਾਰਜੀਆ ਦੀ ਅਗਵਾਈ ਵਾਲੇ ਸੱਜੇ ਪੱਖੀ ਗਠਜੋੜ ਨੂੰ ਸੰਸਦ 'ਚ ਸਪੱਸ਼ਟ ਬਹੁਮਤ ਮਿਲਿਆ ਹੈ ਅਤੇ ਇਹ ਸਪੱਸ਼ਟ ਹੈ ਕਿ ਉਸਦਾ ਪ੍ਰਧਾਨ ਮੰਤਰੀ ਬਣਨਾ ਤੈਅ ਹੈ। ਚੋਣ ਨਤੀਜਿਆਂ ਤੋਂ ਸਾਫ਼ ਹੈ ਕਿ ਇਟਲੀ ਨੂੰ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਪਹਿਲੀ ਮਹਿਲਾ ਪ੍ਰਧਾਨ ਮੰਤਰੀ ਮਿਲਣ ਜਾ ਰਹੀ ਹੈ। ਜਾਰਜੀਆ ਦੀ ਪਾਰਟੀ ਨੂੰ 2018 ਦੀਆਂ ਚੋਣਾਂ 'ਚ ਸਿਰਫ਼ 4.5 ਫੀਸਦੀ ਵੋਟਾਂ ਮਿਲੀਆਂ ਹਨ। ਜਾਰਜੀਆ ਦੇ ਪ੍ਰਧਾਨ ਮੰਤਰੀ ਵਜੋਂ ਸਹੁੰ ਚੁੱਕਣ ਤੋਂ ਪਹਿਲਾਂ ਹੀ ਦੁਨੀਆ ਭਰ ਦੇ ਨੇਤਾਵਾਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ।



ਅੰਤਰਰਾਸ਼ਟਰੀ ਨੇਤਾਵਾਂ ਨੇ ਸੋਸ਼ਲ ਮੀਡੀਆ 'ਤੇ ਇਟਲੀ ਅਤੇ ਜਾਰਜੀਆ ਨੂੰ ਵਧਾਈਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਹਨ। ਫਰਾਂਸ ਦੀ ਸੱਜੇ ਪੱਖੀ ਨੈਸ਼ਨਲ ਰੈਲੀ ਪਾਰਟੀ ਦੀ ਨੇਤਾ ਮਾਰੀਨ ਲੇ ਪੇਨ ਨੇ ਟਵੀਟ ਕੀਤਾ: 'ਇਟਲੀ ਦੇ ਲੋਕਾਂ ਨੇ ਦੇਸ਼ ਭਗਤ ਅਤੇ ਪ੍ਰਭੂਸੱਤਾ ਵਾਲੀ ਸਰਕਾਰ ਚੁਣਨ ਦਾ ਫੈਸਲਾ ਕੀਤਾ ਹੈ।

ਜਾਰਜੀਆ ਮੇਲੋਨੀ ਅਤੇ (ਲੀਗ ਨੇਤਾ) ਮੈਟੀਓ ਸਾਲਵਿਨੀ ਨੂੰ ਇਸ ਚੁਣੌਤੀ ਨੂੰ ਜਿੱਤਣ ਅਤੇ ਗੈਰ-ਲੋਕਤੰਤਰੀ ਅਤੇ ਹੰਕਾਰੀ ਯੂਰਪੀ ਸੰਘ ਦੇ ਖ਼ਤਰਿਆਂ ਦਾ ਵਿਰੋਧ ਕਰਨ ਲਈ ਵਧਾਈ।'

ਸਪੇਨ ਦੇ ਨੇਤਾ ਸੈਂਟੀਆਗੋ ਅਬਾਸਕਲ ਨੇ ਜਾਰਜੀਆ ਨੂੰ ਜਿੱਤ 'ਤੇ ਵਧਾਈ ਦਿੰਦੇ ਹੋਏ ਟਵਿੱਟਰ 'ਤੇ ਲਿਖਿਆ: "ਜਾਰਜੀਆ ਮੇਲੋਨੀ ਨੇ ਲੋਕਾਂ ਦੀ ਸੁਰੱਖਿਆ ਅਤੇ ਖੁਸ਼ਹਾਲੀ ਅਤੇ ਇਕ ਪ੍ਰਭੂਸੱਤਾ ਸੰਪੰਨ ਰਾਸ਼ਟਰ ਦੇ ਮਾਣ ਲਈ ਇਕ ਆਜ਼ਾਦ ਯੂਰਪ ਦਾ ਰਸਤਾ ਦਿਖਾਇਆ ਹੈ।" ਇਸ ਦੇ ਨਾਲ ਹੀ ਪੋਲੈਂਡ ਦੇ ਪ੍ਰਧਾਨ ਮੰਤਰੀ ਮਾਟੇਉਸ ਮੋਰਾਵੀਕੀ ਨੇ ਵੀ ਜਾਰਜੀਆ ਨੂੰ ਇਸ ਸ਼ਾਨਦਾਰ ਜਿੱਤ 'ਤੇ ਵਧਾਈ ਦਿੱਤੀ ਹੈ।

# ਸ਼ਹੀਦ ਭਗਤ ਸਿੰਘ ਯੁਵਾ ਐਵਾਰਡ ਮੁੜ ਸ਼ੁਰੂ ਕਰਨ ਅਤੇ ਚੇਅਰ ਸਥਾਪਤ ਕਰਨ ਦਾ ਐਲਾਨ

**ਖਟਕੜ ਕਲਾਂ (ਸ਼ਹੀਦ ਭਗਤ ਸਿੰਘ ਨਗਰ)–** ਸ਼ਹੀਦ ਭਗਤ ਸਿੰਘ ਦੀ ਜਨਮ ਵਰ੍ਹੇਗੰਢ ਮੌਕੇ ਪੰਜਾਬ ਵਾਸੀਆਂ ਨੂੰ ਵੱਡਾ ਤੋਹਫਾ ਦਿੰਦਿਆਂ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਸ਼ਹੀਦ ਭਗਤ ਸਿੰਘ ਯੁਵਾ ਐਵਾਰਡ ਮੁੜ ਸ਼ੁਰੂ ਕਰਨ ਅਤੇ ਗੁਰੂ ਨਾਨਕ ਦੇਵ ਯੂ-ਨੀਵਰਸਿਟੀ ਵਿਖੇ ਮਹਾਨ ਸ਼ਹੀਦ ਦੇ ਨਾਂ ਉਤੇ ਚੇਅਰ ਸਥਾਪਤ ਕਰਨ ਦਾ ਐਲਾਨ ਕੀਤਾ ਹੈ।



ਸ਼ਹੀਦ ਭਗਤ ਸਿੰਘ ਦੀ ਜਨਮ ਵਰ੍ਹੇਗੰਢ ਮੌਕੇ ਇੱਥੇ ਹੋਏ ਰਾਜ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਐਵਾਰਡ ਹਰੇਕ ਸਾਲ ਵੱਖ-ਵੱਖ ਖੇਤਰਾਂ ਵਿਚ ਵਿਲੱਖਣ ਯੋਗਦਾਨ ਪਾਉਣ ਵਾਲੇ 46 ਨੌਜਵਾਨਾਂ ਨੂੰ ਦਿੱਤਾ ਜਾਇਆ ਕਰੇਗਾ। ਉਨ੍ਹਾਂ ਕਿਹਾ ਕਿ ਇਹ ਐਵਾਰਡ ਜਿੱਤਣ ਵਾਲੇ ਨੌਜਵਾਨ ਨੂੰ ਪ੍ਰਸੰਸਾ ਪੱਤਰ ਤੋਂ ਇਲਾਵਾ 51000 ਰੁਪਏ ਦਾ ਨਗਦ ਇਨਾਮ ਦਿੱਤਾ ਜਾਵੇਗਾ। ਭਗਵੰਤ ਮਾਨ ਨੇ ਦੁੱਖ ਜ਼ਾਹਰ ਕਰਦਿਆਂ ਕਿ ਇਹ ਐਵਾਰਡ ਪਿਛਲੇ ਸੱਤ ਸਾਲਾਂ ਤੋਂ ਬੰਦ ਪਏ ਸਨ ਪਰ ਹੁਣ ਇਸ ਨੂੰ ਬਹਾਲ ਕਰ ਦਿੱਤਾ ਗਿਆ ਹੈ। ਇਸ ਦੌਰਾਨ ਮੁੱਖ ਮੰਤਰੀ ਨੇ ਇਕ ਹੋਰ ਐਲਾਨ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਚੇਅਰ ਸਥਾਪਤ ਕਰੇਗੀ। ਉਨ੍ਹਾਂ ਕਿਹਾ ਕਿ ਇਹ ਚੇਅਰ ਸ਼ਹੀਦ ਭਗਤ ਦੇ ਜੀਵਨ ਤੇ ਵਿਚਾਰਧਾਰਾ ਉਤੇ ਖੋਜ ਕਰਨ ਦੀ ਜ਼ਿੰਮੇਵਾਰੀ ਨਿਭਾਏਗੀ। ਭਗਵੰਤ ਮਾਨ ਨੇ ਕਿਹਾ ਕਿ ਇਹ ਚੇਅਰ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਸ਼ ਸੇਵਾ ਲਈ ਪ੍ਰੇਰਿਤ ਕਰੇਗੀ।

ਮੁੱਖ ਮੰਤਰੀ ਨੇ ਲੋਕਾਂ ਨੂੰ ਇਹ ਪ੍ਰਣ ਕਰਨ ਦਾ ਸੱਦਾ ਦਿੱਤਾ ਕਿ ਉਹ ਚੰਗੇ ਮੌਕਿਆਂ ਦੀ ਤਲਾਸ਼ ਵਿਚ ਆਪਣਾ ਵਤਨ ਛੱਡ ਕੇ ਨਹੀਂ ਜਾਣਗੇ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਹ ਅਹਿਦ ਲੈਣਾ ਚਾਹੀਦਾ ਹੈ ਕਿ ਬਿਹਤਰ ਜ਼ਿੰਦਗੀ ਦੀ ਭਾਲ ਵਿਚ ਦੇਸ਼ ਛੱਡ ਕੇ ਜਾਣ ਦੀ ਬਜਾਏ ਇੱਥੇ ਹੀ ਸ਼ਾਸਨ ਪ੍ਰਣਾਲੀ ਨੂੰ ਸੁਧਾਰਾਂਗੇ। ਭਗਵੰਤ ਮਾਨ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਪੰਜਾਬ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਪੂਰਨ ਤੌਰ ਉਤੇ ਵਚਨਬੱਧ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸ਼ਹੀਦ-ਏ-ਆਜ਼ਮ ਦੇ ਸੁਪਨੇ ਅਜੇ ਵੀ ਸਾਕਾਰ ਨਹੀਂ ਹੋਏ ਕਿਉਂਕਿ ਭ੍ਰਿਸ਼ਟਾਚਾਰ, ਕੁਨਬਾਪ੍ਰਸਤੀ ਅਤੇ ਗੁਰਬਤ ਦੀਆਂ ਜੜ੍ਹਾਂ ਅਜੇ ਵੀ ਮੌਜੂਦ ਹਨ। ਉਨ੍ਹਾਂ ਕਿਹਾ ਕਿ ਜਿਹੜੇ ਵੀ ਸ਼ਾਸਕ ਬਰਤਾਨਵੀ ਹਕੂਮਤ ਤੋਂ


**(ਬਾਕੀ ਸਫਾ 4 'ਤੇ)**




MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com


Dr. Paramjit S Takhar, MD
DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga
6930 65TH STREET # 115 SACRAMENTO CA 95823


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.
959 Corporate Way, Fremont, CA. 94539

# ਕੌਮਾਂਤਰੀ ਵਿਦਵਾਨ ਅਤੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਪ੍ਰੋ. ਰੌਣਕੀ ਰਾਮ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਸੈਂਟਰ ਫ਼ਾਰ ਐਕਸੀਲੈਂਸ ਇਨ ਇੰਡੀਅਨ ਕਲਚਰ ਐਂਡ ਸੁਸਾਇਟੀ ਦੇ ਚੇਅਰਪਰਸਨ ਨਿਯੁਕਤ

## ਸੈਂਟਰ 'ਚ ਸਥਾਪਿਤ ਸ਼੍ਰੀ ਅਰਬਿੰਦੋ ਚੇਅਰ ਦਾ ਸੰਭਾਲਣਗੇ ਕਾਰਜਭਾਰ

ਕੌਮਾਤਰੀ ਪ੍ਰਸਿੱਧੀ ਪ੍ਰਾਪਤ ਪੰਜਾਬੀ ਵਿਦਵਾਨ ਅਤੇ ਰਾਜਨੀਤੀ ਸ਼ਾਸਤਰ ਦੇ ਪ੍ਰੋਫੈਸਰ ਪ੍ਰੋ. ਰੌਣਕੀ ਰਾਮ (ਪੀ.ਐਚ.ਡੀ) ਨੂੰ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਸੈਂਟਰ ਫਾਰ ਐਕਸੀਲੈਂਸ ਇਨ ਇੰਡੀਅਨ ਕਲਚਰ ਐਂਡ ਸੋਸਾਇਟੀ (ਆਈ.ਸੀ.ਐਸ) ਦੇ ਚੇਅਰਪਰਸਨ ਵਜੋਂ ਸੇਵਾਵਾਂ ਨਿਭਾਉਣਗੇ। ਪ੍ਰੋ. ਰੌਣਕੀ ਰਾਮ ਆਈ.ਸੀ.ਐਸ ਵਿੱਚ ਸਥਾਪਿਤ ਕੀਤੀ ਸ਼੍ਰੀ ਅਰਬਿੰਦੋ ਚੇਅਰ ਦਾ ਕਾਰਜਭਾਰ ਸੰਭਾਲਣਗੇ। ਜ਼ਿਕਰਯੋਗ ਹੈ ਕਿ ਸੈਂਟਰ ਫਾਰ ਐਕਸੀਲੈਂਸ ਇਨ ਇੰਡੀਅਨ ਕਲਚਰ ਐਂਡ ਸੋਸਾਇਟੀ ਭਾਰਤੀ ਸੱਭਿਆਚਾਰ ਅਤੇ ਸਮਾਜਕ ਪੱਧਰ 'ਤੇ ਦਰਪੇਸ਼ ਆਉਂਦੀਆਂ ਚੁਣੌਤੀਆਂ ਸਬੰਧੀ ਅਧਿਆਪਨ ਅਤੇ ਖੋਜ ਕਾਰਜਾਂ ਲਈ ਇੱਕ ਮਹੱਤਵਪੂਰਨ ਮੰਚ ਵਜੋਂ ਸਥਾਪਿਤ ਕੀਤਾ ਗਿਆ ਹੈ। ਇਹ ਸੈਂਟਰ ਭਾਰਤ ਦੀ ਅਮੀਰ ਸੰਸਕ੍ਰਿਤੀ ਦੇ ਵੱਖੋ-ਵੱਖਰੇ ਪਹਿਲੂਆਂ ਅਤੇ ਹਜ਼ਾਰਾਂ ਸਾਲਾਂ ਤੋਂ ਭਾਰਤੀ ਸਮਾਜ ਦੇ ਨਿਰਮਾਣ ਲਈ, ਇਸ ਦੇ ਮਹੱਤਵਪੂਰਨ ਯੋਗਦਾਨ 'ਤੇ ਧਿਆਨ ਕੇਂਦਰਤ ਕਰੇਗਾ।

ਵਰਣਨਯੋਗ ਹੈ ਕਿ ਪ੍ਰੋ. ਰੌਣਕੀ ਰਾਮ ਇਸ ਤੋਂ ਪਹਿਲਾਂ ਪੰਜਾਬ ਯੂਨੀਵਰਸਿਟੀ ਵਿਖੇ ਸਥਾਪਿਤ ਸ਼ਹੀਦ ਭਗਤ ਸਿੰਘ ਚੇਅਰ ਦਾ ਕਾਰਜਭਾਰ ਸੰਭਾਲ ਚੁੱਕੇ ਹਨ। ਉਹ ਨੌਜਵਾਨ ਵਿਦਵਾਦਾਂ ਨੂੰ ਰਾਜਨੀਤੀ ਜਾਂ ਹੋਰਨਾਂ ਖੇਤਰਾਂ ਦੀਆਂ ਅਣਪਛਾਤੀਆਂ ਅਤੇ ਗੁੰਝਲਦਾਰ ਸਮੱਸਿਆਵਾਂ ਬਾਬਤ ਖੋਜ ਕਰਨ ਲਈ ਬਤੌਰ ਮਾਰਗ ਦਰਸ਼ਕ ਸੇਵਾਵਾਂ ਨਿਭਾ ਚੁੱਕੇ ਹਨ। ਉਨ੍ਹਾਂ ਨੇ ਚਾਰ ਕਿਤਾਬਾਂ ਲਿਖੀਆਂ ਜਿਨ੍ਹਾਂ ਵਿੱਚ ਦਲਿਤ ਮੁਕਤੀ ਅਤੇ ਸਸ਼ਕਤੀਕਰਨ ਅਤੇ ਮੌਜੂਦਾ ਕਿਸਾਨੀ ਸੰਘਰਸ਼ ਸਬੰਧੀ ਪ੍ਰਮੁੱਖ ਵਿਸ਼ੇ ਸ਼ਾਮਲ ਹਨ।ਉਨ੍ਹਾਂ ਨੇ ਆਪਣੀਆਂ ਕਿਤਾਬਾਂ ਵਿੱਚ ਸਮਾਜਿਕ ਗਤੀਸ਼ੀਲਤਾ ਅਤੇ ਰਾਜਨੀਤੀ ਪ੍ਰਕਾਸ਼ਿਤ ਕਰਵਾਈ ਹੈ। ਉਨ੍ਹਾਂ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਜਰਨਲਾਂ ਵਿੱਚ 150 ਤੋਂ ਵੱਧ ਖੋਜ ਪੱਤਰ ਪ੍ਰਕਾਸ਼ਿਤ ਕਰਵਾਏ ਹਨ, ਜਿਨ੍ਹਾਂ 'ਚ ਅੰਤਰ-ਰਾਸ਼ਟਰੀ ਪੀਅਰ ਰੀਵਿਊਡ ਜਰਨਲ ਮਾਡਰਨ ਏਸ਼ੀਅਨ ਸਟੱਡੀਜ਼ (ਕੈਮਬ੍ਰਿਜ਼), ਜਰਨਲ ਆਫ਼ ਏਸ਼ੀਅਨ ਸਟੱਡੀਜ਼ (ਕੈਂਬਰਿਜ਼), ਏਸ਼ੀਅਨ ਸਰਵੇ (ਬਰਕਲੇਅ), ਭਾਰਤੀ ਸਮਾਜ ਸ਼ਾਸਤਰ ਵਿੱਚ ਯੋਗਦਾਨ (ਸੇਜ) ਆਦਿ ਦਾ ਨਾਮ ਸ਼ਾਮਲ ਹੈ। ਪ੍ਰੋ. ਰੌਣਕੀ ਰਾਮ ਵਰਤਮਾਨ ਵਿੱਚ ਲੱਦਾਖ ਯੂਨੀਵਰਸਿਟੀ ਵਿੱਚ ਵਿਜ਼ਿਟਿੰਗ ਪ੍ਰੋਫੈਸਰ ਅਤੇ ਸਟੇਟ



ਹਾਇਰ ਐਜੂਕੇਸ਼ਨ ਕੌਂਸਲ ਚੰਡੀਗੜ੍ਹ ਦੇ ਮੈਂਬਰ ਹਨ। ਉਹ ਕਈ ਪ੍ਰਮੁੱਖ ਯੂਨੀਵਰਸਿਟੀਆਂ ਵਿੱਚ ਪ੍ਰੋਫ਼ੈਸਰ ਦੇ ਤੌਰ 'ਤੇ ਵਿਜ਼ਟਿ ਕਰ ਚੁੱਕੇ ਹਨ।ਹਾਲ ਹੀ ਵਿੱਚ ਉਨ੍ਹਾਂ ਨੇ ਫੈਕਲਟੀ ਆਫ਼ ਆਰਟਸ, ਬਿਜ਼ਨਸ ਅਤੇ ਸੋਸ਼ਲ ਸਾਇੰਸਿਜ਼, ਯੂਨੀਵਰਸਿਟੀ ਆਫ਼ ਵੁਲਵਰਹੈਂਪਟਨ (ਯੂ.ਕੇ.), ਲੀਡੇਨ ਯੂਨੀਵਰਸਿਟੀ, ਨੀਦਰਲੈਂਡਜ਼ ਅਤੇ ਰਿਊਕੋਕੂ ਯੂਨੀਵਰਸਿਟੀ, ਕਿਓਟੋ, ਜਾਪਾਨ ਵਿੱਚ ਆਈਸੀਸੀਆਰ ਚੇਅਰ ਪ੍ਰੋਫੈਸਰ ਆਫ਼ ਇੰਡੀਆ ਸਟੱਡੀਜ਼ ਵਿੱਚ ਵਿਜ਼ਿਟਿੰਗ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਈਆਂ ਹਨ।

ਇਸ ਮੌਕੇ ਪ੍ਰੋ. ਰੌਣਕੀ ਰਾਮ ਨੂੰ ਅਹੁਦੇ ਸੰਭਾਲਣ 'ਤੇ ਮੁਬਾਰਕਬਾਦ ਦਿੰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਦੱਸਿਆ ਕਿ ਇਹ ਸੈਂਟਰ ਭਾਰਤੀ ਸੰਸਕ੍ਰਿਤੀ ਦੀਆਂ ਅਮੀਰ ਗਿਆਨ ਪ੍ਰਣਾਲੀਆਂ ਦੀ ਪੜਚੋਲ ਕਰਨ 'ਤੇ ਧਿਆਨ ਕੇਂਦ੍ਰਤ ਕਰੇਗਾ।ਸੈਂਟਰ ਦੇ ਅੰਤਰਗਤ ਚੰਡੀਗੜ੍ਹ ਯੂਨੀਵਰਸਿਟੀ ਵੱਲੋਂ ਭਾਰਤੀ ਸੱਭਿਆਚਾਰ ਅਤੇ ਸਮਾਜ ਦੇ ਸੰਬੰਧਿਤ ਵਿਸ਼ਿਆਂ 'ਤੇ ਵਿਚਾਰ ਗੋਸ਼ਟੀ, ਕਾਨਫ਼ਰੰਸਾਂ, ਵਰਕਸ਼ਾਪਾਂ ਅਤੇ ਸੰਮੇਲਨਾਂ ਦੇ ਮਾਧਿਅਮ ਰਾਹੀਂ ਢੁੱਕਵੇਂ ਅਧਿਆਪਨ ਅਤੇ ਖੋਜ ਦੁਆਰਾ ਇੱਕ ਠੋਸ ਗਿਆਨ ਅਧਾਰ ਬਣਾਉਣ ਲਈ ਕੰਮ ਕੀਤਾ ਜਾਵੇਗਾ।

ਸ. ਸੰਧੂ ਨੇ ਕਿਹਾ ਕਿ ਭਾਰਤ ਦੀ ਸਭ ਤੋਂ ਅਮੀਰ ਸੱਭਿਆਚਾਰਕ ਵਿਰਾਸਤ ਹੈ ਅਤੇ ਪ੍ਰਾਚੀਨ ਤੋਂ ਆਧੁਨਿਕ ਸਮੇਂ ਤੱਕ, ਇਸ ਨੇ ਭਾਰਤ ਅਤੇ ਦੁਨੀਆ ਭਰ ਦੇ ਵਿਦਵਾਨਾਂ ਅਤੇ ਉੱਚ ਵਿਦਿਅਕ ਸੰਸਥਾਵਾਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਭਾਰਤ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਵਿੱਚੋਂ ਇੱਕ ਹੋਣ ਦੇ ਨਾਤੇ, ਸਾਡੇ ਲਈ ਇਹ ਜ਼ਰੂਰੀ ਹੋ ਗਿਆ ਹੈ ਕਿ ਅਸੀਂ ਭਾਰਤੀ ਸੰਸਕ੍ਰਿਤੀ ਦੀਆਂ ਅਮੀਰ ਗਿਆਨ ਪ੍ਰਣਾਲੀਆਂ ਦੀ ਪੜਚੋਲ ਕਰਨ 'ਤੇ ਧਿਆਨ ਕੇਂਦਰਿਤ ਕਰੀਏ।ਇਸ ਤੋਂ ਇਲਾਵਾ ਨਵੀਂ ਸਿੱਖਿਆ ਨੀਤੀ ਸਾਡੀ ਸੱਭਿਆਚਾਰਕ ਵਿਰਾਸਤ 'ਤੇ ਖੋਜ ਕਾਰਜ ਕਰਨ 'ਤੇ ਵੀ ਕੇਂਦਰਿਤ ਹੈ ਤਾਂ ਜੋ ਸਾਡੀਆਂ ਮੌਜੂਦਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਡੇ ਸ਼ਾਨਦਾਰ ਅਤੀਤ ਨਾਲ ਜੋੜਿਆ ਜਾ ਸਕੇ। ਇਸ ਦ੍ਰਿਸ਼ਟੀਕੋਣ ਨਾਲ, ਚੰਡੀਗੜ੍ਹ ਯੂਨੀਵਰਸਿਟੀ ਨੇ ਭਾਰਤੀ ਸੱਭਿਆਚਾਰ ਅਤੇ ਸਮਾਜ ਵਿੱਚ ਉੱਤਮਤਾ ਲਈ ਕੇਂਦਰ ਦੀ ਸਥਾਪਨਾ ਕੀਤੀ ਹੈ।

# ਭਾਜਪਾ ਨੇ ਚੰਡੀਗੜ੍ਹ 'ਚ 'ਲੋਕਾਂ ਦੀ ਵਿਧਾਨ ਸਭਾ' ਦਾ ਕੀਤਾ ਆਯੋਜਨ

## ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਪ੍ਰਧਾਨ ਮੰਤਰੀ ਦਾ ਧੰਨਵਾਦ ਮਤਾ







**ਚੰਡੀਗੜ੍ਹ–** ਅੱਜ ਭਾਜਪਾ ਪੰਜਾਬ ਵੱਲੋਂ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਲੋਕਾਂ ਦੇ ਮਸਲੇ ਪੰਜਾਬ ਸਰਕਾਰ ਤੱਕ ਪਹੁੰਚਾਉਣ ਲਈ 'ਜਨਤਾ ਦੀ ਵਿਧਾਨਸਭਾ' ਦਾ ਅੰਯੋਜਨ ਚੰਡੀਗੜ੍ਹ ਵਿਖੇ ਬੱਤਰਾ ਸਿਨੇਮਾ ਦੀ ਪਾਰਕਿੰਗ 'ਚ ਕੀਤਾ ਗਿਆ। ਜਨਤਾ ਦੀ ਵਿਧਾਨ ਸਭਾ ਵਿੱਚ ਪੰਜਾਬ ਸਰਕਾਰ ਤੋਂ ਪੁਛਿਆ ਗਿਆ ਕਿ ਉਹ ਲੋਕਾਂ ਦੇ ਮਸਲੇ ਹੱਲ ਕਿਉਂ ਨਹੀਂ ਕਰ ਰਹੀ? ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਿਉਂ ਨਹੀਂ ਕੀਤਾ ਜਾ ਰਿਹਾ? ਵਿਧਾਨਸਭਾ ਦੇ ਸੈਸ਼ਨ ਦੀ ਸ਼ੁਰੁਆਤ ਕੌਮੀ ਗੀਤ ਨਾਲ ਹੋਈ।

ਇਸ ਮੌਕੇ ਤੇ ਜੀਵਨ ਗੁਪਤਾ ਨੂੰ ਪਰੋਮੋਟਰ ਸਪੀਕਰ ਬਣਾਇਆ ਗਿਆ। ਰਜਿੰਦਰ ਬਿੱਟਾ ਨੂੰ ਸੈਕਟਰੀ (ਜਨਤਾ ਦੀ ਵਿਧਾਨ ਸਭਾ) ਬਣਾਇਆ ਗਿਆ। ਮਨੋਰੰਜਨ ਕਾਲੀਆ ਨੇ ਜਨਤਾ ਦੀ ਵਿਧਾਨ ਸਭਾ ਦੇ ਸਪੀਕਰ ਲਈ ਅਜੈਬ ਸਿੰਘ ਭੱਟੀ ਦਾ ਨਾਮ ਪੇਸ਼ ਕੀਤਾ ਅਤੇ ਇਸਦੀ ਤਾਇਦ ਰਾਣਾ ਗੁਰਜੀਤ ਸਿੰਘ ਸੋਢੀ ਨੇ ਕੀਤੀ। ਜਨਤਾ ਦੀ ਸਰਬਸੰਮਤੀ ਨਾਲ ਅਜੈਬ ਸਿੰਘ ਭੱਟੀ ਨੂੰ ਜਨਤਾ ਦੀ ਵਿਧਾਨ ਸਭਾ ਦਾ ਸਪੀਕਰ ਚੁਣਿਆ ਗਿਆ। ਇਸ ਮੌਕੇ ਤੇ ਵਿਛੜੀਆਂ ਰੂਹਾ ਨੂੰ ਸ਼ਰਧਾਂਜਲੀ ਦਿੱਤੀ ਗਈ।

ਕੁਰੱਪਸ਼ਨ ਦੇ ਮੁੱਦੇ ਤੇ ਸੁਨੀਲ ਕੁਮਾਰ ਜਾਖੜ ਵੱਲੋਂ ਮਤਾ ਪੇਸ਼ ਕੀਤਾ ਗਿਆ, ਉਹਨਾਂ ਕਿਹਾ ਕਿ ਕੱਟੜ ਇਮਾਨਦਾਰੀ ਦਾ ਕਹਾਉਣ ਵਾਲੀ ਪਾਰਟੀ ਦੀ ਭਰਿਸਟ ਸਰਕਾਰ ਦੇ ਮੰਤਰੀਆਂ ਦੇ ਭਰਿਸ਼ਟਾਚਾਰ ਦੀਆਂ ਰਿਕਾਰਡਿੰਗਜ ਜਨਤਕ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ 50% ਤੋ ਜਿਆਦਾ ਕਰੀਮੀਨਲ ਕੇਸ ਦਰਜ ਹਨ। ਕੁਰੱਪਸ਼ਨ ਦੇ ਮੁੱਦੇ ਤੇ ਬੋਲਦਿਆਂ ਫਤਹਿਜੰਗ ਸਿੰਘ ਬਾਜਵਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਵਿੱਚੋਂ ਧਨ ਇਕੱਠਾ ਕਰਕੇ ਹਿਮਾਚਲ, ਗੁਜਰਾਤ ਅਤੇ ਹਰਿਆਣਾ ਵਿਧਾਨ ਸਭਾ ਚੋਣਾਂ ਜਿੱਤਣਾ ਚਾਹੁੰਦੀ ਹੈ। ਉਹਨਾਂ ਕਿਹਾ ਕਿ ਭ੍ਰਿਸ਼ਟ ਸਰਕਾਰ ਨੇ ਜਿਸ ਮੰਤਰੀ ਨੂੰ ਭਰਿਸ਼ਟਾਚਾਰ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਸੀ, ਹੁਣ ਉਹੀ ਡਾਕਟਰ ਵਿਜੇ ਕੁਮਾਰ ਸਿੰਗਲਾ ਸਰਕਾਰ ਅਤੇ ਆਮ ਆਦਮੀ ਪਾਰਟੀ ਦੀਆਂ ਮੀਟਿੰਗਾਂ ਦਾ ਹਿੱਸਾ ਬਣ ਰਿਹਾ ਹੈ। ਤੀਕਸ਼ਨ ਸੂਦ ਨੇ ਭਾਜਪਾ ਵੱਲੋਂ ਜਨਤਾ ਦੀ ਵਿਧਾਨ ਸਭਾ ਬਲਾਉਣ ਲਈ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਧੰਨਵਾਦ ਕਰਦਿਆਂ ਕੁਰੱਪਸ਼ਨ ਦੇ ਮੁੱਦੇ ਤੇ ਸਰਕਾਰ ਨੂੰ ਦੱਬ ਕੇ ਰਗੜੇ ਲਾਏ। ਕੁਰੱਪਸ਼ਨ ਦੇ ਮੁੱਦੇ ਤੇ ਬੋਲਦਿਆਂ ਪਰਮਿੰਦਰ ਸਿੰਘ ਬਰਾੜ ਨੇ ਕਿਹਾ ਕਿ ਸਰਕਾਰ ਦੇ ਛੇ ਮਹੀਨਿਆਂ ਦੌਰਾਨ 14 MLA, ਮੰਤਰੀ ਭਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਘਿਰ ਚੁੱਕੇ ਹਨ। ਉਹਨਾਂ ਕਿਹਾ ਕਿ ਸਰਕਾਰ ਦੇ ਭਰਿਸ਼ਟਾਚਾਰ ਕਾਰਨ ਰੇਤਾ, ਬਜਰੀ ਦੀਆਂ ਕੀਮਤਾਂ ਇੰਨੀਆਂ ਵਧ ਚੁਕੀਆਂ ਹਨ ਕਿ ਪਿਛਲੇ 50 ਸਾਲਾਂ ਦਾ ਰਿਕਾਰਡ ਤੋੜ ਦਿੱਤਾ ਹੈ। ਜਨਤਾ ਦੀ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਕੁਰੱਪਸ਼ਨ ਦੇ ਮੁੱਦੇ 'ਤੇ ਪੇਸ਼ ਮਤੇ ਨੂੰ ਪਾਸ ਕੀਤਾ।

ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਦਿੱਤੀਆਂ ਗਰੰਟੀਆ ਨੂੰ ਪੂਰਾ ਨਾ ਕਰਨ ਦੇ ਸਬੰਧ ਵਿੱਚ ਮਨੋਰੰਜਨ ਕਾਲੀਆ ਨੇ ਮਤਾ ਪੇਸ਼ ਕੀਤਾ। ਉਹਨਾਂ ਕਿਹਾ ਕਿ ਆਪ ਸਰਕਾਰ ਔਰਤਾਂ ਨੂੰ 1000 ਰੁਪਏ ਪ੍ਰਤੀ ਮਹੀਨਾ ਦੇਣ ਵਿੱਚ ਅਸਫਲ ਰਹੀ ਹੈ, ਸਰਕਾਰ ਲੋਕਪਾਲ ਨਹੀਂ ਲੈ ਕੇ ਆਈ। ਇਸ ਸਰਕਾਰ ਕੋਲੋਂ ਰੇਤ ਮਾਫੀਆ, ਟਰਾਂਸਪੋਰਟ ਮਾਫੀਆ, ਸਰਾਬ ਮਾਫੀਆ ਖਤਮ ਨਹੀਂ ਕੀਤਾ ਜਾ ਸਕਿਆ। ਪ੍ਰਾਪਰਟੀ ਟੈਕਸ ਖਤਮ ਨਹੀਂ ਕੀਤਾ ਗਿਆ ਸ਼ਗੋ ਹੋਰ ਵਧਾ ਦਿੱਤਾ ਹੈ। ਕੁਰੱਪਸ਼ਨ ਦੇ ਮੁੱਦੇ ਤੇ ਬੋਲਦਿਆਂ ਜੀਵਨ ਗੁਪਤਾ ਨੇ ਕਿਹਾ ਕਿ ਸਰਕਾਰ ਨੇ ਪੰਜਾਬ ਦੇ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਉਹਨਾਂ ਮੰਗ ਕੀਤੀ ਕਿ ਜਨਤਾ ਦੀ ਵਿਧਾਨ ਸਭਾ ਹਰ ਪਿੰਡ, ਹਰ ਸ਼ਹਿਰ, ਹਰ ਗਲੀ-ਮੁਹੱਲੇ ਵਿਚ ਕੀਤੀ ਜਾਵੇ। ਉਹਨਾਂ ਕਿਹਾ ਕਿ ਕਿ ਪੰਜਾਬ ਦੇ ਹਾਲਾਤ ਬੜੇ ਚਿੰਤਾਜਨਕ ਹਨ। ਪੰਜਾਬ ਭਾਜਪਾ ਮਹਿਲਾ ਮੋਰਚਾ ਆਗੂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਖਿਲਾਫ਼ ਪੰਜਾਬ ਵਿੱਚ ਹਰ ਪਾਸੇ ਧਰਨੇ ਹੀ ਧਰਨੇ ਲੱਗੇ ਪਏ ਹਨ। ਅਰਵਿੰਦ ਖੰਨਾ ਨੇ ਵੀ ਪੰਜਾਬ ਸਰਕਾਰ ਵਲੋਂ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਾ ਕਰਨ ਤੇ ਭਗਵੰਤ ਮਾਨ ਦੀ ਘੋਰ ਨਿੰਦਾ ਕੀਤੀ। ਇਹ ਮਤਾ ਵੀ ਸਰਬਸੰਮਤੀ ਨਾਲ ਪਾਸ ਕੀਤਾ ਗਿਆ।

ਕਿਸਾਨਾਂ ਦੇ ਮੁਦਿਆਂ ਨੂੰ ਲੈਕੇ ਰਾਣਾ ਗੁਰਜੀਤ ਸਿੰਘ ਸੋਢੀ ਨੇ ਮਤਾ ਸਦਨ ਵਿੱਚ ਪੇਸ਼ ਕੀਤਾ, ਜਿਸਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ। ਉਹਨਾਂ ਕਿਹਾ ਕਿ ਸਰਕਾਰ ਨੇ ਆਪਣੇ ਵਾਅਦਿਆਂ ਅਨੁਸਾਰ ਬੰਦ ਪਈਆਂ ਸੂਗਰ ਮਿੱਲਾਂ ਨਹੀਂ ਚਲਾਈਆਂ ਅਤੇ ਸਰਕਾਰ ਇਹਨਾਂ ਮਿੱਲਾਂ ਨੂੰ ਵੇਚਣਾ ਚਾਹੁੰਦੀ ਹੈ, ਪਰ ਪੰਜਾਬ ਭਾਜਪਾ ਅਜਿਹਾ ਨਹੀਂ ਹੋਣ ਦੇਵੇਗੀ। ਉਹਨਾਂ ਸਵਾਲ ਕੀਤਾ ਕਿ ਪੰਜਾਬ ਸਰਕਾਰ ਕਿਸਾਨਾਂ ਨੂੰ ਹੋਏ ਨੁਕਸਾਨ ਦੇ ਮੁਆਵਜ਼ੇ ਕਿਉਂ ਨਹੀਂ ਦੇ ਰਹੀ। ਇਸ ਮੁੱਦੇ ਤੇ ਬੋਲਦਿਆਂ ਸੁਰਜੀਤ ਕੁਮਾਰ ਜਿਆਨੀ ਨੇ ਕਿਹਾ ਕਿ ਨਕਲੀ ਬੀਜਾਂ ਅਤੇ ਕੀੜੇਮਾਰ ਦਵਾਈਆਂ ਨੇ ਕਿਸਾਨਾਂ ਦਾ ਬਹੁਤ ਨੁਕਸਾਨ ਕੀਤਾ ਹੈ। ਉਹਨਾਂ ਕਿਹਾ ਕਿ ਪਟਵਾਰ ਖਾਨਿਆਂ ਅਤੇ ਤਹਿਸੀਲਾਂ ਵਿੱਚ ਕਿਸਾਨਾਂ ਦੇ ਕੰਮ ਨਹੀਂ ਹੋ ਰਹੇ। ਨਹਿਰਾਂ, ਖਾਲਾਂ ਆਦਿ ਦੀ ਰਿਪੇਅਰ ਨਹੀਂ ਹੋ ਰਹੀ। ਕਿਸਾਨਾਂ ਦੇ ਮੁੱਦਿਆਂ ਤੇ ਬੋਲਦਿਆਂ ਦਿਆਲ ਸੋਢੀ ਨੇ ਕਿਹਾ ਕਿ ਇਸ ਆਮ ਆਦਮੀ ਪਾਰਟੀ ਨੇ ਵਾਅਦਾ ਕੀਤਾ ਸੀ ਕਿ ਸਾਡੀ ਸਰਕਾਰ ਬਨਣ ਤੇ ਕੋਈ ਕਿਸਾਨ ਖੁਦਕੁਸ਼ੀ ਨਹੀਂ ਕਰੇਗਾ, ਜੇਕਰ ਕੋਈ ਕਿਸਾਨ ਖੁਦਕੁਸ਼ੀ ਕਰੇਗਾ ਤਾਂ ਸਰਕਾਰ 10 ਲੱਖ ਰੁਪਏ ਅਤੇ ਸਰਕਾਰੀ ਨੌਕਰੀ ਦੇਵੇਗੀ। ਪਰ ਇਹ ਵਾਅਦਾ ਵੀ ਭਗਵੰਤ ਮਾਨ ਸਰਕਾਰ ਨੇ ਪੂਰਾ ਨਹੀਂ ਕੀਤਾ।

ਡਰੱਗਜ਼ ਦੇ ਮੁੱਦੇ ਨੂੰ ਲੈਕੇ ਡਾਕਟਰ ਸੁਭਾਸ਼ ਸ਼ਰਮਾ ਵੱਲੋਂ ਮਤਾ ਪੇਸ਼ ਕੀਤਾ ਗਿਆ। ਉਹਨਾਂ ਕਿਹਾ ਕਿ ਨਸ਼ਿਆਂ ਦਾ ਮੁੱਦਾ ਬਹੁਤ ਗੰਭੀਰ ਮਸਲਾ ਹੈ ਅਤੇ ਇਹ ਪੰਜਾਬ ਦੇ ਭਵਿੱਖ ਨਾਲ ਜੁੜਿਆ ਹੋਇਆ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਵਾਅਦੇ ਅਨੁਸਾਰ ਪੰਜਾਬ ਵਿੱਚੋ ਨਸਾਂ ਖਤਮ ਨਹੀਂ ਕੀਤਾ। ਉਹਨਾਂ ਕਿਹਾ ਕਿ ਪੰਜਾਬ ਹੁਣ ਨਸਿਆਂ ਲਈ ਜਾਣਿਆ ਜਾਂਦਾ ਹੈ। ਨੌਜਵਾਨ ਮੁੰਡਿਆ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਡੀਆਂ ਲੜਕੀਆਂ ਵੀ ਨਸਿਆਂ ਦੀ ਦਲਦਲ ਵਿੱਚ ਫਸ ਚੁਕੀਆਂ ਹਨ। ਉਹਨਾਂ ਕਿਹਾ ਕਿ ਨਸਿਆਂ ਨਾਲ ਪਿਛਲੇ ਤਿੰਨ ਮਹੀਨਿਆਂ ਵਿੱਚ 99 'ਤੋਂ ਵਧ ਮੌਤਾਂ ਹੋ ਚੁੱਕੀਆਂ ਹਨ, ਜੋ ਕਿ ਬਹੁਤ ਮੰਦਭਾਗਾ ਹੈ। ਵਿਧਾਇਕਾ ਸੀਮਾ ਕੁਮਾਰੀ ਅਤੇ ਜੱਸੀ ਜਸਰਾਜ ਨੇ ਵੀ ਨਸ਼ਿਆਂ ਦੇ ਮੁੱਦੇ ਤੇ ਸਰਕਾਰ ਨੂੰ ਦੱਬ ਕੇ ਰਗੜੇ ਲਾਏ।

ਦਲਿਤਾਂ ਅਤੇ ਪਿਛੜੇ ਵਰਗ ਦੇ ਮੁਦਿਆਂ ਨੂੰ ਲੈਕੇ ਸਦਨ ਵਿੱਚ ਡਾਕਟਰ ਰਾਜ ਕੁਮਾਰ ਵੇਰਕਾ ਵੱਲੋਂ ਮਤਾ ਪੇਸ਼ ਕੀਤਾ ਗਿਆ। ਉਹਨਾਂ ਕਿਹਾ ਕਿ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਦਲਿਤਾਂ ਅਤੇ ਪਿਛੜੇ ਵਰਗ ਲਈ ਕੁਝ ਨਹੀਂ ਕੀਤਾ। ਸਾਰੀਆਂ ਸਕੀਮਾਂ ਬੰਦ ਕਰ ਦਿਤੀਆਂ ਹਨ। ਦਲਿਤਾਂ ਦੇ ਬੱਚਿਆ ਨੂੰ ਵਜੀਫੇ ਨਹੀਂ ਮਿਲ ਰਹੇ ਹਨ, ਪੰਜਾਬ ਵਿੱਚ ਐਮਰਜੈਂਸੀ ਵਰਗੇ ਹਾਲਾਤ ਹਨ। ਰੇਤੇ-ਬਜਰੀ ਦੇ ਰੇਟ ਵਧਣ ਕਾਰਨ ਪੰਜਾਬ 'ਚ ਕੰਮ ਬੰਦ ਹੋ ਰਹੇ ਹਨੀ ਪੰਜਾਬ ਦੇ ਮਜ਼ਦੂਰਾਂ ਨੂੰ ਕੰਮ ਲਈ ਪੰਜਾਬ ਤੋਂ ਬਾਹਰ ਜਾਣਾ ਪੈ ਰਿਹਾ ਹੈ।

ਰਾਜੇਸ਼ ਬਾਘਾ ਨੇ ਕਿਹਾ ਕਿ ਦਲਿਤ (ਐਸਸੀ) ਭਾਈਚਾਰਾ ਸਭ ਤੋਂ ਵੱਧ ਪੰਜਾਬ ਵਿੱਚ ਹੈ। ਪਰ ਮੌਜੂਦਾ ਪੰਜਾਬ ਸਰਕਾਰ ਇਸ ਭਾਈਚਾਰੇ ਦੀਆਂ ਸਮੱਸਿਆਵਾਂ ਵੱਲ ਧਿਆਨ ਨਹੀਂ ਦੇ ਰਹੀ। ਮਨਦੀਪ ਸਿੰਘ ਮੰਨਾ, ਗੇਜਾ ਰਾਮ ਵਾਲਮੀਕੀ ਨੇ ਵੀ ਦਲਿਤਾਂ ਅਤੇ ਪਿਛੜੇ ਵਰਗਾਂ ਦੀਆਂ ਸਮੱਸਿਆਵਾਂ ਵੱਲ ਧਿਆਨ ਨਾ ਦੇਣ ਤੇ ਪੰਜਾਬ ਸਰਕਾਰ ਦੀ ਘੋਰ ਨਿੰਦਾ ਕੀਤੀ। ਇਸ ਮੁੱਦੇ ਤੇ ਬੋਲਦਿਆਂ ਸਿਵਰਾਜ ਚੌਧਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਓਬੀਸੀ ਭਾਈਚਾਰੇ ਲਈ 27% ਰਾਖਵੇਂਕਰਨ ਨੂੰ ਲਾਗੂ ਕੀਤਾ ਹੈ, ਪਰ ਪੰਜਾਬ ਸਰਕਾਰ ਨੇ ਕੁਝ ਨਹੀਂ ਕੀਤਾ।

ਪੰਜਾਬ ਵਿੱਚ ਕਾਨੂੰਨ-ਵਿਵਸਥਾ ਦੇ ਮੁੱਦੇ ਤੇ ਮਤਾ ਅਨਿਲ ਸਾਰੀਨ ਨੇ ਲਿਆਦਾ, ਜਿਸ ਨੂੰ ਸਰਬਸੰਮਤੀ ਨਾਲ ਪ੍ਰਵਾਨ ਕਰ ਲਿਆ। ਉਹਨਾਂ ਕਿਹਾ ਕਿ ਕਿ ਪੰਜਾਬ ਸਰਕਾਰ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨ ਵਿੱਚ ਪੂਰੀ ਤਰਾਂ ਨਾਲ ਨਾਕਾਮ ਰਹੀ ਹੈ।

ਖੇਡਾਂ ਦੇ ਮੈਦਾਨਾਂ ਵਿਚ ਖਿਡਾਰੀਆਂ ਨੂੰ ਗੋਲੀਆਂ ਮਾਰ ਕੇ ਕਤਲ ਕੀਤਾ ਜਾ ਰਿਹਾ ਹੈ। ਸੁਭਦੀਪ ਸਿੰਘ ਸਿੱਧੂ ਮੂਸੇਵਾਲੇ ਵਾਲੇ ਨੂੰ ਸ਼ਰੇਆਮ ਗੋਲੀਆਂ ਮਾਰ ਕੇ ਕਤਲ ਕੀਤਾ ਗਿਆ। ਪੰਜਾਬ ਵਿੱਚ ਸ਼ਰੇਆਮ ਫਿਰੌਤੀਆ ਮੰਗੀਆਂ ਜਾ ਰਹੀਆਂ ਹਨ। ਆਮ ਆਦਮੀ ਪਾਰਟੀ ਦੇ 52 ਵਿਧਾਇਕਾਂ ਤੇ ਕਰੀਮੀਨਲ ਕੇਸ ਦਰਜ ਹਨ। ਇਸ ਮੁੱਦੇ ਤੇ ਐਸਐਸ ਚੰਨੀ ਨੇ ਵੀ ਸਰਕਾਰ ਨੂੰ ਆੜੇ ਹੱਥੀਂ ਲਿਆ।

ਸੰਜੀਵ ਵਸ਼ਿਸ਼ਟ ਨੇ ਮੋਹਾਲੀ ਏਅਰਪੋਰਟ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਮ 'ਤੇ ਰੱਖਣ ਲਈ ਮਾਨਯੋਗ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦਾ ਧੰਨਵਾਦ ਕੀਤਾ।

ਅੰਤ ਵਿੱਚ ਪੰਜਾਬ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਜਨਤਾ ਦੀ ਵਿਧਾਨ ਸਭਾ ਦੇ ਸਪੀਕਰ ਅਜੈਬ ਸਿੰਘ ਭੱਟੀ ਦਾ ਸੰਜੀਦਗੀ ਨਾਲ ਸਦਨ ਚਲਾਉਣ ਲਈ ਅਤੇ ਹਾਜਰ ਸਾਰੇ ਪਤਵੰਤੇ ਸੱਜਣਾਂ ਡਾ ਧੰਨਵਾਦ ਕੀਤਾ ਅਤੇ ਪੰਜਾਬ ਸਰਕਾਰ ਨੂੰ ਇਸ ਸੈਸ਼ਨ ਤੋ ਸਿਖਣ ਲਈ ਕਿਹਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਬੀਜੇਪੀ ਤੋਂ ਡਰੀ ਹੋਈ ਹੈਂ ਬੀਜੇਪੀ ਦੇ ਮੈਂਬਰਾਂ ਨੂੰ ਬਿਜਨਸ਼ ਅਡਵਾਇਜਰੀ ਵਿੱਚ ਨਹੀਂ ਲਿਆ। ਉਹਨਾਂ ਕਿਹਾ ਕਿ ਕਿ ਇਹ ਸਰਕਾਰ ਹੰਕਾਰ ਨਾਲ ਭਰੀ ਹੋਈ ਹੈ। ਉਹਨਾਂ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਲੋਕਤੰਤਰ ਨੂੰ ਤਾਰ-ਤਾਰ ਕਰ ਰਹੀ ਹੈ। ਉਹਨਾਂ ਕਿਹਾ ਕਿ ਭਾਜਪਾ ਸਰਕਾਰ ਨੂੰ ਸੌਣ ਨਹੀਂ ਦੇਵੇਗੀ।

ਪੰਜਾਬ ਦੇ ਲੋਕਾਂ ਦੇ ਮੁੱਦਿਆਂ ਨੂੰ ਚੁੱਕਦੀ ਰਹੇਗੀ। ਸ਼ਰਮਾ ਨੇ ਪੰਜਾਬ, ਪੰਜਾਬੀਅਤ ਅਤੇ ਪੰਜਾਬ ਦੇ ਲੋਕਾਂ ਦੇ ਹਿੱਤ ਵਿੱਚ ਪੰਜਾਬ ਦੀ ਨਿਕੰਮੀ, ਭ੍ਰਿਸ਼ਟ ਅਤੇ ਬੇਈਮਾਨ ਸਰਕਾਰ ਵਿਰੁੱਧ ਸਾਰਿਆਂ ਨੂੰ ਇਕੱਠੇ ਹੋ ਕੇ ਸੰਘਰਸ਼ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਕੇਵਲ ਸਿੰਘ ਢਿੱਲੋਂ, ਰਜਿੰਦਰ ਮੋਹਨ ਸਿੰਘ ਛੀਨਾ, ਹਰਜਿੰਦਰ ਸਿੰਘ ਠੇਕੇਦਾਰ ਆਦਿ ਹਾਜ਼ਰ ਸਨ।




# ਆਦਿ ਧਰਮੀ ਸਤਿਗੁਰੂ ਸਾਹਿਬਾਨਾਂ ਅਤੇ ਰਹਿਬਰਾਂ ਦੀ ਸਾਂਝੀ ਯਾਦਗਾਰ ਬਣਾਉਣ ਦੀ ਅਪੀਲ

ਵਿਸ਼ਵ ਆਦਿ ਧਰਮ ਸੰਮੇਲਨ ਜੋ ਕਿ 01 ਅਕਤੂਬਰ 022 ਨੂੰ ਸ਼੍ਰੋਮਣੀ ਸ੍ਰੀ ਗੁਰੂ ਰਵਿਦਾਸ ਮੰਦਰ ਚੱਕ ਹਕੀਮ ਫਗਵਾੜਾ ਵਿਖੇ ਕਰਵਾਇਆ ਜਾ ਰਿਹਾ ਹੈ ਇਹ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਦੇ ਪ੍ਰਬੰਧਕਾਂ ਨੂੰ ਮੈਂ ਇਸ ਮਹਾਨ ਸਮਾਗਮ ਦੀ ਵਧਾਈ ਦਿੰਦਾ ਹਾਂ।

ਆਜ਼ਾਦੀ ਤੋਂ ਪਹਿਲਾਂ ਭਾਰਤ ਦੇ ਵੱਖ-ਵੱਖ ਸੂਬਿਆਂ ਵਿਚ ਮੂਲਵਾਸੀ, ਆਦਿਵਾਸੀ, ਆਦਿ ਧਰਮੀ ਅਤੇ ਹੋਰ ਵੱਖ-ਵੱਖ ਨਾਵਾਂ ਤੋਂ ਚਲਾਏ ਅੰਦੋਲਨ ਅੱਜ ਵੀ ਵੱਡੀ ਗਿਣਤੀ ਵਿਚ ਸੰਗਠਿਤ ਹੋ ਕੇ ਆਪਣੇ ਹੱਕ ਹਕੂਕ ਦੀ ਲੜਾਈ ਲੜ ਰਹੇ ਹਨ। ਪ੍ਰੰਤੂ ਆਦਿਵਾਸੀ ਭਾਰਤੀਆਂ ਦਾ ਦੁਸ਼ਮਨ ਬੜਾ ਸ਼ਾਤਰ ਦਿਮਾਗ ਅਤੇ ਚਲਾਕ ਹੈ। ਉਹ ਇਹਨਾਂ ਲੋਕਾਂ ਨੂੰ ਹਮੇਸ਼ਾਂ ਆਪਸ ਵਿੱਚ ਲੜਾ ਕੇ ਉਲਝਾ ਕੇ ਰੱਖਣਾ ਚਾਹੁੰਦਾ ਹੈ। ਆਦਿ ਧਰਮੀ ਸਤਿਗੁਰੂ ਸਾਹਿਬਾਨ ਜਿਨ੍ਹਾਂ ਵਿੱਚ ਭਗਵਾਨ ਮਹਾਂਰਿਸ਼ੀ ਬਾਲਮੀਕ ਸਤਿਗੁਰੂ ਨਾਮਦੇਵ, ਸਤਿਗੁਰੂ ਰਵਿਦਾਸ, ਸਤਿਗੁਰੂ ਕਬੀਰ ਜੀ ਅਤੇ ਹੋਰ ਸਤਿਗੁਰੂ ਸਾਹਿਬਾਨ ਜਿਨ੍ਹਾਂ ਦੀ ਵਿਚਾਰਧਾਰਾ ਦਾ ਸੰਕਲਪ ਬੇਗਮਪੁਰਾ ਰਾਜ ਦੀ ਸਥਾਪਨਾ ਹੈ, ਇਹ ਸਾਰੇ ਰਹਿਬਰ ਇਸ ਸਮਾਜ ਦੇ ਲੋਕਾਂ ਲਈ ਆਦਰਸ਼ ਹਨ ਅਤੇ ਲਈ ਪੂਜਨੀਕ ਹਨ। ਇਹ ਬੇਗਮਪੁਰਾ ਰਾਜ ਦੀ ਵਿਚਾਰਧਾਰਾ ਜਿਸ ਵਿਚ ਸਾਂਝੀਵਾਲਤਾ ਸਮਾਨਤਾ ਸੁਤੰਤਰਤਾ ਦੇ ਆਧਾਰਿਤ ਹੈ। ਇਸ ਵਿਚਾਰਧਾਰਾ ਦੇ ਮੁੱਖ ਵਿਰੋਧੀ, ਦੁਸ਼ਮਣ ਨੇ ਇਸ ਨੂੰ ਖੁੰਡਾ ਕਰ ਕੇ ਇਸ ਵਿਚ ਭਾਰੀ ਫੇਰਬਦਲ ਕੀਤਾ ਜਿਸ ਦੇ ਨਤੀਜੇ ਵਜੋਂ ਸਾਡੇ ਸਮਾਜ ਦਾ ਵੱਡਾ ਹਿੱਸਾ ਇਨ੍ਹਾਂ ਮਹਾਨ ਰਹਿਬਰਾਂ ਨੂੰ ਮਨੂੰਵਾਦੀ ਨਜਰੀਏ ਨਾਲ ਪੂਜਦਾ ਰਿਹਾ ਹੈ। ਅੱਜ ਜਦੋਂ ਵੀਹਵੀਂ ਇੱਕੀਵੀਂ ਸਦੀ ਵਿਚ ਆਦਿਵਾਸੀ ਸਮਾਜ ਦੇ ਵਿਦਵਾਨਾਂ ਦੀ ਮਿਹਨਤ ਮੁਸ਼ੱਕਤ ਭਰੀ ਡੂੰਘੀ ਖੋਜ ਦੁਆਰਾ ਇਹ ਸਮਾਜ ਇਨ੍ਹਾਂ ਰਹਿਬਰਾਂ ਦੀ ਅਸਲੀ ਵਿਚਾਰਧਾਰਾ ਤੋਂ ਜਾਣੂ ਹੋ ਕੇ ਇਨ੍ਹਾਂ ਦੇ ਮਾਰਗ ਉਤੇ ਤੁਰਨ ਲੱਗਾ ਤਾਂ ਇਸ ਸਮਾਜ ਵਿੱਚੋਂ ਹੀ ਪੈਦਾ ਹੋਏ ਕੁਝ ਲੋਕਾਂ ਨੇ ਇਨ੍ਹਾਂ ਆਦਿ ਧਰਮੀ ਰਹਿਬਰਾਂ ਦੀ ਵਿਚਾਰਧਾਰਾ ਨੂੰ ਖ਼ਤਮ ਕਰਨ ਦਾ ਬੀੜਾ ਚੁੱਕਆ ਹੋਇਆ ਹੈ। ਅੱਜ ਜ਼ਰੂਰਤ ਤਾਂ ਇਸ ਗੱਲ ਦੀ ਸੀ ਕਿ ਇਨ੍ਹਾਂ ਰਹਿਬਰਾਂ ਦੇ ਵੰਸ਼ਜ ਅਤੇ ਅਨੁਆਈਆਂ ਨੂੰ ਇਕੱਤਰ ਕਰਕੇ ਮੂਲਵਾਸੀਆਂ ਦਾ ਰਾਜ ਜਾਂ ਬੇਗਮਪੁਰਾ ਰਾਜ ਦੀ ਸਥਾਪਨਾ ਕੀਤੀ ਜਾਂਦੀ ਪਰ ਇਨ੍ਹਾਂ ਲੋਕਾਂ ਨੇ ਰਾਜ ਭਾਗ ਲੈਣ ਦੀ ਬਜਾਏ ਇਕ ਖਾਸ ਧਰਮ ਨੂੰ ਪ੍ਰਫੁੱਲਤ ਕਰਨ ਵੱਲ ਵਧੇਰੇ ਧਿਆਨ ਦਿੱਤਾ। ਜਿਸ ਕਰਕੇ ਇਹ ਸਮਾਜ ਹੁਣ ਆਪਸ ਵਿੱਚ ਹੀ ਉਲਝ ਕੇ ਖੇਰੂੰ-ਖੇਰੂੰ ਹੋਇਆ ਪਿਆ ਹੈ। ਬਾਬਾ ਸਾਹਿਬ ਡਾ। ਭੀਮ ਰਾਓ ਅੰਬੇਡਕਰ ਜੀ ਸਤਿਗੁਰੂ ਕਬੀਰ ਜੀ ਨੂੰ ਆਪਣਾ ਗੁਰੂ ਮੰਨਦੇ ਸਨ ਅਤੇ ਉਨ੍ਹਾਂ ਨੇ ਆਪਣੀ ਪੁਸਤਕ "ਅਛੂਤ ਕੌਣ ਅਤੇ ਕਿਵੇਂ" ਸਤਿਗੁਰੂ ਰਵਿਦਾਸ ਜੀ, ਅਨਟ ਛਹੋਕਹਅਂ ਇਲਅ ਝਿ ਅਨਦ ਅਨਟ ਅਨਦਨਅਰ ਝਿ ਨੂੰ ਸਮਰਪਿਤ ਕੀਤੀ। ਬਾਬਾ ਸਾਹਿਬ ਵਲੋਂ ਐਨਾ ਸਨਮਾਨ ਦੇਣ ਦੇ

## ਨਾਮ ਮੰਗੂ ਰਾਮ ਜੀ ਦਾ ਭੁੱਲਣਾ ਨਹੀਂ ਚਾਹੀਦਾ



**World Ad-Dharm Conference, Chak Hakim (Phagwara)**

Ambedkar Times and Desh Doaba Weeklies forum congratulate the esteemed organisers (Harbans Singh Heera, Nirmal Dass Mahey Sagarpuria, and H.P. Randhawa) of World Ad-Dharm Conference to be held at Shiromani Shri Guru Ravidass Mandir, Chak Hakim (Phagwara) Punjab on Saturday, October 1, 2022. The forum reproduces an article on Babu Mangu Ram Mugowalia authored by Late Sh. C. L. Chumber. Ad Dharm movement under the charismatic leadership of Babu Mangu Ram Mugowalia played a significant role in generating social and political consciousness among the Mulniwasis. Our best wishes for the grand success of this great endeavor by the honorable organisers.

***Prem Kumar Chumber (Editor-in-Chief)***
Ambedkar Times & Desh Doaba Weeklies (California) USA

ਬਾਵਜੂਦ ਅੱਜ ਇਨ੍ਹਾਂ ਰਹਿਬਰਾਂ ਦੀ ਵਿਚਾਰਧਾਰਾ ਨੂੰ ਰਲ ਗੱਡ ਯਤਨ ਕਿਉਂ ਹੋ ਰਿਹਾ ਹੈ?

ਸੋ ਇਨ੍ਹਾਂ ਰਹਿਬਰਾਂ ਦੀ ਅਸਲੀ ਵਿਚਾਰਧਾਰਾ ਨੂੰ ਪਹਿਲਾਂ ਆਪ ਗ੍ਰਹਿਣ ਕਰਨਾ ਚਾਹੀਦਾ ਹੈ ਅਤੇ ਫਿਰ ਇਸ ਨੂੰ ਜਨ-ਜਨ ਤੱਕ ਪਹੁੰਚਾਉਣ ਦਾ ਉਪਰਾਲਾ ਹੋਣਾ ਚਾਹੀਦਾ ਹੈ। ਇਹੋ ਜਿਹੀਆਂ ਕਾਨਫ਼ਰੰਸਾਂ ਕਰਨਾ ਬਹੁਤ ਵਧੀਆ ਉਪਰਾਲਾ ਹੈ। ਮੇਰਾ ਸੁਝਾਅ ਹੈ ਕਿ ਇਨ੍ਹਾਂ ਰਹਿਬਰਾਂ ਦੀ ਵਿਚਾਰਧਾਰਾ ਦੇ ਪ੍ਰਚਾਰ ਲਈ ਜਲੰਧਰ ਤੋਂ ਪਠਾਨਕੋਟ ਜੀ ਟੀ ਰੋਡ ਉਪਰ ਜਲੰਧਰ ਦੇ ਨਜ਼ਦੀਕ ਕੋਈ ਵਿਸ਼ੇਸ਼ ਯਾਦਗਾਰ ਬਣਾਈ ਜਾਵੇ, ਜਿਹੜੀ ਕਿ ਨਿਰੋਲ ਧਾਰਮਿਕ ਨਾ ਹੋ ਕੇ ਸਗੋਂ ਭਾਈਚਾਰਕ ਸਾਂਝੀਵਾਲਤਾ ਅਤੇ ਲੋਕ ਸੇਵਾ ਨੂੰ ਸਮਰਪਿਤ ਹੋਵੇ ਅਤੇ ਇਕ ਟੂਰਿਜ਼ਮ ਪਲੇਸ ਵਾਂਗ ਲੋਕਾਂ ਲਈ ਖਿਚ ਦਾ ਕੇਂਦਰ ਬਣੇ। ਇੱਥੇ ਇਨ੍ਹਾਂ ਸਤਿਗੁਰੂ ਸਹਿਬਾਨਾਂ ਅਤੇ ਰਹਿਬਰਾਂ ਦੀ ਯਾਦ ਨੂੰ ਦਰਸਾਉਂਦਾ ਕੋਈ ਵੱਡਾ ਚਿੰਨ੍ਹ ਲੱਗਾ ਹੋਵੇ ਜਾਂ ਇਨ੍ਹਾਂ ਦੇ ਸਟੈਚੂ ਲੱਗੇ ਹੋਣ ਜਿਹੜੇ ਜੀ ਟੀ ਰੋਡ ਉਪਰੋਂ ਲੰਘ ਰਹੇ ਯਾਤਰੀਆਂ ਨੂੰ ਸਾਫ਼ ਦਿਖਾਈ ਦੇਣ। ਇਸ ਯਾਦਗਾਰ ਤੇ ਜੀ ਟੀ ਰੋਡ ਤੋਂ ਲੰਘ ਰਹੇ ਯਾਤਰੂਆਂ ਦੇ ਆਰਾਮ ਕਰਨ ਲਈ ਜਗ੍ਹਾ, ਰਹਿਣ ਦਾ ਪ੍ਰਬੰਧ ਅਤੇ ਚਾਹ ਪਾਣੀ ਦੀ ਸਹੂਲਤ ਵੀ ਹੋਵੇ। ਇੱਥੇ ਡਿਜੀਟਲ ਲਾਇਬਰੇਰੀ, ਖੋਜ ਕੇਂਦਰ ਅਤੇ ਕਾਨਫਰੰਸ ਹਾਲ ਵੀ ਬਣਿਆ ਹੋਵੇ।

ਇੱਥੇ ਆਦਿਵਾਸੀਆਂ ਦੀ ਇਤਿਹਾਸ ਨੂੰ ਦਰਸਾਉਂਦਾ ਮਿਊਜ਼ੀਅਮ ਵੀ ਹੋਵੇ ਅਤੇ ਪਾਰਕ ਵੀ ਬਣਿਆ ਹੋਵੇ। ਇਸ ਤਰ੍ਹਾਂ ਇਹ ਅਸਥਾਨ ਜਿੱਥੇ ਸਾਡੇ ਰਹਿਬਰਾਂ ਅਤੇ ਆਦਿਵਾਸੀਆਂ ਦੇ ਇਤਿਹਾਸ ਨੂੰ ਦਰਸਾਏਗਾ ਉਥੇ ਆਉਣ ਜਾਣ ਵਾਲੇ ਯਾਤਰੀਆਂ ਲਈ ਸਹੂਲਤ ਦਾ ਸਾਧਨ ਵੀ ਬਣੇਗਾ। ਜੇਕਰ ਆਪ ਜੀ ਨੂੰ ਇਹ ਸੁਝਾਅ ਸਹੀ ਲੱਗੇ ਤਾਂ ਇਸ ਨੂੰ ਅਮਲ ਵਿੱਚ ਲਿਆਉਣ ਲਈ ਜ਼ਰੂਰ ਸੁਹਿਰਦ ਯਤਨ ਕੀਤੇ ਜਾਣ।

ਬੜੀ ਖੁਸ਼ੀ ਦੀ ਗੱਲ ਹੈ ਕਿ ਅਮਰੀਕਾ ਤੋਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਸੰਪਾਦਕ ਦੇਸ ਦੁਆਬਾ ਅਤੇ ਅੰਬੇਦਕਰ ਟਾਈਮਜ਼ ਵੱਲੋਂ "ਵਿਸ਼ਵ ਆਦਿ ਧਰਮ ਸੰਮੇਲਨ" ਮੌਕੇ ਆਦਿ ਧਰਮ ਦੇ ਬਾਨੀ ਗਦਰੀ ਬਾਬਾ ਮੰਗੂ ਰਾਮ ਮੂਗੋਵਾਲੀਆ ਜੀ ਦੇ ਜੀਵਨ ਅਤੇ ਕਾਰਜਾਂ ਨੂੰ ਦਰਸਾਉਂਦੀ ਪੁਸਤਕ ਪ੍ਰਕਾਸ਼ਿਤ ਕਰਵਾ ਕੇ ਮੁਫ਼ਤ ਪ੍ਰਦਾਨ ਕੀਤੀ ਜਾ ਰਹੀ ਹੈ। ਇਸ ਤੇ ਉਹ ਵਧਾਈ ਦੇ ਪਾਤਰ ਹਨ। ਇਹ ਪੁਸਤਕ ਹੇਠ ਲਿਖੇ ਪਤੇ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

**ਨਿਵੇਦਕ**

**ਚਰਨਜੀਤ ਸਿੰਘ ਬਿਨਪਾਲਕੇ ਜਨਰਲ ਸਕੱਤਰ**
**ਸ੍ਰੀ ਗੁਰੂ ਰਵਿਦਾਸ ਮਿਸ਼ਨ ਪ੍ਰਚਾਰ ਸੰਸਥਾ ਪੰਜਾਬ ਰਜਿ।**
**ਮੁੱਖ ਦਫ਼ਤਰ ਪਿੰਡ ਬਿਨਪਾਲਕੇ ਭੋਗਪੁਰ ਜ਼ਿਲ੍ਹਾ ਜਲੰਧਰ**
**ਮੋਬਾਇਲ 98722-42944**

# ਸਾਬਕਾ ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ ਨੇ ਬਣਾਈ ਨਵੀਂ ਪਾਰਟੀ

**ਜੰਮੂ–** ਸਾਬਕਾ ਕਾਂਗਰਸ ਆਗੂ ਗੁਲਾਮ ਨਬੀ ਆਜ਼ਾਦ ਨੇ ਅੱਜ ਆਪਣੇ ਨਵੇਂ ਸਿਆਸੀ ਸੰਗਠਨ 'ਡੈਮੋਕਰੈਟਿਕ ਆਜ਼ਾਦ ਪਾਰਟੀ' ਦਾ ਐਲਾਨ ਕਰਦਿਆਂ ਕਿਹਾ ਕਿ ਉਹ ਜੰਮੂ ਕਸ਼ਮੀਰ ਵਿੱਚ ਧਾਰਾ 370 ਦੀ ਬਹਾਲੀ ਨੂੰ ਚੋਣ ਮੁੱਦਾ ਨਹੀਂ ਬਣਾਉਣਗੇ। ਆਜ਼ਾਦ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਧਰਮ-ਨਿਰਪੱਖ ਤੇ ਜਮਹੂਰੀ ਰਹੇਗੀ ਅਤੇ ਕਿਸੇ ਵੀ ਪ੍ਰਭਾਵ ਤੋਂ ਆਜ਼ਾਦ ਹੋਵੇਗੀ। ਆਜ਼ਾਦ ਨੇ ਕਿਹਾ ਕਿ ਸੜਕਾਂ, ਪਾਣੀ ਦੀ ਸਪਲਾਈ ਤੇ ਮਹਿੰਗਾਈ ਜਿਹੇ ਮੁੱਦੇ ਚੋਣਾਂ ਲਈ ਹੁੰਦੇ ਹਨ। ਆਜ਼ਾਦ ਨੇ ਇਸ ਮੌਕੇ ਪਾਰਟੀ ਦਾ ਝੰਡਾ ਵੀ ਲਾਂਚ ਕੀਤਾ ਜਿਸ ਵਿੱਚ ਪੀਲਾ, ਸਫੈਦ ਅਤੇ ਨੀਲਾ ਤਿੰਨ ਰੰਗ ਹਨ। ਆਜ਼ਾਦ ਨੇ ਕਸ਼ਮੀਰ 'ਤੇ ਕੇਂਦਰਿਤ ਪਾਰਟੀਆਂ, ਖਾਸ ਕਰਕੇ ਪੀਡੀਪੀ ਜਿਸ ਨੇ ਧਾਰਾ 370 ਬਾਰੇ ਉਨ੍ਹਾਂ ਦੇ ਬਿਆਨ ਦੀ ਨੁਕਤਾਚੀਨੀ ਕੀਤੀ ਸੀ, ਬਾਰੇ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਕਿਹਾ, ''ਤੁਸੀਂ ਜਾ ਕੇ ਸੰਸਦੀ ਰਿਕਾਰਡ ਚੈੱਕ ਕਰੋ ਕਿ ਧਾਰਾ 370 ਬਾਰੇ ਕੌਣ ਬੋਲਿਆ ਹੈ, ਕੌਣ ਨਹੀਂ। ਕਿਸੇ ਦੇ ਨਾਂ 'ਤੇ ਸੰਸਦ ਦਾ ਰਿਕਾਰਡ ਹਾਸਲ ਕੀਤਾ ਜਾ ਸਕਦਾ ਹੈ। ਪਰ ਸਾਫ਼ ਕਰ ਦਿਆਂ ਕਿ ਮੈਂ ਅਜਿਹੇ ਮੁੱਦਿਆਂ ਨੂੰ ਚੋਣਾਂ ਲਈ ਨਹੀਂ



ਵਰਤਦਾ।'' ਉਨ੍ਹਾਂ ਕਿਹਾ ਕਿ ਡੀਏਪੀ ਦਾ ਕਿਸੇ ਵੀ ਹੋਰ ਸਿਆਸੀ ਪਾਰਟੀ ਨਾਲ 'ਕੋਈ ਮੁਕਾਬਲਾ' ਨਹੀਂ ਹੋਵੇਗਾ ਤੇ ਇਸ ਦਾ ਇਕੋ-ਇਕ ਮਕਸਦ ਜੰਮੂ ਕਸ਼ਮੀਰ ਵਿੱਚ ਅਮਨ ਤੇ ਸ਼ਾਂਤੀ ਨੂੰ ਮਜ਼ਬੂਤ ਕਰਨਾ ਤੇ ਹਾਲਾਤ ਆਮ ਵਾਂਗ ਕਰਨਾ ਹੋਵੇਗਾ। ਆਜ਼ਾਦ ਨੇ ਕਿਹਾ ਕਿ ਉਨ੍ਹਾਂ ਕਦੇ ਨਹੀਂ ਕਿਹਾ ਕਿ ਧਾਰਾ 370 ਦੀ ਬਹਾਲੀ ਸੰਭਵ ਨਹੀਂ ਸੀ। ਉਨ੍ਹਾਂ ਕਿਹਾ, ''ਮੈਂ ਸਿਰਫ਼ ਇਹੀ ਕਿਹਾ ਸੀ ਕਿ ਮੈਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਨੂੰ ਮਨਾਉਣ ਵਿੱਚ ਨਾਕਾਮ ਰਿਹਾ।

ਜੇਕਰ ਕੋਈ ਮੋਦੀ ਜੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਮਨਾ ਲਵੇ ਤਾਂ ਉਹ ਕਰ ਦੇਣਗੇ। ਇਹ ਸਵਾਗਤਯੋਗ ਕਦਮ ਹੋਵੇਗਾ। ਮੇਰਾ ਮੋਦੀ ਜੀ ਉੱਤੇ ਇੰਨਾ ਪ੍ਰਭਾਵ ਨਹੀਂ ਹੈ।'' ਉਨ੍ਹਾਂ ਕਿਹਾ ਕਿ ਸੰਸਦ ਹੀ ਧਾਰਾ 370 ਨੂੰ ਬਹਾਲ ਕਰ ਸਕਦੀ ਹੈ, ਪਰ ਇਸ ਲਈ 'ਸਾਨੂੰ ਬਹੁਮਤ ਦੀ ਲੋੜ ਹੈ।' ਆਜ਼ਾਦ ਨੇ ਕਿਹਾ ਕਿ ਸੁਪਰੀਮ ਕੋਰਟ 10 ਅਕਤੂਬਰ ਨੂੰ ਧਾਰਾ 370 ਬਾਰੇ ਪਟੀਸ਼ਨਾਂ ਦੀ ਸੁਣਵਾਈ ਕਰੇਗੀ, ਜਿਸ ਦਾ ਸਵਾਗਤ ਕਰਨਾ ਬਣਦਾ ਹੈ।

# ਗਵਾਲੀਅਰ 'ਚ ਦਾਤਾ ਬੰਦੀ ਛੋੜ ਦਿਵਸ ਮਨਾਇਆ

**ਗਵਾਲੀਅਰ–** ਗੁਰਦੁਆਰਾ ਦਾਤਾ ਬੰਦੀ ਛੋੜ ਗਵਾਲੀਅਰ ਵਿਖੇ ਤਿੰਨ ਦਿਨਾ ਗੁਰਮਤਿ ਸਮਾਗਮ ਕਿਲ੍ਹਾ ਗਵਾਲੀਅਰ ਵਿਖੇ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਜਿਥੇ ਗੁਰੂ ਹਰਿਗੋਬਿੰਦ ਸਾਹਿਬ ਨੇ ਅੱਜ ਦੇ ਦਿਨ 52 ਹਿੰਦੂ ਰਾਜਿਆਂ ਨੂੰ ਬੰਧਨ ਮੁਕਤ



ਕੀਤਾ ਸੀ । ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅਤੇ ਅਰਦਾਸ ਤੋਂ ਬਾਅਦ ਪੈਦਲ ਸ਼ਬਦ ਚੌਕੀ ਯਾਤਰਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਬਾਬਾ ਸੇਵਾ ਸਿੰਘ ਨੇ ਰਵਾਨਾ ਕੀਤਾ। ਇਸ ਤੋਂ ਬਾਅਦ ਸਜਾਏ ਗਏ ਕੀਰਤਨ ਦਰਬਾਰ ਵਿਚ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਅਮਨਦੀਪ ਸਿੰਘ ਅਤੇ ਭਾਈ ਅੰਮ੍ਰਿਤਦੀਪ ਸਿੰਘ ਨੇ ਕੀਰਤਨ ਕੀਤਾ। ਬਾਬਾ ਦਰਸ਼ਨ ਸਿੰਘ ਗੁਮਟਾਲੇ ਵਾਲਿਆਂ ਨੇ ਕਥਾ ਕਰਦਿਆਂ ਕਿਹਾ ਕਿ ਅਰਦਾਸ ਕਰੀਏ ਕਿ ਪਾਤਸ਼ਾਹ ਸਾਨੂੰ ਵੀ ਦੁਨਿਆਵੀ ਬੰਧਨਾਂ ਤੋਂ ਮੁਕਤ ਕਰਨ। ਬਾਬਾ ਸੇਵਾ ਸਿੰਘ ਨੇ ਇਤਿਹਾਸ ਦਾ ਵਰਣਨ ਕਰਦਿਆਂ ਸੰਗਤ ਨੂੰ ਨਾਮ ਬਾਣੀ ਦਾ ਅਭਿਆਸ ਕਰਨ ਦੀ ਪ੍ਰੇਰਨਾ ਦੇਣ ਦੇ ਨਾਲ-ਨਾਲ ਆਪਣੇ-ਆਪਣੇ ਇਲਾਕੇ 'ਚ ਰੁੱਖ ਲਾਉਣ ਦੀ ਅਪੀਲ ਕੀਤੀ । ਉਹਨਾਂ ਕਿਹਾ ਕਿ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਧਾਰਨ ਕਰਦਿਆਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕੀਤੀਆਂ। ਗੁਰੂ ਜੀ ਨੇ ਸੰਗਤਾਂ ਨੂੰ ਹੁਕਮ ਕੀਤਾ, "ਅੱਜ ਤੋਂ ਮੇਰੀ ਪਿਆਰੀ ਭੇਟਾ ਵਧੀਆ ਸ਼ਸ਼ਤਰ ਤੇ ਚੰਗੇ ਜਵਾਨ ਹੋਣਗੇ।" ਉਨ੍ਹਾਂ ਨੇ ਮਸੰਦਾਂ ਨੂੰ ਹੁਕਮ ਜਾਰੀ ਕੀਤੇ ਕਿ ਉਹ ਲੋਕਾਂ ਨੂੰ ਧਨ ਦੀ ਥਾਂ ਵਧੀਆ ਜਵਾਨ, ਹਥਿਆਰ ਤੇ ਚੰਗੇ ਘੋੜੇ ਦੇਣ ਲਈ ਤਿਆਰ ਕਰਨ। ਗੁਰੂ ਸਾਹਿਬ ਨੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਸਾਹਮਣੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕੀਤੀ। ਇੱਥੇ ਜਵਾਨਾਂ ਦੇ ਘੋਲ-ਦੰਗਲ ਹੁੰਦੇ ਤੇ ਯੋਧਿਆਂ ਦੀਆਂ ਵੀਰਰਸੀ ਵਾਰਾਂ ਗਾਈਆਂ ਜਾਣ ਲੱਗੀਆਂ। ਦਰਬਾਰ ਵਿੱਚ ਸਿੱਖਾਂ ਦੇ ਮਸਲਿਆਂ ਦੇ ਫ਼ੈਸਲੇ ਲਏ ਜਾਣ ਲੱਗੇ। ਇਸ ਨਾਲ ਸਿੱਖਾਂ ਵਿੱਚ ਜਾਗ੍ਰਤੀ ਆਈ ਅਤੇ ਸੈਨਿਕ ਰੁਚੀਆਂ ਬਲਵਾਨ ਹੋਈਆਂ। ਗੁਰੂ ਘਰ ਦੀ ਵਧਦੀ ਸ਼ਕਤੀ ਗੁਰੂ ਘਰ ਦੇ ਵਿਰੋਧੀਆਂ ਦੀਆਂ ਅੱਖਾਂ ਵਿੱਚ ਰੜਕਣ ਲੱਗੀ। ਅਜਿਹੇ ਲੋਕਾਂ ਨੇ ਮੁਰਤਜ਼ਾ ਖ਼ਾਨ ਦੇ ਗੁਰੂ ਜੀ ਦੇ ਵਿਰੁੱਧ ਕੰਨ ਭਰ ਦਿੱਤੇ। ਮੁਰਤਜ਼ਾ ਖ਼ਾਨ ਨੇ ਜਹਾਂਗੀਰ ਕੋਲੋਂ ਗੁਰੂ ਜੀ ਦੀ ਗ੍ਰਿਫ਼ਤਾਰੀ ਦਾ ਹੁਕਮ ਲੈ ਕੇ, ਵਜ਼ੀਰ ਖ਼ਾਨ ਅਤੇ ਗੁੰਚਾ ਬੇਗ ਨੂੰ ਗੁਰੂ ਜੀ ਪਾਸ ਭੇਜਿਆ ਕਿ ਉਹ ਆਗਰੇ ਪੇਸ਼ ਹੋਣ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਦਾ ਕੰਮ ਭਾਈ ਗੁਰਦਾਸ ਤੇ ਬਾਬਾ ਬੁੱਢਾ ਜੀ ਨੂੰ ਸੰਭਾਲਿਆ ਤੇ ਦਿੱਲੀ ਰਵਾਨਾ ਹੋ ਗਏ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਗਵਾਲੀਅਰ ਵਿੱਚ ਨਜ਼ਰਬੰਦ ਕਰਨ ਦਾ ਹੁਕਮ ਦੇ ਦਿੱਤਾ। ਇਸੇ ਦੌਰਾਨ ਬਾਦਸ਼ਾਹ ਜਹਾਂਗੀਰ ਬਿਮਾਰ ਹੋ ਗਿਆ। ਸਾਈਂ ਮੀਆਂ ਮੀਰ ਨੇ ਜਹਾਂਗੀਰ ਨੂੰ ਕਿਹਾ, "ਇਹ ਖ਼ੁਦਾਈ ਕਹਿਰ ਹੈ, ਤੁਸੀਂ ਖ਼ੁਦਾ ਦੇ ਨੇਕ ਬੰਦੇ ਗੁਰੂ ਹਰਿਗੋਬਿੰਦ ਸਾਹਿਬ ਦੀ ਬੇਅਦਬੀ ਕੀਤੀ ਹੈ। ਉਸ ਨੂੰ ਬਿਨਾਂ ਕਾਰਨ ਜੇਲ੍ਹ ਵਿੱਚ ਕੈਦ ਕੀਤਾ ਹੈ।" ਵਜ਼ੀਰ ਖ਼ਾਨ ਨੇ ਵੀ ਇਸ ਦੀ ਹਾਮੀ ਭਰੀ। ਜਹਾਂਗੀਰ ਦੀ ਪਤਨੀ ਨੂਰਜਹਾਂ ਨੇ ਵੀ ਜ਼ੋਰ ਦੇ ਕੇ ਆਖਿਆ ਕਿ ਗੁਰੂ ਹਰਿਗੋਬਿੰਦ ਜੀ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਸਿੱਟੇ ਵਜੋਂ ਜਹਾਂਗੀਰ ਨੇ ਹੁਕਮ ਕੀਤਾ ਕਿ ਗੁਰੂ ਸਾਹਿਬ ਨੂੰ ਬਿਨਾਂ ਸ਼ਰਤ ਰਿਹਾਅ ਕਰ ਕੇ ਅਦਬ ਨਾਲ ਵਾਪਸ ਲਿਆਂਦਾ ਜਾਵੇ। ਗਵਾਲੀਅਰ ਦੇ ਬਾਕੀ ਕੈਦੀ ਗੁਰੂ ਜੀ ਦੀ ਰਿਹਾਈ ਦੀ ਖ਼ਬਰ ਸੁਣ ਕੇ ਉਦਾਸ ਹੋ ਗਏ। ਇਸ ਲਈ ਰਾਜਿਆਂ ਨੇ ਆਪਣੀ ਰਿਹਾਈ ਲਈ ਵੀ ਗੁਰੂ ਜੀ ਪਾਸ ਬੇਨਤੀ ਕੀਤੀ। ਗੁਰੂ ਹਰਿਗੋਬਿੰਦ ਸਾਹਿਬ ਨੇ ਵਜ਼ੀਰ ਨੂੰ ਆਖ ਭੇਜਿਆ ਕਿ ਇਹ ਬੇਦੋਸ਼ੇ ਰਾਜੇ ਵੀ ਰਿਹਾਅ ਕੀਤੇ ਜਾਣ। ਇਨ੍ਹਾਂ ਦੀ ਰਿਹਾਈ ਤੋਂ ਬਿਨਾਂ ਉਨ੍ਹਾਂ ਦੀ ਰਿਹਾਈ ਨਹੀਂ ਹੋ ਸਕਦੀ। ਜਹਾਂਗੀਰ ਨੇ ਕਿਹਾ ਕਿ ਜਿੰਨੇ ਕੈਦੀ ਗੁਰੂ ਜੀ ਦਾ ਪੱਲਾ ਫੜ ਕੇ ਬਾਹਰ ਨਿਕਲ ਜਾਣਗੇ, ਰਿਹਾਅ ਸਮਝੇ ਜਾਣਗੇ। ਗੁਰੂ ਹਰਿਗੋਬਿੰਦ ਜੀ ਨੇ ਬਵੰਜਾ ਕਲੀਆਂ ਵਾਲਾ ਚੋਲਾ ਸਿਲਵਾਇਆ, ਜਿਨ੍ਹਾਂ ਨੂੰ ਫੜ ਕੇ 52 ਪਹਾੜੀ ਰਾਜੇ ਵੀ ਕੈਦ ਤੋਂ ਮੁਕਤ ਹੋ ਗਏ। ਇਸ ਦਿਨ ਪਿੱਛੋਂ ਗੁਰੂ ਸਾਹਿਬ ਬੰਦੀ ਛੋੜ ਸਤਿਗੁਰੂ ਦੇ ਨਾਂ ਨਾਲ ਪ੍ਰਸਿੱਧ ਹੋਏ। ਗੁਰਪ੍ਰਤਾਪ ਸਿੰਘ ਪਦਮ ਦੇ ਢਾਡੀ ਜਥੇ ਨੇ ਵਾਰਾਂ ਅਤੇ ਭਾਈ ਨਵਤੇਜ ਸਿੰਘ ਦਮਦਮੀ ਟਕਸਾਲ ਨੇ ਕਥਾ ਰਾਹੀਂ ਸੰਗਤ ਨੂੰ ਨਿਹਾਲ ਕੀਤਾ।

# ਪੰਜਾਬ ਸਰਕਾਰ ਨੂੰ ਕੂੜੇ ਦੇ ਪ੍ਰਬੰਧਨ ਵਿਚ ਨਾਕਾਮ ਰਹਿਣ ਤੋਂ ਐਨਜੀਟੀ ਔਖਾ

## ਪੰਜਾਬ ਨੂੰ 2000 ਕਰੋੜ ਤੋਂ ਵੱਧ ਦਾ ਜੁਰਮਾਨਾ ਕੀਤਾ

**ਨਵੀਂ ਦਿੱਲੀ–** ਕੌਮੀ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਨੇ ਪੰਜਾਬ ਸਰਕਾਰ ਨੂੰ ਠੋਸ ਤੇ ਤਰਲ ਕੂੜੇ (ਰਹਿੰਦ-ਖੂੰਹਦ) ਦੇ ਪ੍ਰਬੰਧਨ ਵਿੱਚ ਨਾਕਾਮ ਰਹਿਣ 'ਤੇ 2000 ਕਰੋੜ ਰੁਪਏ ਦਾ ਜੁਰਮਾਨਾ ਲਾਇਆ ਹੈ। ਟ੍ਰਿਬਿਊਨਲ ਨੇ ਕਿਹਾ ਕਿ ਸੂਬਾ ਸਰਕਾਰ ਦੀ ਨਾਕਾਮੀ ਕਰਕੇ ਕੂੜੇ ਦੀ ਪੈਦਾਵਾਰ ਤੇ ਪ੍ਰਬੰਧਨ ਵਿਚ ਵੱਡਾ ਖੱਪਾ ਬਣ ਗਿਆ ਹੈ। ਐਨਜੀਟੀ ਚੇਅਰਪਰਸਨ ਜਸਟਿਸ ਏ।ਕੇ।ਗੋਇਲ ਦੀ ਅਗਵਾਈ ਵਾਲੇ ਬੈਂਚ ਨੇ ਕਿਹਾ ਕਿ ਸਹੀ ਕਦਮ ਪੁੱਟਣ ਲਈ ਅਣਮਿੱਥੀ ਉਡੀਕ ਨਹੀਂ ਕੀਤੀ ਜਾ ਸਕਦੀ ਅਤੇ ਨਾ ਹੀ ਸਿਹਤ ਨਾਲ ਜੁੜੇ ਮਸਲਿਆਂ ਨੂੰ ਲਮਕਾਇਆ ਜਾ ਸਕਦਾ ਹੈ। ਪੰਜਾਬ ਸਰਕਾਰ 100 ਕਰੋੜ ਰੁਪਏ ਦੀ ਅਦਾਇਗੀ ਪਹਿਲਾਂ ਹੀ ਕਰ ਚੁੱਕੀ ਹੈ ਜਦੋਂਕਿ ਟ੍ਰਿਬਿਊਨਲ ਨੇ ਬਕਾਇਆ ਰਕਮ ਇਕ ਵੱਖਰੇ ਖਾਤੇ ਵਿਚ ਦੋ ਮਹੀਨਿਆਂ ਵਿੱਚ ਜਮ੍ਹਾਂ ਕਰਵਾਉਣ ਦੀ ਹਦਾਇਤ ਕੀਤੀ ਹੈ।

# ਸ਼ਹੀਦ ਭਗਤ ਸਿੰਘ ਯੁਵਾ ਐਵਾਰਡ ਮੁੜ ਸ਼ੁਰੂ ਕਰਨ ਅਤੇ ਚੇਅਰ ਸਥਾਪਤ ਕਰਨ ਦਾ ਐਲਾਨ

(ਸਫਾ 1 ਦੀ ਬਾਕੀ)

ਬਾਅਦ ਸੱਤਾ ਵਿਚ ਆਏ ਹਨ, ਉਨ੍ਹਾਂ ਨੇ ਵਿਦੇਸ਼ੀ ਹਾਕਮਾਂ ਤੋਂ ਵੀ ਵੱਧ ਬੇਰਹਿਮੀ ਨਾਲ ਮੁਲਕ ਨੂੰ ਲੁੱਟਿਆ। ਭਗਵੰਤ ਮਾਨ ਨੇ ਕਿਹਾ ਕਿ ਜਦੋਂ ਉਹ ਕੁਝ ਬਜ਼ੁਰਗਾ ਦੇ ਮੂੰਹੋਂ ਇਹ ਗੱਲ ਸੁਣਦੇ ਹਨ ਕਿ ਹੁਣ ਨਾਲੋਂ ਤਾਂ ਬਰਤਾਨਵੀ ਹਕੂਮਤ ਹੀ ਚੰਗੀ ਸੀ ਤਾਂ ਉਨ੍ਹਾਂ ਦੇ ਮਨ ਨੂੰ ਠੇਸ ਪਹੁੰਚਦੀ ਹੈ। ਉਨ੍ਹਾਂ ਕਿਹਾ ਕਿ ਇਸ ਧਾਰਨਾ ਨੂੰ ਬਦਲਣ ਦੀ ਲੋੜ ਹੈ। ਮੁੱਖ ਮੰਤਰੀ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਭਾਰਤ ਨੂੰ ਅਵੱਲ ਮੁਲਕ ਬਣਾਉਣ ਲਈ ਜਾਤ, ਰੰਗ ਤੇ ਨਸਲ ਦੀਆਂ ਸੌੜੀਆਂ ਵਲਗਣਾਂ ਤੋਂ ਉਪਰ ਉਠਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਇਹ ਕੋਸ਼ਿਸ਼ਾਂ ਹੀ ਸ਼ਹੀਦ ਭਗਤ ਸਿੰਘ ਨਅਤੇ ਹੋਰ ਆਜ਼ਾਦੀ ਘੁਲਾ-ਟੀਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ਜਿਨ੍ਹਾਂ ਨੇ ਮਾਤ-ਭੂਮੀ ਦੀ ਖਾਤਰ ਜੀਵਨ ਨਿਛਾਵਰ ਕਰ ਦਿੱਤਾ। ਭਗਵੰਤ ਮਾਨ ਨੇ ਨੌਜਵਾਨਾਂ ਨੂੰ ਵੀ ਸ਼ਹੀਦ ਭਗਤ ਸਿੰਘ ਦੇ ਸੁਪਨੇ ਸਾਕਾਰ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ।

ਮੁੱਖ ਮੰਤਰੀ ਨੇ ਦੁੱਖ ਜ਼ਾਹਰ ਕਰਦਿਆਂ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਅੱਜ-ਕੱਲ੍ਹ ਕੁਝ ਲੋਕ ਸ਼ਹੀਦਾਂ ਦੀਆਂ ਕੁਰਬਾਨੀਆਂ ਉਤੇ ਸਵਾਲ ਚੁੱਕ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਮਾਤ ਭੂਮੀ ਲਈ ਮਹਾਨ ਸ਼ਹੀਦਾਂ ਦੇ ਯੋਗਦਾਨ ਉਤੇ ਕੋਈ ਸਵਾਲ ਚੁੱਕਣ ਦਾ ਹੱਕ ਨਹੀਂ ਹੈ। ਭਗਵੰਤ ਮਾਨ ਨੇ ਲੋਕਾਂ ਨੂੰ ਚੇਤੇ ਕਰਵ-ਾਇਆ ਕਿ ਜਦੋਂ ਸਾਡੇ ਮਹਾਨ ਕੌਮੀ ਨਾਇਕ ਤੇ ਸ਼ਹੀਦ ਬਰਤਾਨਵੀ ਹਕੂਮਤ ਦੇ ਜਬਰ ਦਾ ਸਾਹਮਣਾ ਕਰ ਰਹੇ ਸਨ ਤਾਂ ਕੁਝ ਗੱਦਾਰ ਸਾਮਰਾਜੀ ਤਾਕਤਾਂ ਦੇ ਹੱਕ ਵਿਚ ਭੁਗਤੇ ਸਨ ਅਤੇ ਅਜਿਹੇ ਲੋਕਾਂ ਨੂੰ ਹੁਣ ਕੋਈ ਯਾਦ ਨਹੀਂ ਕਰਦਾ।

ਮੁੱਖ ਮੰਤਰੀ ਨੇ ਐਲਾਨ ਕੀਤਾ ਕਿ ਸੂਬਾ ਸਰਕਾਰ ਮੋਹਾਲੀ ਵਿਖੇ ਅੰਤਰ-ਰਾਸ਼ਟਰੀ ਹਵਾਈ ਅੱਡੇ ਨੇੜੇ ਸ਼ਹੀਦ ਭਗਤ ਸਿੰਘ ਦਾ 5-ਡੀ ਬੁੱਤ ਸਥਾਪਤ ਕਰੇਗੀ। ਉਨ੍ਹਾਂ ਕਿਹਾ ਕਿ ਇਹ ਅਤਿ ਆਧੁਨਿਕ ਬੁੱਤ ਨੌਜਵਾਨ ਪੀੜ੍ਹੀ ਨੂੰ ਦੇਸ਼ ਸੇਵਾ ਲਈ ਪ੍ਰੇਰਿਤ ਕਰੇਗਾ। ਭਗਵੰਤ ਮਾਨ ਨੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਕਿਤਾਬਾਂ ਪੜ੍ਹਨ ਲਈ ਆਖਿਆ ਤਾਂ ਕਿ ਦੇਸ਼ ਨੂੰ ਦਰਪੇਸ਼ ਚੁਣੌਤੀਆਂ ਬਾਰੇ ਜਾਣਕਾਰੀ ਹਾਸਲ ਕੀਤਾ ਜਾ ਸਕੇ।

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਜਦੋਂ 23 ਵਰ੍ਹਿਆਂ ਦਾ ਨੌਜਵਾਨ ਆਪਣੇ ਮਾਪਿਆਂ ਤੋਂ ਮੋਟਰਸਾਈਕਲ ਦੀ ਮੰਗ ਕਰਦਾ ਹੈ ਤਾਂ ਸ਼ਹੀਦ ਭਗਤ ਸਿੰਘ ਉਸ ਉਮਰ ਵਿਚ ਮੁਲਕ ਨੂੰ ਬਰਤਾਨਵੀ ਹਾਕਮਾਂ ਤੋਂ ਆਜ਼ਾਦ ਕਰਵਾਉਣ ਦੀ ਮੰਗ ਕਰਦੇ ਸਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਵੱਧ ਤੋਂ ਵੱਧ ਕਿਤਾਬਾਂ ਪੜ੍ਹ ਕੇ ਸੋਚ ਦਾ ਦਾਇਰਾ ਵਿਸ਼ਾਲ ਕਰਨਾ ਚਾਹੀਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਇਸ ਨਾਲ ਮਹਾਨ ਸ਼ਹੀਦ ਦੇ ਸੁਪਨੇ ਸਾਕਾਰ ਕਰਨ ਵਿਚ ਮਦਦ ਮਿਲੇਗੀ।

ਮੁੱਖ ਮੰਤਰੀ ਨੇ ਚੇਤੇ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਜੀਵਨ ਵਿਚ ਦੋ ਦਿਨ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਇਕ 28 ਦਸੰਬਰ ਦਾ ਦਿਨ ਹੈ ਜਦੋਂ ਉਨ੍ਹਾਂ ਨੇ ਮਾਮਲਾ ਤਤਕਾਲੀ ਲੋਕ ਸਭਾ ਸਪੀਕਰ ਸੁਮਿੱਤਾ ਮਹਾਜਨ ਕੋਲ ਮਾਮਲਾ ਉਠਾਇਆ ਸੀ ਤਾਂ ਉਸ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਮੌਕੇ ਲੋਕ ਸਭਾ ਵਿਚ ਸ਼ਰਧਾਂਜਲੀ ਭੇਟ ਕੀਤੀ ਗਈ ਸੀ। ਦੂਜਾ ਮਹ-ੱਤਵਪੂਰਨ ਦਿਨ ਅੱਜ ਹੈ ਜਦੋਂ ਸ਼ਹੀਦ ਭਗਤ ਸਿੰਘ ਦੇ ਨਾਂ ਉਤੇ ਮੋਹਾਲੀ ਹਵਾਈ ਅੱਡੇ ਦਾ ਨਾਂ ਰੱਖਿਆ ਗਿਆ। ਭਗਵੰਤ ਮਾਨ ਨੇ ਕਿਹਾ ਕਿ ਇਹ ਦੋਵੇਂ ਦਿਨ ਉਨ੍ਹਾਂ ਦੀ ਜ਼ਿੰਦਗੀ ਦੇ ਮਹੱਤਵਪੂਰਨ ਦਿਨ ਹਨ।

ਇਸ ਮੌਕੇ ਮੁੱਖ ਮੰਤਰੀ ਨੇ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਸੁਖਦੇਵ ਦੇ ਵਾਰਸਾਂ ਨੂੰ ਸਨਮਾਨਿਤ ਕੀਤਾ।

ਇਸ ਮੌਕੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਅਤੇ ਅਨਮੋਲ ਗਗਨ ਮਾਨ, ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ, ਵਿਧਾਇਕ ਸੰਤੋਸ਼ ਕਟਾਰੀਆ ਤੇ ਜਸਵਿੰਦਰ ਸਿੰਘ ਅਤੇ ਪੰਜਾਬ ਐਗਰੋ ਦੇ ਚੇਅਰਮੈਨ ਮੰਗਲ ਸਿੰਘ, ਲਲਿਤ ਮੋਹਨ ਪਾਠਕ, ਕੁਲਜੀਤ ਸਿੰਘ ਸਰਹਾਲ ਤੇ ਹੋਰ ਹਾਜ਼ਰ ਸਨ।

# ਕੁਰਸੀ 'ਤੇ ਬੈਠਣ ਕਾਰਨ ਦਲਿਤ ਦੀ ਕੁੱਟਮਾਰ

**ਛਤਰਪੁਰ–** ਭਾਰਤ ਵਿਚ ਦਲਿਤਾਂ 'ਤੇ ਤਸ਼ੱਦਦ ਜਾਰੀ ਹੈ। ਇਕ ਤਾਜ਼ਾ ਮਾਮਲੇ ਵਿਚ 30 ਸਾਲਾ ਦਲਿਤ ਵਿਅਕਤੀ ਦੇ ਪਰਿਵਾਰ ਨੇ ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਪੰਚਾਇਤ ਦਫ਼ਤਰ 'ਚ ਕੁਰਸੀ ਦੇ ਬੈਠਣ 'ਤੇ ਕੁੱਟਮਾਰ ਕਰਨ ਦੇ ਦੋਸ਼ ਲਾਏ ਹਨ। ਹਾਲਾਂਕਿ ਥਾਣਾ ਬੀਜਾਵਰ ਦੇ ਉਪ ਮੰਡਲ ਅਧਿਕਾਰੀ ਰਘੂ ਕੇਸਰੀ ਨੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਵਿਅਕਤੀ ਨੂੰ ਕੁਰਸੀ 'ਤੇ ਬੈਠਣ ਕਾਰਨ ਨਹੀਂ ਕੁੱਟਿਆ ਗਿਆ, ਸਗੋਂ ਇਹ ਦੋ ਧੜਿਆਂ ਦੀ ਨਿੱਜੀ ਰੰਜ਼ਿਸ਼ ਦਾ ਮਾਮਲਾ ਹੈ। ਉਨ੍ਹਾਂ ਕਿਹਾ ਕਿ ਵਿਅਕਤੀ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਲਿਆ ਗਿਆ ਹੈ ਅਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਜਾਰੀ ਹੈ।



ਵਿਅਕਤੀ ਦੀ ਪਤਨੀ ਅਤੇ ਇੱਕ ਪੰਚਾਇਤ ਅਧਿਕਾਰੀ ਨੇ ਦੱਸਿਆ ਕਿ ਮਤਗੁਆਂ ਥਾਣੇ ਅਧੀਨ ਪੈਂਦੇ ਪਿੰਡ ਚੌਕਾ ਵਿੱਚ ਵਾਪਰੇ ਹਾਦਸੇ ਦੌਰਾਨ ਪੀੜਤ ਦੇ ਗੰਭੀਰ ਸੱਟਾਂ ਲੱਗੀਆਂ ਹਨ। ਮੀਡੀਆ ਨਾਲ ਗੱਲ ਕਰਦਿਆਂ ਪੀੜਤ ਦੀ ਪਤਨੀ ਨੇ ਦੋਸ਼ ਲਗਾਏ ਕਿ ਸ਼ਨਿਚਰਵਾਰ ਨੂੰ ਪੰਚਾਇਤ ਦਫ਼ਤਰ ਵਿੱਚ ਕੁਰਸੀ 'ਤੇ ਬੈਠਣ ਕਾਰਨ ਉਸ ਦੇ ਪਤੀ ਨੂੰ ਰੋਹਿਤ ਸਿੰਘ ਠਾਕੁਰ ਨਾਂ ਦੇ ਵਿਅਕਤੀ ਨੇ ਕੁੱਟਿਆ। ਠਾਕੁਰ ਨੇ ਇਤਰਾਜ ਕੀਤਾ ਸੀ ਕਿ ਇੱਕ ਦਲਿਤ ਵਿਅਕਤੀ ਉਸ ਦੇ ਸਾਹਮਣੇ ਕੁਰਸੀ 'ਤੇ ਕਿਵੇਂ ਬੈਠ ਸਕਦਾ ਹੈ। ਮਹਿਲਾ ਨੇ ਸ਼ਿਕਾਇਤ ਦਰਜ ਕਰਵਾਉਣ ਮਗਰੋਂ ਆਪਣੇ ਪਰਿਵਾਰ ਦੀ ਸੁਰੱਖਿਆ ਦਾ ਫ਼ਿਕਰ ਵੀ ਜ਼ਾਹਿਰ ਕੀਤਾ ਹੈ। ਚੌਕਾ ਪਿੰਡ ਦੇ ਪੰਚਾਇਤ ਸਕੱਤਰ ਅਰਵਿੰਦ ਕੁਮਾਰ ਅਹੀਰਵਾਰ ਨੇ ਕਿਹਾ ਕਿ ਪੀੜਤ ਵਿਅਕਤੀ ਸ਼ਨਿ-ਚਰਵਾਰ ਨੂੰ ਉਨ੍ਹਾਂ ਦੇ ਦਫ਼ਤਰ ਕਪਿਲ ਧਾਰਾ ਯੋਜਨਾ ਤਹਿਤ ਕਾਗਜ਼ ਜਮ੍ਹਾਂ ਕਰਵਾਉਣ ਲਈ ਆਇਆ ਸੀ।

# ਭਰੂਣ ਹੱਤਿਆ ਤੇ ਨਵ-ਜੰਮੀਆਂ ਧੀਆਂ ਦਾ ਤ੍ਰਿਸਕਾਰ ਚਿੰਤਾਜਨਕ

**ਜਲੰਧਰ (ਜੇ ਸਿੰਘ 'ਭਡਿਆਰ')–** ਭਰੂਣ ਹੱਤਿਆ ਤੋਂ ਲੈ ਕੇ ਜੰਮਦੀਆਂ ਧੀਆਂ ਨੂੰ ਸੁੱਟਣ ਦਾ ਰੁਝਾਨ ਖ਼ਤਰਨਾਕ ਮੋੜ ਵੱਲ ਜਾ ਰਿਹਾ ਹੈ। ਸੰਸਾਰ ਭਰ 'ਚ ਲੱਖਾਂ ਅਜਿਹੇ ਮੰਦਭਾਗੇ ਜੋੜੇ ਹਨ ਜੋ ਔਲਾਦ ਖੁਣੋਂ ਵਾਂਝੇ ਹੋਣ ਕਰਕੇ ਪ੍ਰਮਾਤਮਾ ਅੱਗੇ ਅਰਦਾਸ ਕਰਦੇ ਹਨ ਕਿ ਉਨ੍ਹਾਂ ਦੇ ਘਰ ਵੀ ਔਲਾਦ ਹੋ ਜਾਵੇ ਉੱਥੇ ਅਜਿਹੇ ਸੌੜੀ ਸੋਚ ਦੇ ਇਨਸਾਨ ਵੀ ਹਨ ਜੋ ਪਰਮਾਤਮਾ ਦੀ ਬਖਸ਼ਿਸ਼ ਹੋਈ ਇਸ ਨਿਆਮਤ ਨੂੰ ਜੰਮ ਕੇ ਗ਼ਲੀਆਂ ਵਿੱਚ ਸੁਟ ਜਾਂਦੇ ਹਨ। ਹੁਣੇ ਜਿਹੇ ਨਿਊ ਟਾਊਨ ਵਿੱਚ ਨਵਜੰਮੇ ਬੱਚੇ ਨੂੰ ਨਾਲੀ ਵਿੱਚ ਸੁਟ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਦੇ ਅਨੁਸਾਰ ਅੱਜ ਸ਼ਾਮ ਜਦੋਂ ਨਾਲੀ ਦਾ ਪਾਣੀ ਬੰਦ ਹੋਣ ਕਰਕੇ ਲੋਕਾਂ ਨੇ ਉੱਥੇ ਇੱਕ ਬੋਰੇ ਨੂੰ ਖੋਲ੍ਹ ਕੇ ਦੇਖਿਆ ਤਾਂ ਇਸ ਵਿੱਚ ਮ੍ਰਿਤਕ ਨਵਜੰਮਿਆਂ ਬੱਚਾ ਮਿਲਿਆ ਘਟਨਾ ਦੀ ਖ਼ਬਰ ਮਿਲਦਿਆਂ ਹੀ ਪੁਲਿਸ ਅਧਿਕਾਰੀ ਮੌਕੇ 'ਤੇ ਪਹੁੰਚੇ ਤੇ ਬੱਚੇ ਦੀ ਲਾਸ਼ ਨੂੰ ਸਿਵਲ ਹਸਪਤਾਲ ਮੋਗਾ ਭੇਜ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ



ਵਿਚਾਰਨ ਵਾਲੀ ਗੱਲ ਹੈ ਕਿ ਕੀ ਔਰਤ ਬਿਨਾਂ ਸੰਸਾਰ ਦੀ ਹੋਂਦ ਹੋਣੀ ਸੀ। ਫੇਰ ਭਰੂਣ ਹੱਤਿਆ ਤੇ ਨਵ-ਜੰਮੀਆਂ ਧੀਆਂ ਨਾਲ ਅਜਿਹਾ ਕਿਉਂ? ਅੱਜ ਅਲਟਰਾਸਾਊਂਡ ਸਕੈਨ ਰਾਹੀਂ ਨਰ ਜਾਂ ਮਾਦਾ ਭਰੂਣ ਦਾ ਪਤਾ ਲੱਗਣ ਨਾਲ ਅਜਿਹਾ ਹੋ ਰਿਹਾ ਹੈ। 1980 'ਚ ਸਾਡੇ ਦੇਸ਼ ਭਾਰਤ 'ਚ ਅਲਟਰਾਸਾਊਂਡ ਸਕੈਨ ਪਹਿਲੀ ਵਾਰ ਆਈ। ਅਲਟਰਾਸਾਊਂਡ ਸਕੈਨ ਮਸ਼ੀਨ ਦਾ ਮੁੱਖ ਮਕਸਦ ਗਰਭਪਾਤੀ ਔਰਤ ਦੀ ਅੰਦਰਲੇ ਰੋਗਾਂ ਦਾ ਪਤਾ ਲਾਉਣਾ ਸੀ ਪਰ ਅਫ਼ਸੋਸ ਅਸੀਂ ਇਸ ਮਸ਼ੀਨ ਦੀ ਦੁਰਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਮਾਦਾ ਭਰੂਣ ਦੀ ਸਫ਼ਾਈ ਕਰਵਾਈ ਜਾਣ ਲੱਗ ਪਈ। ਭਰੂਣ ਹੱਤਿਆ ਦੇ ਕੁਝ ਕੁ ਮੁੱਖ ਕਾਰਨ ਬਲਾਤਕਾਰ, ਕਤਲ, ਦਾਜ, ਤਲਾਕ ਹਨ, ਜਿਨ੍ਹਾਂ ਦਾ ਹੱਲ ਕੱਢਿਆ ਜਾਵੇ।

# ਅਮਰੀਕਾ ਦੇ ਪਾਕਿਸਤਾਨ ਨਾਲ ਸਬੰਧਾਂ ਨੇ ਅਮਰੀਕੀ ਹਿੱਤਾਂ ਦੀ ਪੂਰਤੀ ਨਹੀਂ ਕੀਤੀ- ਜੈ ਸ਼ੰਕਰ

**ਸੈਕਰਾਮੈਂਟੋ 27 ਸਤੰਬਰ–** ਭਾਰਤ ਦੇ ਵਿਦੇਸ਼ ਮੰਤਰੀ ਐਸ ਜੈ ਸ਼ੰਕਰ ਨੇ ਵਾਸ਼ਿੰਗਟਨ, ਡੀ ਸੀ ਵਿਚ ਇਕ ਸਮਾਗਮ ਨੂੰ ਸੰਬੋਧਨ ਕਰਦਿਆਂ ਅਮਰੀਕਾ ਦੀ ਪਾਕਿਸਤਾਨ ਪ੍ਰਤੀ ਨੀਤੀ ਦਾ ਵਿਰੋਧ ਕਰਦਿਆਂ ਬਾਈਡਨ ਪ੍ਰਸ਼ਾਸਨ ਨੂੰ ਖਰੀਆਂ ਖਰੀਆਂ ਸੁਣਾਈਆਂ ਹਨ। ਭਾਰਤੀ ਅਮਰੀਕੀ ਭਾਈਚਾਰੇ ਵੱਲੋਂ ਅਯੋਜਿਤ ਇਕ ਸਮਾਗਮ ਵਿਚ ਬੋਲਦਿਆਂ ਜੈ ਸ਼ੰਕਰ ਨੇ ਕਿਹਾ ਕਿ ਅਮਰੀਕਾ ਤੇ ਪਾਕਿਸਤਾਨ ਵਿਚਾਲੇ ਸਬੰਧਾਂ ਨੇ ਪਾਕਿਸਤਾਨ ਦੇ ਹਿੱਤ ਪੂਰੇ ਹਨ ਪਰੰਤੂ ਅਮਰੀਕੀ ਹਿੱਤਾਂ ਨੂੰ ਕਦੀ ਵੀ ਬੂਰ ਨਹੀਂ ਪਿਆ। ਭਾਰਤੀ ਵਿਦੇਸ਼ ਮੰਤਰੀ ਨੇ ਇਹ ਪ੍ਰਤੀਕ੍ਰਿਆ ਉਸ ਵੇਲੇ ਪ੍ਰਗਟਾਈ ਜਦੋਂ ਸਰੋਤਿਆਂ ਵਿਚ ਬੈਠੇ ਇਕ ਦਰਸ਼ਕ ਨੇ ਸਵਾਲ ਕੀਤਾ ਕਿ ਉਹ ਅਮਰੀਕਾ ਦੁਆਰਾ ਪਾਕਿਸਤਾਨ ਨੂੰ ਐਫ-16 ਜੰਗੀ ਜਹਾਜ਼ ਦੇਣ ਬਾਰੇ ਕੀ ਸੋਚਦੇ ਹਨ? ਇਥੇ ਜਿਕਰਯੋਗ ਹੈ ਕਿ ਕੁਝ ਹਫਤੇ ਪਹਿਲਾਂ ਹੀ ਅਮਰੀਕੀ ਵਿਦੇਸ਼ ਮੰਤਰਾਲੇ ਨੇ ਪਾਕਿਸਤਾਨੀ ਹਵਾਈ ਸੈਨਾ ਨੂੰ ਐਫ-16 ਜੰਗੀ ਜਹਾਜ਼ ਤੇ ਹੋਰ ਫੌਜੀ ਸਾਜ-ਸਮਾਨ ਦੇਣ ਨੂੰ ਪ੍ਰਵਾਨਗੀ ਦਿੱਤੀ ਹੈ। ਕੁਲ 45 ਕਰੋੜ ਡਾਲਰ ਦੀ ਲਾਗਤ ਵਾਲਾ ਫੌਜੀ ਸਾਜ ਸਮਾਨ ਪਾਕਿਸਤਾਨ ਨੂੰ ਦਿੱਤਾ ਜਾਣਾ ਹੈ। ਭਾਰਤ ਦੇ ਰਖਿਆ ਮੰਤਰੀ ਰਾਜਨਾਥ ਸਿੰਘ ਨੇ ਅਮਰੀਕੀ ਸਰਕਾਰ ਦੇ ਇਸ ਫੈਸਲੇ ਉਪਰੰਤ ਤੁਰੰਤ ਅਮਰੀਕੀ ਰਖਿਆ ਮੰਤਰੀ ਲਾਇਡ ਆਸਟਨ ਕੋਲ ਐਫ-16 ਜੰਗੀ ਜਹਾਜ਼ ਪਾਕਿਸਤਾਨ ਨੂੰ ਦੇਣ 'ਤੇ ਭਾਰਤੀ ਚਿੰਤਾ ਤੋਂ ਜਾਣੂ ਕਰਵਾਇਆ ਸੀ। ਜੈ ਸ਼ੰਕਰ ਨੇ ਕਿਹਾ ਕਿ ਅਮਰੀਕਾ ਲਈ ਇਹ ਸੋਚਣ ਦਾ ਸਮਾਂ ਹੈ ਕਿ ਉਸ ਨੇ ਪਕਿਸਤਾਨ ਦੀ ਸਹਾਇਤਾ ਕਰਕੇ ਕੀ ਖੱਟਿਆ ਹੈ। ਉਹ ਗੁਣਾਂ ਤੇ ਦੋਸ਼ਾਂ ਦੇ ਆਧਾਰ 'ਤੇ ਫੈਸਲਾ ਲਵੇ। ਵਿਦੇਸ਼ ਮੰਤਰੀ ਨੇ ਕਿਹਾ ਕਿ ਕੋਈ ਕਹਿ ਸਕਦਾ ਹੈ ਕਿ ਇਹ ਸਹਾਇਤਾ ਅੱਤਵਾਦ ਨਾਲ ਨਜਿੱਠਣ ਲਈ ਦਿੱਤੀ ਜਾ ਰਹੀ ਹੈ ਪਰੰਤੂ ਜਦੋਂ ਪਾਕਿਸਤਾਨ ਨੂੰ ਐਫ-16 ਵਰਗੇ ਜੰਗੀ ਜਹਾਜ਼ ਦੇਣ ਦੀ ਗੱਲ ਕਰਦੇ ਹੋ ਤਾਂ ਤੁਸੀਂ ਤੇ ਹਰ ਕੋਈ ਜਾਣਦਾ ਹੈ ਕਿ ਇਹ ਜਹਾਜ਼ ਕਿਥੇ ਤਾਇਨਾਤ ਕੀਤੇ ਜਾਣੇ ਹਨ ਤੇ ਕਿਸ ਵਿਰੁੱਧ ਵਰਤੇ ਜਾਣੇ ਹਨ। ਜੈ ਸ਼ੰਕਰ ਨੇ ਕਿਹਾ ਕਿ ਤੁਸੀਂ ਅਜਿਹੀਆਂ ਗੱਲਾਂ ਕਰਕੇ ਕਿਸੇ ਨੂੰ ਮੂਰਖ ਨਹੀਂ ਬਣਾ ਸਕਦੇ। ਵਿਦੇਸ਼ ਮੰਤਰੀ ਨੇ ਕਿਹਾ ਕਿ ਜੇਕਰ ਉਨਾਂ ਨੂੰ ਕਿਸੇ ਅਮਰੀਕੀ ਨੀਤੀ ਘਾੜੇ ਨਾਲ ਗੱਲ ਕਰਨ ਦਾ ਮੌਕਾ ਮਿਲਿਆ ਤਾਂ ਉਹ ਇਹ ਮੁੱਦਾ ਜਰੂਰ ਉਠਾਉਣਗੇ ਤੇ ਉਸ ਨੂੰ ਪੁੱਛਣਗੇ ਕਿ ਇਹ ਤੁਸੀਂ ਕੀ ਕਰ ਰਹੇ ਹੋ। ਸਮਾਗਮ ਵਿਚ ਅਮਰੀਕੀ ਪ੍ਰਸ਼ਾਸਨ ਦੇ ਅਧਿਕਾਰੀਆਂ ਸਮੇਤ ਭਾਰਤੀ ਭਾਈਚਾਰੇ ਨਾਲ ਸਬੰਧਿਤ ਪ੍ਰਮੁੱਖ ਹਸਤੀਆਂ ਨੇ ਵੀ ਸ਼ਿਰਕਤ ਕੀਤੀ।



# ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਹੋਰ ਕੌਮਾਂਤਰੀ ਉਡਾਨਾਂ ਸ਼ੁਰੂ ਕਰਨ ਦੀ ਮੰਗ

**ਚੰਡੀਗੜ੍ਹ–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਭਾਰਤ ਸਰਕਾਰ ਨੂੰ ਵਿਦੇਸ਼ਾਂ ਵਿਚ ਵੱਸਦੇ ਪੰਜਾਬੀ ਭਾਈਚਾਰੇ ਦੀ ਸਹੂਲਤ ਲਈ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਹੋਰ ਕੌਮਾਂਤਰੀ ਉਡਾਨਾਂ ਸ਼ੁਰੂ ਕਰਨ ਦੀ ਮੰਗ ਕੀਤੀ। ਅੱਜ ਇੱਥੇ ਹਵਾਈ ਅੱਡੇ ਦਾ ਨਾਮ ਮਹਾਨ ਸ਼ਹੀਦ ਦੇ ਨਾਮ ਉਤੇ ਰੱਖਣ ਮੌਕੇ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੂੰ ਇਹ ਮਾਮਲਾ ਪ੍ਰਧਾਨ ਮੰਤਰੀ ਅਤੇ ਕੇਂਦਰੀ ਹਵਾਬਾਜ਼ੀ ਮੰਤਰੀ ਕੋਲ ਉਠਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅੱਜ ਸ਼ਹੀਦ ਭਗਤ ਸਿੰਘ ਦੀ 115ਵੀਂ ਜਨਮ ਵਰ੍ਹੇਗੰਢ ਹੈ ਅਤੇ ਮਹਾਨ ਸ਼ਹੀਦ ਦੇ ਨਾਂ ਉਤੇ ਹਵਾਈ ਅੱਡੇ ਦਾ ਨਾਂ ਰੱਖਣ ਨਾਲ ਇਸ ਦਿਨ ਨੂੰ ਇਤਿਹਾਸਕ ਤੇ ਯਾਦਗਾਰੀ ਬਣਾ ਦਿੱਤਾ। ਭਗਵੰਤ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਹਵਾਈ ਅੱਡੇ ਤੋਂ ਹੋਰ ਉਡਾਨਾਂ ਸ਼ੁਰੂ ਕਰਨੀਆਂ ਚਾਹੀਦੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਦੁਨੀਆ ਭਰ ਦੇ ਪਰਵਾਸੀ ਪੰਜਾਬੀਆਂ ਵੱਲੋਂ ਸੂਬੇ ਤੋਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ ਅਤੇ ਦੁਨੀਆ ਦੇ ਹੋਰ ਹਿੱਸਿਆਂ ਲਈ ਹਵਾਈ ਸੰਪਰਕ ਯਕੀਨੀ ਬਣਾਉਣ ਲਈ ਅਜਿਹੀਆਂ ਉਡਾਨਾਂ ਦੀ ਮੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਉਡਾਨਾਂ ਨਾਲ ਪੰਜਾਬ ਦੇ ਯਾਤਰੀਆਂ ਤੋਂ ਇਲਾਵਾ ਹਰਿਆਣਾ, ਹਿਮਾਚਲ ਪ੍ਰਦੇਸ਼, ਉੱਤਰਾਖੰਡ, ਜੰਮੂ-ਕਸ਼ਮੀਰ ਅਤੇ ਹੋਰ ਰਾਜਾਂ ਦੇ ਯਾਤਰੀਆਂ ਨੂੰ ਵੀ ਫਾਇਦਾ ਹੋਵੇਗਾ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਹਵਾਈ ਅੱਡੇ ਦਾ ਨਾਂ ਬਦਲ ਕੇ ਸ਼ਹੀਦ ਭਗਤ ਸਿੰਘ ਦੇ ਨਾਂ ’ਤੇ ਰੱਖਣ ਲਈ ਠੋਸ ਉਪਰਾਲੇ ਕੀਤੇ ਹਨ।

ਮੁੱਖ ਮੰਤਰੀ ਨੇ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ ’ਤੇ ਰੱਖਣ ਲਈ ਕੇਂਦਰ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਭਗਵੰਤ ਮਾਨ ਨੇ ਕਿਹਾ ਕਿ ਪੂਰੇ ਦੇਸ਼ ਦੀ ਚਿਰੋਕਣੀ ਮੰਗ ਪੂਰੀ ਹੋ ਗਈ ਹੈ ਜਿਸ ਨਾਲ ਹਰੇਕ ਦੇਸ਼ ਵਾਸੀ ਖੁਸ਼ ਹੈ।

# ਐਡਮਿੰਟਨ ਕੈਨੇਡਾ ’ਚ ਰਹਿੰਦੇ ਪੰਜਾਬੀ ਮੂਲ ਦੇ ਨੌਜਵਾਨ ਗੁਰਕੀਰਤਪਾਲ ਸਿੰਘ ਖੋਸਾ ਦੀ ਕੰਮ ਤੋਂ ਘਰ ਪਰਤਦਿਆਂ ਪਿਕਅੱਪ ਟਰੱਕ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਜਾਣ ਕਾਰਨ ਹੋਈ ਮੌਕੇ ਤੇ ਮੌਤ

**ਨਿਊਯਾਰਕ/ ਐਡਮਿੰਟਨ, 26 ਸਤੰਬਰ (ਰਾਜ ਗੋਗਨਾ)**—ਬੀਤੀ ਰਾਤ ਕੈਨੇਡਾ ਦੇ ਐਡਮਿੰਟਨ ਚ’ ਰਹਿੰਦੇ ਪੰਜਾਬੀ ਟਰੱਕਿੰਗ ਦੇ ਕਾਰੋਬਾਰੀ ਗੁਰਕੀਰਤਪਾਲ ਸਿੰਘ ਦੀ ਬੀਤੀ ਰਾਤ ਹੋਏ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਮੋਤ ਹੋ ਜਾਣ ਦੀ ਇਕ ਹੋਰ ਮੰਦਭਾਗੀ ਖ਼ਬਰ ਸਾਹਮਣੇ ਆਈ ਹੈ। ਦੱਸਿਆ ਜਾਂਦਾ ਹੈ ਕਿ ਮ੍ਰਿਤਕ ਐਡਮਿੰਟਨ ਕੈਨੇਡਾ ਵਿੱਚ ਰਹਿੰਦਾ ਸੀ ਅਤੇ ਟਰੱਕਿੰਗ ਦਾ ਇਕ ਸਫਲ ਕਾਰੋਬਾਰੀ ਸੀ। ਉਸ ਦਾ ਟਰੱਕਿੰਗ ਦਾ ਕਾਰੋਬਾਰ ਹੋਣ ਕਰਕੇ ਉਹ ਆਪਣੇ ਕੰਮ ਦੇ ਚੱਲਦਿਆਂ ਰੋਜ਼ਾਨਾ ਹੀ ਐਡਮਿੰਟਨ ਤੋ ਫੋਰਟ ਮੈਕਮਰੀ ਅੱਪਡਾਊਨ ਕਰਦਾ ਸੀ। ਬੀਤੀ ਰਾਤ ਜਦੋ ਉਸ ਨੇ ਆਪਣਾ ਟਰੱਕ ਫੋਰਟ ਮੈਕਮਰੀ ਵੀ ਖੜਾ ਕਰ ਦਿੱਤਾ ਅਤੇ ਆਪਣੇ ਪਿਕਅੱਪ ਟਰੱਕ ਵਿੱਚ ਜਦੋਂ ਰਾਤ ਨੂੰ ਉਹ ਆਪਣੇ ਪਿੱਕਅੱਪ ਟਰੱਕ ਵਿੱਚ ਵਾਪਿਸ ਘਰ ਐਡਮਿੰਟਨ ਨੂੰ ਪਰਤ ਰਿਹਾ ਸੀ ਅਤੇ ਸਾਹਮਣੇ ਤੋ ਆਉਂਦੇ ਇੱਕ ਦੂਜੇ ਪਿੱਕਅੱਪ ਟਰੱਕ ਨਾਲ ਉਸ ਦਾ



ਪਿੱਕਅੱਪ ਟਰੱਕ ਟਕਰਾਅ ਗਿਆ ਅਤੇ ਉਸ ਦੀ ਮੌਕੇ ਤੇ ਹੀ ਮੌਤ ਹੋ ਗਈ। ਦੱਸਿਆ ਜਾਂਦਾ ਹੈ ਕਿ ਇਸ ਦਰਦਨਾਇਕ ਹਾਦਸੇ ਵਿੱਚ ਦੂਜੇ ਪਿੱਕਅੱਪ ਟਰੱਕ ਦਾ ਡਰਾਈਵਰ ਜੋ ਕਿ ਇੱਕ ਗੋਰਾ ਸੀ, ਉਸ ਦੀ ਵੀ ਮੋਕੇ ਤੇ ਮੌਤ ਹੋ ਗਈ।ਦੱਸਿਆ ਗਿਆ ਕਿ ਇਹ ਹਾਦਸਾ ਇਨ੍ਹਾਂ ਭਿਆਨਕ ਸੀ ਕਿ ਦੋਨੋਂ ਪਿੱਕਅੱਪ ਟਰੱਕ ਬੁਰੀ ਤਰ੍ਹਾਂ ਸੜ੍ਹ ਕੇ ਸੁਆ ਹੋ ਗਏ। ਇਹ ਦਰਦਨਾਇਕ ਹਾਦਸਾ ਕੈਨੇਡਾ ਦੇ ਵਾਇਲ ਸਿਟੀ ਤੋਂ ਐਡਮਿੰਟਨ ਵੱਲ ਨੂੰ ਤਕਰੀਬਨ 10 ਕੁ ਕਿਲੋਮੀਟਰ ਦੀ ਦੂਰੀ ‘ਤੇ ਵਾਪਰਿਆ। ਮ੍ਰਿਤਕ ਦਾ ਪੰਜਾਬ ਤੋ ਪਿਛੋਕੜ ਜਿਲ੍ਹਾ ਫਰੀਦਕੋਟ ਨਾਲ ਦੱਸਿਆ ਜਾਂਦਾ ਹੈ।ਇਸ ਦਰਦਨਾਇਕ ਦੁੱਖਦਾਈ ਮੋਤ ਦਾ ਸੁਣ ਕਿ ਪੰਜਾਬੀ ਭਾਈਚਾਰੇ ਵਿੱਚ ਬਹੁਤ ਹੀ ਸੋਗ ਹੈ ਦੱਸਿਆ ਜਾਂਦਾ ਹੈ ਕਿ ਮ੍ਰਿਤਕ ਗੁਰਕੀਰਤਪਾਲ ਸਿੰਘ ਖੋਸਾ ਬਹੁਤ ਹੀ ਹੱਸਮੁੱਖ, ਮਿਲਾਪੜਾ ਅਤੇ ਮਿਲਣਸਾਰ ਇਨਸਾਨ ਸੀ ਜੋ ਭਰ ਜਵਾਨੀ ਵਿੱਚ ਇਸ ਜਹਾਨ ਤੋ ਕੂਚ ਕਰ ਗਿਆ।


SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

## ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ 'ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ' ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦਿ ਧਰਮ ਮੰਡਲ ਪੰਜਾਬ**
**(ਕੌਮੀ ਉਡਾਰੀਆਂ, ਜਲੰਧਰ ਦੇ ਧੰਨਵਾਦ ਸਹਿਤ)**

# ਆਦਿ ਧਰਮ ਲਹਿਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ



**Ronki Ram**
Shaheed Bhagat Singh Chair
Professor of Political Science
Panjab University, Chandigarh (India)
Email; ronkiram@yahoo.co.in

ਇਸ ਵੇਲੇ ਪੂਰਬੀ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਦੀ ਆਬਾਦੀ ਸੂਬੇ ਦੀ ਕੁੱਲ ਜਨਸੰਖਿਆ ਦਾ ਇਕ ਤਿਹਾਇ. ਹਿੱਸਾ ਬਣਦੀ ਹੈ ਜੋ ਜਨਸੰਖਿਆ ਦੇ ਲਿਹਾਜ਼ ਤੋਂ ਭਾਰਤ ਦੇ ਹੋਰ ਸੂਬਿਆਂ ਤੇ ਕੇਂਦਰ ਸ਼ਾਸ਼ਿਤ ਪ੍ਰਦੇਸ਼ਾਂ ਨਾਲੋਂ ਸਭ ਤੋਂ ਵੱਧ ਹੈ। ਉਂਝ, ਸੂਬੇ ਦੀ ਖੇਤੀਬਾੜੀ ਭੂਮੀ ਵਿਚ ਇਹਨਾਂ ਦਾ ਹਿੱਸਾ ਸਭ ਤੋਂ ਘੱਟ ਹੈ, ਭਾਵ ਇਨ੍ਹਾਂ ਦੇ ਪੰਜ ਫੀਸਦੀ ਤੋਂ ਛੋਟੇ ਕਾਸ਼ਤਕਾਰ ਹਨ। ਪ੍ਰਸ਼ਾਸਕੀ ਢਾਂਚੇ ਦੇ ਲਿਹਾਜ਼ ਤੋਂ ਪੂਰਬੀ ਪੰਜਾਬ ਦੇ ਪਿੰਡਾਂ ਦੀ ਮਰਦਮਸ਼ੁਮਾਰੀ ਦੇ ਰਿਕਾਰਡ ਮੁਤਾਬਕ ਇਨ੍ਹਾਂ ਦੀ ਹੋਰ ਜਾਤਾਂ ਦੇ ਲੋਕਾਂ ਨਾਲ ਹੀ ਮਰਦਮਸ਼ੁਮਾਰੀ ਕੀਤੀ ਜਾਂਦੀ ਹੈ ਪਰ ਅਸਲ ਵਿਚ ਉਹ ਪਿੰਡਾਂ ਦੀ ਮੁੱਖ ਆਬਾਦੀ ਤੋਂ ਵੱਖਰੇ ਅਲੱਗ ਵੱਸਦੇ ਹਨ। ਕੁਝ ਵੀ ਹੋਵੇ, ਪੂਰਬੀ ਪੰਜਾਬ ਵਿਚ ਅਨੁਸੂਚਿਤ ਜਾਤੀਆਂ ਹੋਰਨਾਂ ਭਾਈਚਾਰਿਆਂ ਵਾਂਗ ਹੀ ਸਭ ਤੋਂ ਪਹਿਲਾਂ ਪੰਜਾਬੀ ਹਨ ਤੇ ਉਸ ਤੋਂ ਬਾਅਦ ਹੀ ਉਨ੍ਹਾਂ ਦੀ ਜਾਤ ਜਾਂ ਵਸੇਵੇ ਦੀ ਜਗ੍ਹਾ ਦੀਆਂ ਪਛਾਣਾਂ ਆਉਂਦੀਆਂ ਹਨ। ਇਕਜੁੱਟ ਪੰਜਾਬੀ ਕੌਮ ਦੇ ਹੋਰ ਅਟੁੱਟ ਅੰਗਾਂ ਵਾਂਗ ਹੀ ਅਨੁਸੂਚਿਤ ਜਾਤੀਆਂ ਵੀ ਬੇਇਨਸਾਫੀ ਭਰੇ ਕਿਰਦਾਰ ਸਦਕਾ ਜਾਣੀਆਂ ਜਾਂਦੀਆਂ ਹਨ। ਸਵੈਮਾਣ ਨਾਲ ਜਿਊਣ ਦੀ ਖਾਹਿਸ਼ ਤਹਿਤ ਉਹਨਾਂ 920ਵਿਆਂ ਦੌਰਾਨ ਆਦਿ ਧਰਮ ਲਹਿਰ (11-12 ਜੂਨ 1926) ਜਥੇਬੰਦ ਕੀਤੀ ਜੋ ਵੰਡ ਤੋਂ ਪਹਿਲਾਂ ਦੇ ਸਾਂਝੇ ਪੰਜਾਬ ਦੀ ਪਹਿਲੀ ਪਲੇਠੀ ਦਲਿਤ ਲਹਿਰ ਸੀ। ਆਦਿ ਧਰਮ ਲਹਿਰ ਉਸ ਵੇਲੇ ਦੱਖਣੀ ਭਾਰਤ ਵਿਚ ਉਭਰੀਆਂ ਹੋਰ ਆਦਿ ਦਲਿਤ ਲਹਿਰਾਂ ਤੋਂ ਸੁਤੰਤਰ ਤੇ ਸਮਾਨੰਤਰ ਲਹਿਰ ਸੀ।

ਬਾਬੂ ਮੰਗੂ ਰਾਮ ਮੁੱਗੋਵਾਲੀਆ (14 ਜਨਵਰੀ 1886- 22 ਅਪ੍ਰੈਲ1980) ਆਦਿ ਧਰਮ ਲਹਿਰ ਦੇ ਮੋਢੀਆਂ ਵਿਚੋਂ ਇਕ ਸਨ। ਉਹ ਹੁਸ਼ਿਆਰਪੁਰ ਜ਼ਿਲ੍ਹੇ ਦੇ ਪਿੰਡ ਮੁੱਗੋਵਾਲ ਵਿਚ ਚਮੜੇ ਦਾ ਕਾਰੋਬਾਰ ਕਰਨ ਵਾਲੇ ਦਲਿਤ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਹਨਾਂ ਦੇ ਪਿਤਾ ਉਨ੍ਹਾਂ ਨੂੰ ਪੜ੍ਹਾਉਣਾ ਚਾਹੁੰਦੇ ਸਨ ਤਾਂ ਕਿ ਉਹ ਅੰਗਰੇਜ਼ੀ ਵਿਚ ਲਿਖੇ ਚਿੱਠੀ ਪੱਤਰ ਆਦਿ ਪੜ੍ਹ ਕੇ ਚਮੜੇ ਦੇ ਕਾਰੋਬਾਰ ਵਿਚ ਉਨ੍ਹਾਂ ਦਾ ਹੱਥ ਵਟਾ ਸਕਣ। ਮੰਗੂ ਰਾਮ ਦਾ ਪਰਿਵਾਰ ਚੰਗਾ ਖਾਂਦਾ ਪੀਂਦਾ ਪਰਿਵਾਰ ਸੀ ਪਰ ਜਦੋਂ ਉਨ੍ਹਾਂ ਨੂੰ ਨੇੜਲੇ ਪਿੰਡ ਬਜਵਾੜਾ ਦੇ ਸਕੂਲ ਪੜ੍ਹਨੇ ਪਾਇਆ ਤਾਂ ਨੀਵੀਂ ਜਾਤ ਨਾਲ ਸਬੰਧਤ ਹੋਣ ਕਰਕੇ ਉਨ੍ਹਾਂ ਨੂੰ ਸਮਾਜਿਕ ਭੇਦ-ਭਾਵ ਦਾ ਸਾਹਮਣਾ ਕਰਨਾ ਪਿਆ। ਦਸਵੀਂ ਤੋਂ ਬਾਅਦ ਉਨ੍ਹਾਂ ਨੂੰ ਆਪਣੀ ਪੜ੍ਹਾਈ ਛੱਡਣੀ ਪਈ। ਇਸ ਤੋਂ ਬਾਅਦ ਉਨ੍ਹਾਂ ਦੋਆਬੇ ਦੇ ਹੋਰ ਪਰਵਾਸੀਆਂ ਵਾਂਗ ਬਿਹਤਰ ਜ਼ਿੰਦਗੀ ਖਾਤਰ 1909 ਵਿਚ ਅਮਰੀਕਾ ਦਾ ਰੁਖ ਕੀਤਾ, ਜਿੱਥੇ ਉਨ੍ਹਾਂ ਲੱਕੜ ਦੇ ਕਾਰਖਾਨਿਆਂ ਅਤੇ ਖੇਤੀ ਫਾਰਮਾਂ ਵਿਚ ਕੰਮ ਕਰਕੇ ਰੋਜ਼ੀ ਰੋਟੀ ਦਾ ਪ੍ਰਬੰਧ ਕਰ ਲਿਆ। ਇਹ ਉਹ ਸਮਾਂ ਸੀ ਜਦੋਂ ਉਤਰੀ ਅਮਰੀਕਾ ਵਿਚ ਰਹਿੰਦੇ ਪਰਵਾਸੀ ਪੰਜਾਬੀ ਬਸਤੀਵਾਦੀ ਭਾਰਤ ਦੀ ਆਜ਼ਾਦੀ ਲਈ ਇਨਕਲਾਬੀ ਜਥੇਬੰਦੀ ਬਣਾਉਣ ਦੀਆਂ ਵਿਉਂਤਾਂ ਬਣਾ ਰਹੇ ਸਨ। 1913 ਵਿਚ 'ਗਦਰ ਲਹਿਰ' ਦਾ ਆਗਾਜ਼ ਹੋ ਗਿਆ ਤੇ ਮੰਗੂ ਰਾਮ ਇਸ ਦੇ ਸਰਗਰਮ ਕਾਰਕੁਨ ਬਣ ਗਏ। ਉਹ ਗਦਰ ਪਾਰਟੀ ਦੇ ਉਸ ਗਰੁੱਪ ਦੇ ਪੰਜ ਮਾਣਮੱਤੇ ਮੈਂਬਰਾਂ ਵਿਚੋਂ ਇਕ ਸਨ ਜਿਸ ਨੂੰ ਬਰਤਾਨਵੀ ਸ਼ਾਸਨ ਖਿਲਾਫ ਹਥਿਆਰਬੰਦ ਵਿਦਰੋਹ ਸ਼ੁਰੂ ਕਰਨ ਲਈ ਸਮੁੰਦਰੀ ਰਸਤੇ ਭਾਰਤ ਵਿਚ ਹਥਿਆਰ ਪਹੁੰਚਾਉਣ ਦਾ ਜ਼ਿੰਮਾ ਸੌਂਪਿਆ ਗਿਆ ਸੀ ਪਰ 'ਐਸ. ਐਸ. ਮੈਵਰਿਕ' ਨਾਮੀ ਉਹ ਜਹਾਜ਼ ਰਸਤੇ ਵਿਚ ਹੀ ਫੜਿਆ ਗਿਆ ਅਤੇ ਹੋਣੀ ਨੇ ਮੰਗੂ ਰਾਮ ਨੂੰ ਫਿਲਪੀਨਜ਼ ਦਾ ਰਾਹ ਫੜਾ ਦਿੱਤਾ, ਜਿੱਥੇ ਉਨ੍ਹਾਂ ਗੁੰਮਨਾਮੀ ਦੀ ਹਾਲਤ ਵਿਚ ਕਰੀਬ 12 ਸਾਲ ਬਿਤਾਏ। ਅਖੀਰ ਉਹ 1925 ਵਿਚ ਆਪਣੇ ਜੱਦੀ ਪਿੰਡ ਪਰਤੇ, ਜਿੱਥੇ ਸਾਰੇ ਲੋਕ ਉਨ੍ਹਾਂ ਨੂੰ ਜ਼ਿੰਦਾ ਦੇਖ ਕੇ ਹੈਰਾਨ ਰਹਿ ਗਏ ਕਿਉਂਕਿ ਉਨ੍ਹਾਂ ਨੂੰ ਕਥਿਤ ਤੌਰ 'ਤੇ ਫਾਂਸੀ ਦੇਣ ਦੀ ਖਬਰ ਹਰ ਕਿਸੇ ਨੇ ਸੁਣੀ ਹੋਈ ਸੀ। ਬਾਬੂ ਮੰਗੂ ਰਾਮ ਦਾ ਪੰਜਾਬ 'ਚ ਉਹੀ ਰੁਤਬਾ ਸੀ ਜੋ ਮਹਾਰਾਸ਼ਟਰ 'ਚ ਜਯੋਤੀਰਾਓ ਫੂਲੇ ਦਾ ਸੀ; ਜਿਵੇਂ ਮਹਾਰਾਸ਼ਟਰ ਵਿਚ ਦਲਿਤ ਲਹਿਰ ਦਾ ਸਿਹਰਾ ਮਹਾਤਮਾ ਜਯੋਤੀਰਾਓ ਫੂਲੇ ਸਿਰ ਬੱਝਦਾ ਸੀ, ਉਵੇਂ ਹੀ ਪੰਜਾਬ ਵਿਚ ਆਦਿ ਧਰਮ ਲਹਿਰ ਸ਼ੁਰੂ ਕਰਨ ਦਾ ਸਿਹਰਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦੇ ਸਿਰ ਬੱਝਦਾ ਹੈ। ਮਹਾਤਮਾ ਜਯੋਤੀਰਾਓ ਫੂਲੇ ਉਨੀਵੀਂ ਸਦੀ ਦੇ ਉਘੇ ਅਮਰੀਕੀ ਸਿਆਸੀ ਕਾਰਕੁਨ, ਸਿਧਾਂਤਕਾਰ, ਦਾਰਸ਼ਨਿਕ ਤੇ ਇਨਕਲਾਬੀ ਥਾਮਸ ਪੇਨ ਦੀਆਂ ਲਿਖਤਾਂ ਤੋਂ ਪ੍ਰਭਾਵਿਤ ਹੋਏ ਸਨ ਤਾਂ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੇ ਬਰਾਬਰੀ ਤੇ ਆਜ਼ਾਦੀ ਦੇ ਸਬਕ ਅਮਰੀਕਾ ਦੀਆਂ ਜਮਹੂਰੀ ਅਤੇ ਉਦਾਰਵਾਦੀ ਕਦਰਾਂ-ਕੀਮਤਾਂ ਤੋਂ ਹਾਸਲ ਕੀਤੇ ਸਨ, ਜਿੱਥੇ ਉਹ ਗਦਰ ਲਹਿਰ ਦੇ ਇਨਕਲਾਬੀ ਆਜ਼ਾਦੀ ਘੁਲਾਟੀਆਂ ਦੇ ਸੰਪਰਕ ਵਿਚ ਆਏ ਸਨ। ਵਾਪਸ ਆ ਕੇ ਉਨ੍ਹਾਂ ਆਪਣੇ ਜ਼ੱਦੀ ਪਿੰਡ ਵਿਚ ਕਥਿਤ ਨੀਵੀਆਂ ਜਾਤਾਂ ਦੇ ਬੱਚਿਆਂ ਲਈ ਪ੍ਰਾਇਮਰੀ ਸਕੂਲ ਖੋਲ੍ਹਿਆ। ਮਹਾਰਾਸ਼ਟਰ ਵਿਚ ਆਪਣੇ ਪੂਰਬਲੇ ਸਾਥੀਆਂ ਵਾਂਗ ਉਨ੍ਹਾਂ ਨੂੰ ਵੀ ਛੂਤ-ਛਾਤ ਜਿਹੀਆਂ ਦਮਨਕਾਰੀ ਵਿਵਸਥਾਵਾਂ ਖਿਲਾਫ ਜੱਦੋਜਹਿਦ ਵਿਚ ਕਥਿਤ ਉਚੀਆਂ ਜਾਤਾਂ ਦੇ ਲੋਕਾਂ ਦੇ ਸਖਤ ਵਿਰੋਧ ਦਾ ਸਾਹਮਣਾ ਕਰਨਾ ਪਿਆ। ਬਾਬੂ ਮੰਗੂ ਰਾਮ ਦੀ ਚਲਾਈ ਆਦਿ ਧਰਮ ਲਹਿਰ ਦਾ ਨਾਂ ਜਲਦੀ ਹੀ ਪੰਜਾਬ ਦੇ ਦਲਿਤ ਘਰਾਂ ਵਿਚ ਗੂੰਜਣ ਲੱਗ ਪਿਆ, ਜਿਵੇਂ ਮਹਾਰਾਸ਼ਟਰ ਵਿਚ ਫੂਲੇ ਦੀ 'ਸਤਿਆਸ਼ੋਧਕ ਸਮਾਜ' ਲਹਿਰ ਦਾ ਨਾਂ ਗੂੰਜ ਰਿਹਾ ਸੀ।

ਬੂਟਾ ਮੰਡੀ 'ਚ ਚਮੜੇ ਦੇ ਉਘੇ ਵਪਾਰੀ ਸੇਠ ਕਿਸ਼ਨ ਦਾਸ ਨੇ ਜਲੰਧਰ ਵਿਚ ਆਦਿ ਧਰਮ ਮੰਡਲ ਦਾ ਮੁੱਖ ਦਫਤਰ ਸਥਾਪਤ ਕਰਨ ਵਿਚ ਮਦਦ ਕੀਤੀ। ਮੰਗੂ ਰਾਮ ਆਪਣੀਆਂ ਅਣਥੱਕ ਕੋਸ਼ਿਸ਼ਾਂ ਦੇ ਬਲਬੂਤੇ ਇਸ ਲਹਿਰ ਨੂੰ ਖਿੱਤੇ ਦੇ ਹਰ ਦਲਿਤਾਂ ਦੇ ਦਰਾਂ ਤੱਕ ਲੈ ਗਏ ਅਤੇ ਜਲਦੀ ਹੀ ਉਨ੍ਹਾਂ ਦੀ ਵੱਡੀ ਗਿਣਤੀ ਬਣ ਗਏ। ਆਦਿ ਧਰਮ ਲਹਿਰ ਦੇ ਝੰਡੇ ਹੇਠ ਉਨ੍ਹਾਂ ਨੀਵੀਆਂ ਜਾਤਾਂ ਦੇ ਲੰਮੇ ਸਮੇਂ ਤੋਂ ਨਕਾਰੇ ਜਾਂਦੇ ਜ਼ਮੀਨੀ ਹੱਕਾਂ ਲਈ ਲੜਾਈ ਲੜੀ ਕਿਉਂਕਿ ਜ਼ਮੀਨੀ ਵੰਡ ਕਾਨੂੰਨ-1900 ਤਹਿਤ ਦਲਿਤਾਂ ਤੇ ਹੋਰ ਗੈਰ ਕਾਸ਼ਤਕਾਰੀ ਜਾਤਾਂ ਤੇ ਜ਼ਮੀਨ ਹਾਸਲ ਕਰਨ ਦੀ ਪਾਬੰਦੀ ਸੀ। ਇਸ ਤੋਂ ਇਲਾਵਾ 'ਰਈਅਤ ਨਾਮਿਆਂ' ਦੀ ਪ੍ਰਥਾ ਤਹਿਤ ਤਥਾਕਥਿਤ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਆਪਣੇ ਅਲੱਗ ਥਲੱਗ ਵਸੇਬਿਆਂ ਵਿਚਲੇ ਰਿਹਾਇਸ਼ੀ ਪਲਾਟਾਂ ਦੇ ਮਾਲਿਕਾਨਾ ਹੱਕ ਤੋਂ ਵੀ ਵਿਰਵੇ ਕੀਤਾ ਗਿਆ ਸੀ। ਉਨ੍ਹਾਂ ਨੂੰ ਇਨ੍ਹਾਂ ਦਲਿਤ ਬਸਤੀਆਂ ਵਿਚ ਪੱਕੇ ਘਰ ਬਣਾਉਣ ਦੀ ਆਗਿਆ ਨਹੀਂ ਸੀ। ਆਦਿ ਧਰਮ ਲਹਿਰ ਵੱਲੋਂ ਅਛੂਤ ਜਾਤਾਂ ਦੇ ਲੋਕਾਂ ਦੇ ਆਰਥਿਕ ਉਥਾਨ ਲਈ ਵਿੱਢਿਆ ਗਿਆ ਅਹਿਮ ਕਾਰਜ ਇਨ੍ਹਾਂ ਦੀ ਸਿੱਖਿਆ ਤੇ ਸਰਕਾਰੀ ਰੁਜ਼ਗਾਰ ਲਈ ਰਾਖਵਾਂਕਰਨ ਵਾਸਤੇ ਵਿਸ਼ੇਸ਼ ਕਾਨੂੰਨ ਦਾ ਪ੍ਰਬੰਧ ਸੀ।

ਆਦਿ ਧਰਮ ਉਸ ਵੇਲੇ ਦੀ ਸਿਆਸੀ ਤੌਰ 'ਤੇ ਧਿਆਨ ਖਿੱਚਣ ਵਾਲੀ ਸ਼ਕਤੀਸ਼ਾਲੀ ਲਹਿਰ ਬਣ ਗਈ ਸੀ, ਜਿਸ ਦੇ ਪਿੱਛੇ ਇਸ ਦੇ ਆਗੂਆਂ ਦੀ ਦੂਰਅੰਦੇਸ਼ੀ ਕੰਮ ਕਰ ਰਹੀ ਸੀ, ਜਿਨ੍ਹਾਂ ਨੇ ਨੀਵੀਆਂ ਜਾਤਾਂ ਦੇ ਵੱਖੋ ਵੱਖਰੇ ਤਬਕਿਆਂ ਨੂੰ ਇਕੋ ਝੰਡੇ ਹੇਠ ਲਾਮਬੰਦ ਕਰਕੇ ਇਨ੍ਹਾਂ ਲੋਕਾਂ ਨੂੰ ਉਵੇਂ ਹੀ ਇਕ ਭਾਈਚਾਰੇ ਵਿਚ ਤਬਦੀਲ ਕਰ ਦਿੱਤਾ ਸੀ ਜਿਵੇਂ ਹਿੰਦੂ, ਸਿੱਖ, ਮੁਸਲਮਾਨ, ਈਸਾਈ ਆਦਿ ਵਿਚਰਦੇ ਸਨ। ਬਾਬੂ ਮੰਗੂ ਰਾਮ ਦਾ ਇਹ ਸਭ ਤੋਂ ਵੱਡਾ ਸਿਆਸੀ ਮਾਅਰਕਾ ਸੀ ਜਿਨ੍ਹਾਂ ਅਜਿਹੇ ਨਾਜ਼ੁਕ ਸਮੇਂ ਤੇ ਦਖਲ ਦਿੱਤਾ ਸੀ ਜਦੋਂ ਸੂਬੇ ਅੰਦਰ ਸੀਮਤ ਸਿੱਧੀਆਂ ਚੋਣਾਂ ਹੋਣ ਵਾਲੀਆਂ ਸਨ।

ਉਨ੍ਹਾਂ 1931 ਦੀ ਮਰਦਮਸ਼ੁਮਾਰੀ ਵਿਚ ਪੰਜਾਬ ਦੀਆਂ ਤਥਾਕਥਿਤ ਨੀਵੀਆਂ ਜਾਤਾਂ ਲਈ ਵੱਖਰਾ ਧਰਮ ਦਰਜ ਕਰਨ ਦੀ ਮੰਗ ਤੇ ਜ਼ੋਰ ਦਿੱਤਾ ਜੋ ਉਨ੍ਹਾਂ ਦੀ ਮੱਤ ਵਿਚ ਨਾ ਹਿੰਦੂ, ਸਿੱਖ ਜਾਂ ਮੁਸਲਮਾਨ ਸਨ ਤੇ ਨਾ ਹੀ ਈਸਾਈ। ਬਾਬੂ ਮੰਗੂ ਰਾਮ ਨੇ ਇਹ ਗੱਲ ਦ੍ਰਿੜ੍ਹਾਈ ਕਿ ਤਥਾਕਥਿਤ ਨੀਵੀਆਂ ਜਾਤਾਂ ਦੇ ਲੋਕ ਇਸ ਦੇਸ਼ ਦੇ ਮੂਲ ਨਿਵਾਸੀ ਹਨ। ਉਨ੍ਹਾਂ ਆਖਿਆ ਸੀ ਕਿ ਆਰੀਆ ਨਸਲ ਦੇ ਧਾੜਵੀਆਂ ਨੇ ਮੂਲ ਨਿਵਾਸੀਆਂ ਨੂੰ ਉਨ੍ਹਾਂ ਦੇ ਰਾਜ ਤੋਂ ਵਿਰਵੇ ਕਰਕੇ, ਉਨ੍ਹਾਂ ਨੂੰ ਲੁੱਟਿਆ ਤੇ ਅੰਤ ਨੂੰ ਉਨ੍ਹਾਂ ਨੂੰ ਗੁਲਾਮ ਬਣਾ ਲਿਆ ਸੀ।

ਭਗਤ ਸਿੰਘ ਨੇ ਆਪਣੇ ਬੇਮਿਸਾਲ ਲੇਖ 'ਅਛੂਤ ਦਾ ਸਵਾਲ' (ਜੋ 1929 ਵਿਚ ਮਾਸਿਕ ਪਰਚੇ 'ਕਿਰਤੀ' ਵਿਚ 'ਵਿਦਰੋਹੀ' ਦੇ ਕਲਮੀ ਨਾਂ ਹੇਠ ਪ੍ਰਕਾਸ਼ਿਤ ਹੋਇਆ ਸੀ) ਵਿਚ ਵਰਣ ਵਿਵਸਥਾ ਦੀ ਤਿੱਖੀ ਨੁਕਤਾਚੀਨੀ ਕੀਤੀ ਸੀ; ਉਹ ਵੱਖਰੇ ਧਰਮ ਦੀ ਕਾਇਮੀ ਲਈ ਆਦਿ ਧਰਮ ਲਹਿਰ ਦੀ ਜੱਦੋਜਹਿਦ ਦੇ ਹਮਾਇਤੀ ਸਨ ਪਰ ਨਾਲ ਹੀ ਉਨ੍ਹਾਂ ਲਹਿਰ ਨੂੰ ਅੰਗਰੇਜ਼ਾਂ ਤੋਂ ਦੂਰੀ ਬਣਾ ਕੇ ਰੱਖਣ ਲਈ ਵੀ ਕਿਹਾ ਸੀ। ਬਾਬੂ ਮੰਗੂ ਰਾਮ ਦੀ ਅਗਵਾਈ ਹੇਠ ਆਦਿ ਧਰਮ ਲਹਿਰ ਨੇ ਦਲਿਤਾਂ ਨੂੰ ਹਿੰਦੂ ਧਰਮ ਦੀ ਵਲਗਣ ਵਿਚੋਂ ਪੂਰੀ ਤਰ੍ਹਾਂ ਕੱਢ ਕੇ ਆਪਣਾ ਪ੍ਰਾਚੀਨ (ਆਦਿ) ਧਰਮ ਮੁੜ ਸਥਾਪਤ ਕਰਕੇ ਉਨ੍ਹਾਂ ਦਾ ਮਾਣ ਸਨਮਾਨ ਬਹਾਲ ਕੀਤਾ ਸੀ। ਉਂਝ, ਆਦਿ ਧਰਮ ਮੁੜ ਸਥਾਪਿਤ ਕਰਨਾ ਸੌਖਾ ਕੰਮ ਨਹੀਂ ਸੀ। ਮੂਲ ਨਿਵਾਸੀਆਂ ਨੂੰ ਧਾੜਵੀਆਂ ਦੇ ਲੰਮੇ ਸ਼ਾਸਨ ਅਧੀਨ ਰਹਿੰਦਿਆਂ ਆਪਣੇ ਗੁਰੂ ਅਤੇ ਧਾਰਮਿਕ ਬਿੰਬ ਵੀ ਭੁੱਲ ਭੁਲਾ ਗਏ ਸਨ।

ਬਾਬੂ ਮੰਗੂ ਰਾਮ ਨੇ ਆਪਣੇ ਲੋਕਾਂ ਲਈ ਵੱਖਰੇ ਧਰਮ ਦੀ ਮੰਗ ਉਭਾਰੀ ਤਾਂ ਕਿ ਉਨ੍ਹਾਂ ਨੂੰ ਮੂਲ ਨਿਵਾਸੀਆਂ ਦੇ ਭਾਈਚਾਰੇ 'ਚ ਜਥੇਬੰਦ ਕੀਤਾ ਜਾ ਸਕੇ। ਆਦਿ ਧਰਮ ਨੂੰ ਸੁਰਜੀਤ ਕਰਨਾ ਮੂਲ ਨਿਵਾਸੀਆਂ ਲਈ ਨਵਾਂ ਧਰਮ ਵਿਕਸਤ ਕਰਨ ਦੇ ਤੁੱਲ ਸੀ। ਅੰਗਰੇਜ਼ਾਂ ਨੇ ਉਨ੍ਹਾਂ ਦੀ ਮੰਗ ਮੁਤਾਬਕ ਵੱਖਰੇ ਆਦਿ ਧਰਮ ਦਾ ਦਰਜਾ ਦਿੱਤਾ ਸੀ। ਆਦਿ ਧਰਮ ਉੱਤਰੀ ਭਾਰਤ ਦੀ ਭਗਤੀ ਲਹਿਰ ਦੇ ਸੰਤਾਂ ਖਾਸ ਕਰ ਗੁਰੂ ਰਵਿਦਾਸ, ਭਗਵਾਨ ਵਾਲਮੀਕ, ਸੰਤ ਕਬੀਰ ਤੇ ਸੰਤ ਨਾਮਦੇਵ ਦੇ ਉਪਦੇਸ਼ਾਂ ਤੇ ਸਿੱਖਿਆਵਾਂ 'ਤੇ ਆਧਾਰਿਤ ਸੀ। ਆਦਿ ਧਰਮ ਦੇ ਆਗੂਆਂ ਨੇ ਗੁਰੂ ਰਵਿਦਾਸ ਦੀ ਰੂਹਾਨੀ ਹਸਤੀ ਆਪਣੇ ਪ੍ਰਵਚਨਾਂ ਦੇ ਕੇਂਦਰ ਵਿਚ ਰੱਖੀ ਜਿਸ ਦੇ ਦੁਆਲੇ ਲਹਿਰ ਦਾ ਸਮੁੱਚਾ ਸਮਾਜਿਕ, ਸਿਆਸੀ ਤੇ ਰੂਹਾਨੀ ਚੌਖਟਾ ਅਤੇ ਵੱਖਰੇ ਦਲਿ ਧਰਮ ਦਾ ਤਾਣਾ-ਬਾਣਾ ਬੁਣਿਆ ਗਿਆ ਸੀ। ਇਸ ਤਰ੍ਹਾਂ ਬਾਬੂ ਮੰਗੂ ਰਾਮ ਨੇ ਦਲਿਤ ਪਛਾਣ ਦੇ ਵੱਖੋ ਵੱਖਰੇ ਤਿਣਕਿਆਂ ਨੂੰ ਜੋੜ ਕੇ ਮੂਲ ਨਿਵਾਸੀਆਂ ਦੇ ਨਾਇਕਾਂ, ਗੁਰੂਆਂ ਤੇ ਉਨ੍ਹਾਂ ਦੀ ਅਮੀਰ ਸਭਿਆਚਾਰਕ ਵਿਰਾਸਤ ਨੂੰ ਸੁਰਜੀਤ ਕਰਨ ਵਿਚ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਦਲਿਤਾਂ ਅੰਦਰ ਖੁਦ ਸ਼ਾਸ਼ਕ ਬਣਨ ਦੀ ਖਾਹਿਸ਼ ਪੈਦਾ ਕੀਤੀ।

1931 ਦੀ ਮਰਦਮਸ਼ੁਮਾਰੀ ਵੇਲੇ ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਦੇ ਕਰੀਬ ਪੰਜ ਲੱਖ ਲੋਕਾਂ ਨੇ ਆਪਣਾ ਧਰਮ 'ਆਦਿ ਧਰਮ' ਦਰਜ ਕਰਵਾਇਆ ਸੀ। ਇਸ ਤੋਂ ਬਾਅਦ ਆਦਿ ਧਰਮ ਦੇ ਪੈਰੋਕਾਰ ਇਕ ਦੂਜੇ ਨੂੰ 'ਆਦਿ ਧਰਮੀ' ਬੁਲਾਉਣ ਲੱਗ ਪਏ।

ਇਸ ਤੋਂ ਇਲਾਵਾ ਆਦਿ ਧਰਮ ਲਹਿਰ ਦੀ ਇਕ ਹੋਰ ਅਹਿਮ ਪ੍ਰਾਪਤੀ ਇਹ ਸੀ ਕਿ ਇਸ ਨੇ 1937 ਤੋਂ 1946 ਤੱਕ ਹੋਈਆਂ ਅਸੈਂਬਲੀ ਚੋਣਾਂ ਵਿਚ ਹੂੰਝਾ ਫੇਰ ਜਿੱਤਾਂ ਦਰਜ ਕੀਤੀਆਂ ਸਨ ਤੇ ਇੰਝ ਇਹ ਪੰਜਾਬ ਅਸੈਂਬਲੀ ਵਿਚ ਅਹਿਮ ਧਿਰ ਬਣ ਕੇ ਉੱਭਰੀ ਸੀ ਜੋ ਬਸਤੀਵਾਦੀ ਭਾਰਤ ਵਿਚ ਕਥਿਤ ਨੀਵੀਆਂ ਜਾਤਾਂ ਦੇ ਇਤਿਹਾਸ ਵਿਚ ਅਜਿਹੀ ਪਹਿਲੀ ਘਟਨਾ ਸੀ। ਬਾਬੂ ਮੰਗੂ ਰਾਮ ਅਤੇ ਆਦਿ ਧਰਮ ਲਹਿਰ ਨੇ ਪੰਜਾਬ 'ਚ ਡਾ. ਅੰਬੇਡਕਰ ਦੇ ਮਿਸ਼ਨ ਦੇ ਬੀਜ ਲਈ ਜਰਖੇਜ਼ ਜ਼ਮੀਨ ਤਿਆਰ ਕਰ ਦਿੱਤੀ ਸੀ।

ਅਛੂਤ ਜਾਤਾਂ ਲਈ ਵੱਖਰੇ ਚੁਣਾਵੀ ਦਰਜੇ ਦੀ ਜੱਦੋਜਹਿਦ ਲਈ ਲੰਡਨ ਗੋਲਮੇਜ਼ ਕਾਨਫਰੰਸ ਦੌਰਾਨ ਡਾ. ਅੰਬੇਡਕਰ ਦੇ ਸਟੈਂਡ ਦੇ ਹੱਕ ਵਿਚ ਬਾਬੂ ਮੰਗੂ ਰਾਮ ਨੇ ਉਨ੍ਹਾਂ ਨੂੰ ਕਈ ਤਾਰਾਂ ਭੇਜ ਕੇ ਹਮਾਇਤ ਦਿੱਤੀ ਸੀ, ਜਦੋਂ ਡਾ. ਅੰਬੇਡਕਰ ਅਤੇ ਮਹਾਤਮਾ ਗਾਂਧੀ ਭਾਰਤ ਦੇ ਅਛੂਤਾਂ ਦੀ ਅਗਵਾਈ ਦੇ ਸਵਾਲ ਤੇ ਇਕ ਦੂਜੇ ਵਿਰੁੱਧ ਡਟੇ ਹੋਏ ਸਨ। ਉਘੇ ਅਮਰੀਕੀ ਸਮਾਜ ਸ਼ਾਸਤਰੀ ਮਾਰਕ ਜਰਗਨਸਮਾਇਰ ਨੇ ਆਪਣੀ ਸ਼ਾਹਕਾਰ ਰਚਨਾ 'ਰਿਲੀਜੀਅਸ ਰੈਬਲਜ਼ ਇਨ ਦਿ ਪੰਜਾਬ: ਦਿ ਆਦਿ ਧਰਮ ਚੈਲੇਂਜ ਟੂ ਕਾਸਟ' ਵਿਚ ਆਦਿ ਧਰਮ ਲਹਿਰ ਵੱਲੋਂ ਸਦੀਆਂ ਪੁਰਾਣੀ ਵਰਣ ਵਿਵਸਥਾ ਦੇ ਜੂਲੇ ਹੇਠੋਂ ਨਿਕਲਣ ਅਤੇ ਦਲਿਤਾਂ ਵਿਚ ਸਮਾਜਿਕ ਤੇ ਸਿਆਸੀ ਚੇਤਨਾ ਪੈਦਾ ਕਰਨ ਵਿਚ ਪਾਏ ਯੋਗਦਾਨ ਨੂੰ ਦਰਜ ਕੀਤਾ ਹੈ।

**Postal Address of Desh Doaba : 5101 Doe Hollow Pl, Antelope, CA. 95843**

The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਿਆ

**ਨਵੀਂ ਦਿੱਲੀ–** ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਮਾਸਿਕ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' 'ਤੇ ਰਾਸ਼ਟਰ ਨੂੰ ਸੰਬੋਧਨ ਕੀਤਾ। ਇਹ ਸ਼ੋਅ ਦਾ 93ਵਾਂ ਐਪੀਸੋਡ ਸੀ। ਪੀਐਮ ਮੋਦੀ ਨੇ ਕਿਹਾ ਕਿ ਅੰਮ੍ਰਿਤ ਮਹੋਤਸਵ ਦਾ ਖਾਸ ਦਿਨ 28 ਸਤੰਬਰ ਨੂੰ ਆ ਰਿਹਾ ਹੈ। ਇਸ ਦਿਨ ਅਸੀਂ ਭਾਰਤ ਮਾਤਾ ਦੇ ਬਹਾਦਰ ਪੁੱਤਰ ਭਗਤ ਸਿੰਘ ਜੀ ਦਾ ਜਨਮ ਦਿਨ ਮਨਾਵਾਂਗੇ। ਅਸੀਂ ਇੱਕ ਮਹੱਤਵਪੂਰਨ ਫੈਸਲਾ ਲਿਆ ਹੈ। ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਹੁਣ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦਾ ਫੈਸਲਾ ਕੀਤਾ ਗਿਆ ਹੈ। ਇਸ ਦੀ ਲੰਬੇ ਸਮੇਂ ਤੋਂ ਉਡੀਕ ਕੀਤੀ ਜਾ ਰਹੀ ਸੀ। ਦੱਸ ਦੇਈਏ ਕਿ ਇਸ ਹਵਾਈ ਅੱਡੇ ਦੇ ਨਾਂ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਵਿਚਾਲੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਸੀ ਕਿਉਂਕਿ ਇਸ ਦੇ ਨਿਰਮਾਣ ਵਿਚ ਕੇਂਦਰ ਸਰਕਾਰ ਤੋਂ ਇਲਾਵਾ ਪੰਜਾਬ ਅਤੇ ਹਰਿਆਣਾ ਦੀ ਵੀ ਹਿੱਸੇਦਾਰੀ ਹੈ। ਪੰਜਾਬ ਸਰਕਾਰ ਇਸ ਨੂੰ ਮੁਹਾਲੀ ਕੌਮਾਂਤਰੀ ਹਵਾਈ ਅੱਡਾ ਦੱਸ ਰਹੀ ਹੈ। ਪੰਜਾਬ ਅਤੇ ਹਰਿਆਣਾ ਇਸ ਨਾਂ 'ਤੇ ਕਦੇ ਵੀ ਸਹਿਮਤ ਨਹੀਂ ਹੋ ਸਕੇ। ਦੋਵਾਂ ਰਾਜਾਂ ਵਿਚਾਲੇ ਇਹ ਮਾਮਲਾ ਪੰਜਾਬ-ਹਰਿਆਣਾ ਹਾਈਕੋਰਟ ਤੱਕ ਵੀ ਪਹੁੰਚਿਆ, ਜਿੱਥੇ ਦੋਵਾਂ ਸੂਬਿਆਂ ਨੂੰ ਮਿਲ ਬੈਠ ਕੇ ਮਸਲਾ ਹੱਲ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਤੋਂ ਬਾਅਦ ਅਗਸਤ ਵਿੱਚ ਪੰਜਾਬ ਅਤੇ ਹਰਿਆਣਾ ਨੇ ਚੰਡੀਗੜ੍ਹ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਦਾ ਨਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਸਹਿਮਤੀ ਪ੍ਰਗਟਾਈ। ਇਸ ਮੁੱਦੇ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹਰਿਆਣਾ ਦੇ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ ਵਿਚਾਲੇ ਸਹਿਮਤੀ ਬਣੀ।




ਉਧਰ, ਸਿਆਸੀ ਆਗੂਆਂ ਵੱਲੋਂ ਇਸ ਦਾ ਸਿਹਰਾ ਆਪਣੇ ਸਿਰ ਲੈਣ ਲਈ ਜ਼ੋਰ-ਅਜਮਾਈ ਕੀਤੀ ਜਾ ਰਹੀ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਆਖਿਆ ਕਿ ਇਹ ਉਨ੍ਹਾਂ ਦੀਆਂ ਕੋਸ਼ਿਸ਼ਾਂ ਨੂੰ ਬੂਰ ਪਿਆ ਹੈ।

ਉਨ੍ਹਾਂ ਨੇ ਇਸ ਸਬੰਧੀ ਟਵੀਟ ਕੀਤਾ ਤੇ ਲਿਖਿਆ- ਆਖ਼ਿਰਕਾਰ ਸਾਡੀਆਂ ਕੋਸ਼ਿਸ਼ਾਂ ਨੂੰ ਬੂਰ ਪਿਆ...ਚੰਡੀਗੜ੍ਹ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਜੀ ਦੇ ਨਾਮ 'ਤੇ ਰੱਖਣ ਦੇ ਫ਼ੈਸਲੇ ਦਾ ਪੂਰੇ ਪੰਜਾਬ ਤਰਫੋਂ ਸਵਾਗਤ ਕਰਦੇ ਹਾਂ...ਪ੍ਰਧਾਨ ਮੰਤਰੀ @narendramoid ਜੀ ਦਾ ਤਹਿ ਦਿਲੋਂ ਧੰਨਵਾਦ...ਪੰਜਾਬੀਆਂ ਦੀ ਪਿਛਲੇ ਲੰਮੇ ਸਮੇਂ ਤੋਂ ਵੱਡੀ ਮੰਗ ਪੂਰੀ ਹੋਈ... ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਆਖਿਆ ਹੈ ਕਿ ਮੋਹਾਲੀ ਹਵਾਈ ਅੱਡੇ ਦਾ ਨਾਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਸਾਡੀ ਮੰਗ ਨੂੰ ਸਵੀਕਾਰ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੇ ਧੰਨਵਾਦੀ ਹਾਂ। ਇਹ ਮਹਾਨ ਆਜ਼ਾਦੀ ਘੁਲਾਟੀਏ ਨੂੰ ਇੱਕ ਢੁਕਵੀਂ ਸ਼ਰਧਾਂਜਲੀ ਹੈ ਜਿਸ ਨੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕੀਤੀ ਅਤੇ ਲੱਖਾਂ ਦੇਸ਼ ਵਾਸੀਆਂ ਲਈ ਇੱਕ ਪ੍ਰੇਰਨਾ ਸਰੋਤ ਹੈ।

## ਆਕਾਸ਼ ਸਿੰਘ ਖ਼ਾਲਸਾ ਬਣਿਆ ਪਾਕਿ ਦਾ ਪਹਿਲਾ ਸਿੱਖ ਕਸਟਮ ਇੰਟੈਲੀਜੈਂਸ ਇੰਸਪੈਕਟਰ

**ਅੰਮ੍ਰਿਤਸਰ–** ਪਾਕਿਸਤਾਨੀ ਫ਼ੌਜ, ਰੇਂਜਰਜ਼, ਟ੍ਰੈਫਿਕ ਪੁਲਿਸ, ਰੇਸਕਿਊ ਪੁਲਿਸ, ਨੇਵੀ ਆਦਿ ਸੁਰੱਖਿਆ ਖੇਤਰ ਨਾਲ ਜੁੜੇ ਖੇਤਰਾਂ ਵਿਚ ਪਹਿਲਾਂ ਹੀ ਪਾਕਿਸਤਾਨੀ ਸਿੱਖ ਸੇਵਾਵਾਂ ਦੇ ਰਹੇ ਹਨ, ਜਦਕਿ ਹੁਣ ਸੂਬਾ ਬਲੋਚਿਸਤਾਨ ਦੇ ਡੇਰਾ ਬੁਗਤੀ ਵਿਚ ਜਨਮੇ ਆਕਾਸ਼ ਸਿੰਘ ਖ਼ਾਲਸਾ ਪੁੱਤਰ ਗੋਬਿੰਦ ਸਿੰਘ ਦੀ ਨਿਯੁਕਤੀ ਕਸਟਮ ਇੰਟੈਲੀਜੈਂਸ ਇੰਸਪੈਕਟਰ (ਗ੍ਰੇਡ ਬੀ ਐਸ 16) ਵਜੋਂ ਕੀਤੀ ਗਈ ਹੈ।



ਇਸ ਅਹੁਦੇ 'ਤੇ ਨਿਯੁਕਤ ਹੋਣ ਵਾਲੇ ਉਹ ਪਹਿਲੇ ਪਾਕਿਸਤਾਨੀ ਸਿੱਖ ਹਨ। ਆਕਾਸ਼ ਸਿੰਘ ਨੇ ਦੱਸਿਆ ਕਿ ਸਾਲ 2004 ਵਿਚ ਉਨ੍ਹਾਂ ਦਾ ਪਰਿਵਾਰ ਡੇਰਾ ਬੁਗਤੀ ਵਿਚ ਹਾਲਾਤ ਖ਼ਰਾਬ ਹੋਣ 'ਤੇ ਸੂਬਾ ਸਿੰਧ ਦੇ ਕਸ਼ਮੋਰ ਵਿਚ ਆਬਾਦ ਹੋ ਗਿਆ। ਉੱਥੇ ਸਕੂਲੀ ਪੜ੍ਹਾਈ ਮੁਕੰਮਲ ਕਰਨ ਉਪਰੰਤ ਗੌਰਮਿੰਟ ਕਾਲਜ ਲਾਹੌਰ ਤੋਂ ਗ੍ਰੈਜੂਏਸ਼ਨ ਤੇ ਫਿਰ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ ਆਕਾਸ਼ ਸਿੰਘ ਨੇ ਐੱਲ ਐੱਲ ਬੀ ਕੀਤੀ। ਕਸਟਮ ਇੰਟੈਲੀਜੈਂਸ ਇੰਸਪੈਕਟਰ ਦੇ ਅਹੁਦੇ 'ਤੇ ਨਿਯੁਕਤ ਹੋਣ ਤੋਂ ਪਹਿਲਾਂ ਤਕ ਉਹ ਲਾਹੌਰ ਤੇ ਕਰਾਚੀ 'ਚ ਹਾਈ ਕੋਰਟ ਦੇ ਵਕੀਲ ਵਜੋਂ ਸੇਵਾਵਾਂ ਦੇ ਰਿਹਾ ਸੀ।

## ਮੁੱਖ ਮੰਤਰੀ ਭਗਵੰਤ ਮਾਨ ਵਲੋਂ ਨਿੰਦਰ ਘੁਗਿਆਣਵੀ ਦੇ ਮਾਤਾ ਦਾ ਸਨਮਾਨ

**ਫਰੀਦਕੋਟ–** ਜਿਲਾ ਫਰੀਦਕੋਟ ਦੇ ਪਿੰਡ ਘੁਗਿਆਣਾ ਦੇ ਜੰਮਪਲ ਤੇ 57 ਕਿਤਾਬਾਂ ਦੇ ਸਿਰਜਕ , ਪੰਜਾਬ ਦੇ ਸ਼ਰੋਮਣੀ ਸਾਹਿਤਕਾਰ ਸ਼੍ਰੀ ਨਿੰਦਰ ਘੁਗਿਆਣਵੀ ਨੂੰ ਸਾਲ 2022 ਦੇ ਬਾਬਾ ਸ਼ੇਖ ਫਰੀਦ ਯਾਦਗਾਰੀ ਮੇਲੇ 'ਤੇ ਜਿਲੇ ਦੀ ਪੰਜਾਹਵੀਂ ਵਰੇ ਗੰਢ ਮਨਾਉਂਦਿਆਂ ਫਰੀਦਕੋਟ ਜਿਲਾ ਪ੍ਰਸ਼ਾਸ਼ਨ ਵਲੋਂ ਵੱਖ-ਵੱਖ ਖੇਤਰਾਂ ਦੀਆਂ 50 ਅਹਿਮ ਸ਼ਖਸੀਅਤਾਂ ਦੀ ਚੋਣ ਵਿਚ ਸਨਮਾਨਿਤ ਕਰਨ ਲਈ ਚੁਣਿਆ ਗਿਆ ਪਰ ਉਹ ਕਿਸੇ ਕਾਰਨ ਸਮਾਰੋਹ ਵਿਚ ਨਹੀਂ ਪੁੱਜ ਸਕੇ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਹ ਪੁਰਸਕਾਰ ਉਨਾਂ ਦੇ ਮਾਤਾ ਸ਼੍ਰੀ ਮਤੀ ਰੂਪ ਰਾਣੀ ਨੂੰ ਭੇਟ ਕੀਤਾ ਤੇ ਆਖਿਆ ਕਿ ਨਿੰਦਰ, ਹਮੇਸ਼ਾ ਉਨਾਂ ਦਾ ਛੋਟਾ ਭਰਾ ਰਿਹਾ ਹੈ ਤੇ ਰਹੇਗਾ ਵੀ। ਮੁੱਖ ਮੰਤਰੀ ਨੇ ਮਾਤਾ ਜੀ ਨੂੰ ਪੁਰਸਕਾਰ ਦੀ ਵਧਾਈ ਦਿੰਦਿਆਂ ਉਨਾਂ ਤੋਂ ਆਸ਼ੀਰਵਾਦ ਹਾਸਲ ਕੀਤਾ। ਇਸ ਮੌਕੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ, ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ, ਉਘੇ ਗੀਤਕਾਰ ਬਾਬੂ ਸਿੰਘ ਮਾਨ ਮਰਾੜਾਂ ਵਾਲੇ, ਸਾਬਕਾ ਐਮ ਪੀ ਪ੍ਰੋ ਸਾਧੂ ਸਿੰਘ ਮ, ਵਿਧਾਇਕ ਅਮੋਲਕ ਸਿੰਘ ਜੈਤੋ, ਡਿਪਟੀ ਕਮਿਸ਼ਨਰ ਡਾ ਰੂਹੀ ਦੁੱਗ ਆਈ ਏ ਐਸ, ਫਰੀਦਕੋਟ ਦੇ ਐਸ ਐਸ ਪੀ ਰਾਜਪਾਲ ਸਿੰਘ ਸੰਧੂ, ਆਈ ਜੀ ਪੀ ਕੇ ਯਾਦਵ ਆਈ ਪੀ ਐਸ ਤੇ ਕਮਿਸ਼ਨਰ ਸ਼੍ਰੀ ਚੰਦਰ ਗੈਂਦ ਆਈ ਏ ਐਸ ਵੀ ਹਾਜਰ ਸਨ।





**ਕੈਲੀਫੋਰਨੀਆ ਤੋਂ ਲਿਖਦੇ : ਹੁਸਨ ਲੜੋਆ ਬੰਗਾ**

### ਸਾਫ ਪੀਣ ਵਾਲਾ ਪਾਣੀ ਨਾ ਮਿਲਣ ਦਾ ਮਾਮਲਾ

# ਅਮਰੀਕਾ ਦੇ ਮਿਸੀਸਿੱਪੀ ਰਾਜ ਦੀ ਰਾਜਧਾਨੀ ਜੈਕਸਨ ਵਾਸੀਆਂ ਨੇ ਪ੍ਰਸ਼ਾਸਨ, ਮੇਅਰ ਤੇ ਹੋਰਨਾਂ ਵਿਰੁੱਧ ਦਾਇਰ ਕੀਤੀ ਪਟੀਸ਼ਨ

**ਸੈਕਰਾਮੈਂਟੋ 24 ਸਤੰਬਰ–** ਅਮਰੀਕਾ ਦੇ ਮਿਸੀਸਿੱਪੀ ਰਾਜ ਦੀ ਰਾਜਧਾਨੀ ਜੈਕਸਨ ਵਾਸੀਆਂ ਨੇ ਸ਼ਹਿਰ ਵਿਚ ਸਾਫ ਪੀਣ ਵਾਲੇ ਪਾਣੀ ਦੇ ਮੁੱਦੇ 'ਤੇ ਪ੍ਰਸ਼ਾਸਨ , ਮੇਅਰ, ਸਾਬਕਾ ਮੇਅਰ ਤੇ ਅਨੇਕਾਂ ਹੋਰ ਅਧਿਕਾਰੀਆਂ ਵਿਰੁੱਧ ਪਟੀਸ਼ਨ ਦਾਇਰ ਕੀਤੀ ਹੈ। 99 ਸਫਿਆਂ ਦੀ ਇਸ ਪਟੀਸ਼ਨ ਵਿਚ ਮੰਗ ਕੀਤੀ ਗਈ ਹੈ ਕਿ ਸਾਫ ਪੀਣ ਵਾਲਾ ਪਾਣੀ ਨਾ ਮਿਲਣ ਕਾਰਨ ਹੋਏ ਨੁਕਸਾਨ ਦੀ ਭਰਪਾਈ ਲਈ ਮੁਆਵਜ਼ਾ ਦਿੱਤਾ ਜਾਵੇ। ਸਮੁੱਚੇ ਵਾਸੀਆਂ ਦੀ ਤਰਫੋਂ 4 ਵਿਅਕਤੀਆਂ ਦੁਆਰਾ ਦਾਇਰ ਕੀਤੀ ਇਸ 'ਕਲਾਸ ਐਕਸ਼ਨ ਲਾਅਸੂਟ' ਵਿਚ ਮੰਗ ਕੀਤੀ ਗਈ ਹੈ ਕਿ ਪਾਣੀ ਦੇ ਬਿੱਲ ਰੱਦ ਕੀਤੇ ਜਾਣ ਜਾਂ ਨਾ ਲਏ ਜਾਣ, ਸ਼ਹਿਰ ਵਿਚ ਪਾਣੀ ਦੇ ਨਮੂਨਿਆਂ ਦੀ ਪਰਖ ਨਿਰੰਤਰ ਕੀਤੀ ਜਾਵੇ, ਕਮਿਊਨਿਟੀ ਹੈਲਥ ਸਿਸਟਮ ਬਣਾਇਆ ਜਾਵੇ ਤੇ ਅਸੁਰੱਖਿਅਤ ਪਾਣੀ ਪੀਣ ਕਾਰਨ ਮਨੁੱਖੀ ਸਰੀਰ ਵਿਚ ਪੈਦਾ ਹੋਏ ਰੋਗਾਂ ਦੀ ਜਾਂਚ ਲਈ



ਮੈਡੀਕਲ ਟੈਸਟ ਵਿਵਸਥਾ ਕਾਇਮ ਕੀਤੀ ਜਾਵੇ। ਪਿਛਲੇ ਮਹੀਨੇ ਆਏ ਹੜ ਕਾਰਨ ਸ਼ਹਿਰ ਦਾ ਮੁੱਖ ਵਾਟਰ ਟਰੀਟਮੈਂਟ ਪਲਾਂਟ ਨੁਕਸਾਨਿਆ ਗਿਆ ਸੀ ਜਿਸ ਕਾਰਨ ਸ਼ਹਿਰ ਵਾਸੀਆਂ ਨੂੰ ਸਾਫ ਪੀਣ ਵਾਲਾ ਪਾਣੀ ਮਿਲਣਾ ਬੰਦ ਹੋ ਗਿਆ ਸੀ। ਖਾਣਾ ਪਕਾਉਣ ਤੇ ਹੋਰ ਕੰਮਾਂ ਲਈ ਵਰਤਿਆ ਜਾਂਦਾ ਪਾਣੀ ਲੈਣ ਲਈ ਲੋਕਾਂ ਨੂੰ ਕਈ ਘੰਟਿਆਂ ਤੱਕ ਕਤਾਰਾਂ ਵਿਚ ਲੱਗਣਾ ਪਿਆ। ਜੈਕਸਨ ਸ਼ਹਿਰ ਦੀ ਪਾਣੀ ਦੀ ਸਮੱਸਿਆ ਨਵੀਂ ਨਹੀਂ ਹੈ।

2020 ਦੇ ਸ਼ੁਰੂ ਵਿਚ ਇਨਵਾਇਰਨਮੈਂਟਲ ਪ੍ਰੋਟੈਕਸ਼ਨ ਏਜੰਸੀ ਨੇ ਸਿੱਟਾ ਕੱਢਿਆ ਸੀ ਕਿ ਪਾਣੀ ਵਿਚ ਖਤਰਨਾਕ ਕਿਟਾਣੂ ਜਾਂ ਪਰਜੀਵ ਹਨ। ਪਿਛਲੇ ਸਾਲ ਵੀ ਫਰਵਰੀ ਵਿਚ ਆਏ ਬਰਫੀਲੇ ਤੂਫਾਨ ਕਾਰਨ ਪਾਣੀ ਵਾਲੀਆਂ ਪਾਈਪਾਂ ਜੰਮ ਗਈਆਂ ਸਨ ਜਾਂ ਟੁੱਟ ਗਈਆਂ ਸਨ ਜਿਸ ਕਾਰਨ ਇਕ ਮਹੀਨਾ ਸ਼ਹਿਰ ਵਾਸੀਆਂ ਨੂੰ ਸਾਫ ਪੀਣ ਵਾਲਾ ਪਾਣੀ ਨਹੀਂ ਮਿਲ ਸਕਿਆ ਸੀ ਤੇ ਲੋਕ ਉਬਾਲ ਕੇ ਪਾਣੀ ਪੀਣ ਲਈ ਮਜਬੂਰ ਹੋਏ ਸਨ। ਦਾਇਰ ਪਟੀਸ਼ਨ ਵਿਚ ਹੋਰ ਕਿਹਾ ਗਿਆ ਹੈ ਕਿ ਜੈਕਸਨ ਸ਼ਹਿਰ ਨੂੰ ਦਹਾਕਿਆਂ ਤੋਂ ਅਖੋਂ ਪਰੋਖੇ ਕੀਤਾ ਗਿਆ ਹੈ। ਸ਼ਹਿਰ ਦੀ ਕੁਲ ਆਬਾਦੀ ਡੇਢ ਲੱਖ ਹੈ ਜਿਸ ਵਿਚ 82।5% ਲੋਕ ਕਾਲੇ ਹਨ ਤੇ 24% ਤੋਂ ਵਧ ਆਬਾਦੀ ਗਰੀਬੀ ਦਾ ਸੰਤਾਪ ਹੰਢਾ ਰਹੀ ਹੈ।

# ਆਈ ਐਸ ਆਈ ਐਸ ਤੋਂ ਪ੍ਰਭਾਵਿਤ ਹੋ ਕੇ ਪੁਲਿਸ ਅਫਸਰਾਂ ਉਪਰ ਹਮਲਾ ਕਰਨ ਵਾਲੇ ਅੱਤਵਾਦੀ ਨੂੰ 30 ਸਾਲ ਦੀ ਜੇਲ

**ਸੈਕਰਾਮੈਂਟੋ 23 ਸਤੰਬਰ–** ਕੱਟੜ ਇਸਲਾਮਿਕ ਅੱਤਵਾਦੀ ਸੰਗਠਨ ਆਈ ਐਸ ਆਈ ਐਸ ਤੋਂ ਪ੍ਰਭਾਵਤ ਹੋ ਕੇ ਨਿਊਯਾਰਕ ਪੁਲਿਸ ਵਿਭਾਗ ਦੇ ਅਫਸਰਾਂ ਉਪਰ ਹਮਲਾ ਕਰਨ ਵਾਲੇ ਅੱਤਵਾਦੀ ਨੂੰ ਇਕ ਅਦਾਲਤ ਨੇ 30 ਸਾਲ ਦੀ ਸਜ਼ਾ ਸੁਣਾਈ ਹੈ। ਨਿਊਯਾਰਕ ਦੇ ਪੂਰਬੀ ਜਿਲੇ ਦੇ ਯੂ ਐਸ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਬੋਸਨੀਆ ਦਾ ਨਾਗਰਿਕ ਡਜੇਨਨ ਕਾਮੋਵਿਕ ਜੋ ਬਰੁੱਕਲਿਨ ਵਿਚ ਗੈਰ ਕਾਨੂੰਨੀ ਢੰਗ ਨਾਲ ਰਹਿ ਰਿਹਾ ਸੀ, ਨੂੰ ਇਸ ਸਾਲ ਮਾਰਚ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਸੀ ਤੇ ਉਸ ਨੇ ਆਪਣਾ ਗੁਨਾਹ ਕਬੂਲ ਵੀ ਕਰ ਲਿਆ ਸੀ। ਕਾਮੋਵਿਕ ਨੂੰ ਸਜ਼ਾ ਪੂਰੀ ਹੋਣ 'ਤੇ ਅਮਰੀਕਾ ਵਿਚੋਂ ਕੱਢ ਦਿੱਤਾ ਜਾਵੇਗਾ। ਬਿਆਨ ਅਨੁਸਾਰ ਕਾ-ਮੋਵਿਕ ਆਈ ਐਸ ਆਈ ਐਸ ਦੀ ਨਫਰਤ ਵਾਲੀ ਵਿਚਾਰਧ-ਾਰਾ ਤੇ ਉਸ ਦੀਆਂ ਕਾਰਵਾਈਆਂ ਤੋਂ ਪ੍ਰਭਾਵਿਤ ਸੀ। ਇਸਤਗਾਸਾ ਪੱਖ ਵੱਲੋਂ ਆਇਦ ਦੋਸ਼ਾਂ ਅਨੁਸਾਰ ਕਾਮੋਵਿਕ ਨੇ 3 ਜੂਨ 2020 ਦੀ ਰਾਤ ਨੂੰ ਪੁਲਿਸ ਅਫਸਰਾਂ ਨੂੰ ਨਿਸ਼ਾਨਾ ਬਣਾਇਆ। ਸਭ ਤੋਂ ਪਹਿਲਾਂ ਉਸ ਨੇ ਇਕ ਪੁਲਿਸ ਅਫਸਰ ਦੀ ਗਰਦਨ ਉਪਰ ਚਾਕੂ ਨਾਲ ਹਮਲਾ ਕੀਤਾ। ਉਸ ਕੋਲੋਂ ਗੰਨ ਖੋਹ ਕੇ ਦੂਸਰੇ ਅਫਸਰਾਂ ਉਪਰ ਗੋਲੀਆਂ ਚਲਾ ਕੇ ਦੋ ਨੂੰ ਜ਼ਖਮੀ ਕਰ ਦਿੱਤਾ ਸੀ। ਹਮਲੇ ਦੌਰਾਨ ਉਸ ਨੇ ਵਾਰ ਵਾਰ 'ਅਲਾ ਹੂ ਅਕਬਰ' ਪੁਕਾਰਿਆ। ਜਵਾਬੀ ਕਾਰਵਾਈ ਵਿਚ ਕਾਮੋਵਿਕ ਦੇ ਕਈ ਗੋਲੀਆਂ ਵੱਜੀਆਂ ਸਨ ਪਰ ਉਹ ਬੱਚ ਗਿਆ ਸੀ। ਇਸ ਤੋਂ ਪਹਿਲਾਂ ਅਮਰੀਕੀ ਸਰਕਾਰ ਨੇ ਕਿਹਾ ਸੀ ਕਿ ਜਾਂਚ ਪੜਤਾਲ ਤੋਂ ਬਾਅਦ ਪਤਾ ਲੱਗਾ ਹੈ ਕਿ ਜੂਨ 2020 ਦੇ ਹਮਲੇ ਤੋਂ ਪਹਿਲਾਂ ਕਾਮੋਵਿਕ ਨੇ ਬਹੁਤ ਸਾਰੀ ਅਜਿਹੀ ਸਮਗਰੀ ਇਕੱਠੀ ਕੀਤੀ ਸੀ ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਹਿੰਸਕ ਇਸਲਾਮਿਕ ਅੱਤਵਾਦ ਵਿਚ ਦਿਲਚਸਪੀ ਰਖਦਾ ਸੀ ਤੇ ਉਹ ਹਿੰਸਕ ਗਤੀਵਿਧੀਆਂ ਦਾ ਸਮਰਥਨ ਕਰਦਾ ਸੀ। ਉਹ ਕੱਟੜ ਅੱਤਵਾਦੀ ਸੰਗਠਨ ਇਸਲਾਮਿਕ ਸਟੇਟ ਆਫ ਇਰਾਕ ਐਂਡ ਅਲ-ਸ਼ਾਮ (ਆਈ ਐਸ ਆਈ ਐਸ) ਤੇ ਜਿਹਾਦ ਵਿਚ ਲੱਗੇ ਹੋਰ ਸੰਗਠਨਾਂ ਦਾ ਸਮਰਥਕ ਸੀ। ਐਫ ਬੀ ਆਈ ਨਿਊਯਾਰਕ ਦੇ ਖੇਤਰੀ ਦਫਤਰ ਦੇ ਇੰਚਾਰਜ ਅਸਿਸਟੈਂਟ ਡਾਇਰੈਕਟਰ ਮਾਈਕਲ ਜੇ ਡਰਿਸਕੋਲ ਨੇ ਸਜ਼ਾ ਉਪਰ ਟਿੱਪਣੀ ਕਰਦਿਆਂ ਕਿਹਾ ਹੈ ਕਿ ਅਦਾਲਤ ਦੇ ਅੱਜ ਦੇ ਫੈਸਲੇ ਤੋਂ ਪਤਾ ਲੱਗਦਾ ਹੈ ਕਿ ਨਫਰਤੀ ਹਿੰਸਾ ਦੇ ਦੋਸ਼ੀ ਚਾਹੇ ਉਹ ਕੋਈ ਵੀ ਹੋਵੇ, ਨੂੰ ਸਿੱਟੇ ਭੁੱਗਤਣੇ ਪੈਣਗੇ। ਉਸ ਨੂੰ ਸਾਡੇ ਨਿਆਂ ਪ੍ਰਣਾਲੀ ਤਹਿਤ ਸਖਤ ਸਜ਼ਾ ਦਾ ਸਾਹਮਣਾ ਕਰਨਾ ਪਵੇਗਾ।

# ਅਮਰੀਕਾ ਦੇ ਕੋਲੋਰਾਡੋ ਰਾਜ ਵਿਚ ਪੁਲਿਸ ਨੇ ਹੱਥਕੜੀ ਲਾ ਕੇ ਸ਼ੱਕੀ ਦੋਸ਼ੀ ਨੂੰ ਰੇਲਵੇ ਪੱਟੜੀ ਉਪਰ ਖੜੀ ਆਪਣੀ ਕਾਰ ਵਿਚ ਛੱਡਿਆ

**ਸੈਕਰਾਮੈਂਟੋ 25 ਸਤੰਬਰ–** ਅਮਰੀਕਾ ਦੇ ਕੋਲੋਰਾਡੋ ਰਾਜ ਦੀ ਪੁਲਿਸ ਨੇ ਇਕ ਸੜਕ ਹਾਦਸੇ ਵਿਚ ਗ੍ਰਿਫਤਾਰ ਕੀਤੇ ਇਕ ਸ਼ੱਕੀ ਦੋਸ਼ੀ ਨੂੰ ਹੱਥਕੜੀ ਲਾ ਕੇ ਰੇਲਵੇ ਪੱਟੜੀ ਉਪਰ ਖੜੀ ਆਪਣੀ ਕਾਰ ਵਿਚ ਛੱਡ ਦਿੱਤਾ। ਕੁਝ ਮਿੰਟਾਂ ਬਾਅਦ ਆਈ ਰੇਲ ਗੱਡੀ ਨੇ ਕਾਰ ਵਿਚ ਜਬਰਦਸਤ ਟੱਕਰ ਮਾਰੀ ਤੇ ਉਹ ਕਾਰ ਨੂੰ ਕਈ ਫੁੱਟ ਘਸੀਟ ਕੇ ਲੈ ਗਈ । ਕਾਰਾਂ ਬੁਰੀ ਤਰਾਂ ਤਬਾਹ ਹੋ ਗਈ। ਹਾਲਾਂ ਕਿ ਸ਼ੱਕੀ ਔਰਤ ਬਚ ਗਈ ਹੈ ਪਰ ਉਸ ਦੀ ਹਾਲਤ ਗੰਭੀਰ ਦਸੀ ਜਾ ਰਹੀ ਹੈ। ਕੋਲੋਰਾਡੋ ਬਿਊਰੋ ਆਫ ਇਨਵੈਸਟੀਗੇਸ਼ਨ ਨੇ ਕਿਹਾ ਹੈ ਕਿ ਸ਼ੱਕੀ ਔਰਤ ਯਾਰੇਨੀ ਰਿਓਸ ਗੌਂਜ਼ਾਲੇਜ਼ ਗੰਭੀਰ ਜ਼ਖਮੀ ਹੈ, ਉਸ ਦੇ ਸਰੀਰ ਦੇ ਕਈ ਥਾਵਾਂ 'ਤੇ ਜ਼ਖਮ ਹਨ ਪਰੰਤੂ ਉਸ ਦੇ ਬਚ ਜਾਣ ਦੀ ਸੰਭਾਵਨਾ ਹੈ। ਪੁਲਿਸ ਨੇ ਇਸ ਘਟਨਾ ਦੀ ਵੀਡੀਓ ਵੀ ਜਾਰੀ ਕੀਤੀ ਹੈ । ਪ੍ਰਾਪਤ ਵੇਰਵੇ ਅਨੁਸਾਰ ਪੁਲਿਸ ਅਫਸਰਾਂ ਨੇ ਸ਼ੱਕੀ ਔਰਤ ਨੂੰ ਗ੍ਰਿਫਤਾਰ ਕਰਕੇ ਰੇਲਵੇ ਪੱਟੜੀ ਉਪਰ ਖੜੀ ਆਪਣੀ ਕਾਰ ਵਿਚ ਛੱਡ ਦਿੱਤਾ ਤੇ ਉਹ ਖੁਦ ਸ਼ੱਕੀ ਔਰਤ ਦੇ ਟਰੱਕ ਦੀ ਤਲਾਸ਼ੀ ਲੈਣ ਲੱਗ ਪਏ ਜੋ ਨਾਲ ਹੀ ਕਾਰ ਦੇ ਪਿੱਛੇ ਖੜਾ ਸੀ। ਕੁਝ ਪਲਾਂ ਵਿਚ ਹੀ ਆਈ ਰੇਲ ਗੱਡੀ ਨੇ ਕਾਰ ਵਿਚ ਟੱਕਰ ਮਾਰ ਦਿੱਤੀ। ਜਾਰੀ ਵੀਡੀਓ ਵਿਚ ਪੁਲਿਸ ਅਫਸਰ ਡਾਕਟਰੀ ਸਹਾਇਤਾ ਦੀ ਮੰਗ ਕਰਦੇ ਹੋਏ ਨਜਰ ਆ ਰਹੇ ਹਨ। ਪਲਾਟੇਵਿਲੇ ਪੁਲਿਸ ਵਿਭਾਗ ਦੇ ਮੁੱਖੀ ਕਾਰਲ ਡਵਾਇਰ ਨੇ ਕਿਹਾ ਹੈ ਕਿ ਜਿਸ ਅਫਸਰ ਨੇ ਰੇਲਵੇ ਪੱਟੜੀ ਉਪਰ ਕਾਰ ਖੜੀ ਕੀਤੀ ਸੀ, ਨੂੰ ਤਨਖਾਹ ਸਮੇਤ ਜਬਰਨ ਛੁੱਟੀ ਉਪਰ ਭੇਜ ਦਿੱਤਾ ਗਿਆ ਹੈ। ਮਾਮਲੇ ਦੀ ਜਾਂਚ ਮੁਕੰਮਲ ਹੋਣ ਤੱਕ ਉਹ ਛੁੱਟੀ 'ਤੇ ਹੀ ਰਹੇਗਾ। ਪੁਲਿਸ ਨੇ ਇਸ ਘਟਨਾ ਵਿਚ ਸ਼ਾਮਿਲ ਹੋਰ ਪੁਲਿਸ ਅਫਸਰਾਂ ਦੇ ਨਾਂ ਨਸ਼ਰ ਨਹੀਂ ਕੀਤੇ ਹਨ। ਵੈਲਡ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਅਜੇ ਤੱਕ ਕਿਸੇ ਵੀ ਸ਼ੱਕੀ ਦੋਸ਼ੀ ਜਾਂ ਪੀੜਤ ਜਾਂ ਕਿਸੇ ਪੁਲਿਸ ਅਫਸਰ ਵਿਰੁੱਧ ਦੋਸ਼ ਆਇਦ ਨਹੀਂ ਕੀਤੇ ਗਏ ਹਨ ਤੇ ਸਮੁੱਚਾ ਮਾਮਲਾ ਜਾਂਚ ਅਧੀਨ ਹੈ। ਇਸੇ ਦੌਰਾਨ ਰਿਓਸ ਗੌਂਜ਼ਾਲੇਜ਼ ਦੇ ਵਕੀਲ ਪੌਲ ਵਿਲਕਿਨਸਨ ਨੇ ਕਿਹਾ ਹੈ ਕਿ ਉਸ ਦੇ ਮੁਵੱਕਲ ਦੇ ਸਰੀਰ ਦੀਆਂ 8 ਪਸਲੀਆਂ ਟੁੱਟ ਗਈਆਂ ਹਨ। ਇਕ ਬਾਂਹ ਟੁੱਟ ਗਈ ਹੈ। ਉਸ ਦੇ ਪਿੱਠ ਤੇ ਸਿਰ ਉਪਰ ਵੀ ਗੰਭੀਰ ਸੱਟਾਂ ਹਨ।

# ਲਾਸ ਏਂਜਲਸ ਵਿੱਚ ਸ਼ਹੀਦੇ ਆਜਮ ਭਗਤ ਸਿੰਘ ਦਾ 115 ਵਾਂ ਜਨਮ ਦਿਨ ਮਨਾਇਆ ਗਿਆ



**ਸੈਕਰਾਮੈਂਟੋ–** ਲਾਸ ਏਂਜਲਸ ਕੈਲੀਫੋਰਨੀਆਂ ਦੇ ਸਿੱਖ ਗੁਰਦੁਆਰਾ ਸਾਹਿਬ ਵਿੱਚ ਸ਼ਹੀਦੇ ਆਜਮ ਭਗਤ ਸਿੰਘ ਦਾ 115ਵਾਂ ਜਨਮ ਦਿਨ ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਤੇ ਨੌਜਵਾਨਾਂ ਵੱਲੋਂ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਜਿਸ ਵਿੱਚ ਭਾਈ ਅਜੀਤ ਸਿੰਘ ਦੇ ਰਾਗੀ ਜੱਥੇ ਨੇ ਇਲਾਹੀ ਬਾਣੀ ਦਾ ਕੀਰਤਨ ਕੀਤਾ ਅਤੇ ਵਿਸ਼ੇਸ਼ ਤੌਰ ਤੇ ਸੱਦੇ ਗਏ ਨੌਜਵਾਨ ਚੜ੍ਹਦੀ ਕਲਾ ਵਾਲਾ ਢਾਡੀ ਜੱਥਾ ਸੰਦੀਪ ਸਿੰਘ ਲੁਹਾਰਾ (ਲੁਧਿਆਣਾ) ਅਤੇ ਸਾਥੀਆਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਇੰਨਕਲਾਬੀ ਇਤਿਹਾਸ ਦੀਆਂ ਢਾਡੀ ਵਾਰਾਂ ਨਾਲ ਸੰਗਤਾਂ ਵਿੱਚ ਜੋਸ਼ ਭਰ ਦਿੱਤਾ।

ਸੰਦੀਪ ਸਿੰਘ ਲੁਹਾਰਾ ਨੇ ਸੰਬੋਧਨ ਹੁੰਦੇ ਆਖਿਆ ਕਿ ਜਿਹੜੀਆਂ ਕੌਮਾਂ ਆਪਣੇ ਸ਼ਹੀਦਾਂ ਨੂੰ ਭੁੱਲ ਜਾਣ ਉਹ ਕੌਮਾਂ ਇੱਕ ਦਿਨ ਗਲਤ ਅੱਖਰ ਵਾਂਗ ਮਿਟ ਜਾਂਦੀਆਂ ਹਨ। ਇਸ ਮੌਕੇ ਤੇ ਸਮੁੱਚੀ ਕਮੇਟੀ ਵੱਲੋਂ ਢਾਡੀ ਜੱਥੇ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਗੁਰਦੁਆਰਾ ਸਾਹਿਬ ਦੀ ਸਮੁੱਚੀ ਪ੍ਰਬੰਧਕ ਕਮੇਟੀ ਨੇ ਕਿਹਾ ਕਿ ਇਸ ਗੁਰੂ ਘਰ ਚ ਹਰ ਵਰ੍ਹੇ ਸ਼ਹੀਦੇ ਆਜਮ ਭਗਤ ਸਿੰਘ ਦਾ ਜਨਮ ਮਨਾਇਆ ਜਾਇਆ ਕਰੇਗਾ।

# ਅਮਰੀਕਾ ਦੇ ਓਰਗੋਨ ਰਾਜ ਦੇ ਜੰਗਲ ਨੂੰ ਲੱਗੀ ਅੱਗ ਕਾਰਨ ਲੋਕ ਘਰੋਂ ਬੇਘਰ, 40 ਜ਼ਖਮੀ

**ਸੈਕਰਾਮੈਂਟੋ 26 ਸਤੰਬਰ–** ਅਮਰੀਕਾ ਦੇ ਜੰਗਲਾਂ ਨੂੰ ਅੱਗ ਲੱਗਣ ਦਾ ਸਿਲਸਿਲਾ ਥਮ ਨਹੀਂ ਰਿਹਾ। ਓਰਗੋਨ ਰਾਜ ਦੇ ਸੀਡਰ ਕਰੀਕ ਖੇਤਰ ਵਿਚ ਲੱਗੀ ਅੱਗ ਨਾਲ ਘੱਟੋ ਘੱਟ 40 ਲੋਕ ਜ਼ਖਮੀ ਹੋਏ ਹਨ ਤੇ ਅਨੇਕਾਂ ਹੋਰ ਘਰੋਂ ਬੇਘਰ ਹੋ ਗਏ ਹਨ। ਸੀਡਰ ਕਰੀਕ ਫਾਇਰ ਇਨਫਰਮੇਸ਼ਨ ਅਫਸਰ ਡਾਨ ਫਰਗੂਸਨ ਨੇ ਕਿਹਾ ਹੈ ਕਿ ਅਜੇ ਤੱਕ ਜਿੰਨੇ ਵੀ ਲੋਕ ਜ਼ਖਮੀ ਹੋਏ ਹਨ, ਉਨਾਂ ਵਿਚੋਂ ਕਿਸੇ ਦੀ ਵੀ ਜਾਨ ਨੂੰ ਖਤਰਾ ਨਹੀਂ ਹੈ। ਉਨਾਂ ਕਿਹਾ ਹੈ ਕਿ ਪਿਛਲੇ ਹਫਤੇ ਲੱਗੀ ਅੱਗ ਦੇ ਫੈਲਣ ਦੀ ਰਫਤਾਰ ਘੱਟ ਸੀ। ਥੋਹੜੀ ਜਿਹੀ



ਪਈ ਬਾਰਿਸ਼ ਨੇ ਵੀ ਆਰਜੀ ਤੌਰ 'ਤੇ ਅੱਗ ਦੇ ਫੈਲਣ ਦੀ ਰਫਤਾਰ ਹੌਲੀ ਕੀਤੀ ਹੈ ਤੇ ਅੱਗ ਬੁਝਾਉਣ ਦੀਆਂ ਕੋਸ਼ਿਸ਼ਾਂ ਨੂੰ ਤੇਜ ਕੀਤਾ ਗਿਆ ਹੈ। ਓਕਰਿਜ਼ ਸ਼ਹਿਰ ਨੇੜੇ ਸ਼ੁਰੂ ਹੋਈ ਅੱਗ ਉਪਰ ਕਾਬੂ ਪਾਉਣ ਲਈ 2000 ਮੁਲਾਜ਼ਮ ਕੰਮ ਕਰ ਰਹੇ ਹਨ। ਇਸ ਤੋਂ ਇਲਾਵਾ 44 ਅੱਗ ਬੁਝਾਉਣ ਵਾਲੀਆਂ ਗੱਡੀਆਂ ਤੇ 9 ਹੈਲੀਕਾਪਟਰ ਅੱਗ ਨੂੰ ਨਿਯੰਤਰਣ ਕਰਨ ਦੀਆਂ ਕੋਸ਼ਿਸ਼ਾਂ ਵਿਚ ਲੱਗੇ ਹੋਏ ਹਨ। ਇਥੇ ਜਿਕਰਯੋਗ ਹੈ ਕਿ ਹੁਣ ਤੱਕ ਰਾਜ ਵਿਚ ਅੱਗ ਲੱਗਣ ਕਾਰਨ 1,14,104 ਏਕੜ ਜੰਗਲੀ ਰਕਬਾ ਸੜ ਚੁੱਕਾ ਹੈ।

# ਮਸ਼ਹੂਰ ਅਦਾਕਾਰਾ ਆਸ਼ਾ ਪਾਰਿਖ ਨੂੰ ਮਿਲੇਗਾ ਦਾਦਾ ਸਾਹਿਬ ਫਾਲਕੇ ਐਵਾਰਡ

**ਨਵੀਂ ਦਿੱਲੀ–** ਹਿੰਦੀ ਸਿਨੇਮਾ ਦੇ ਸਿਲਵਰ ਸਕਰੀਨ ’ਤੇ ਆਪਣੀ ਅਦਾਕਾਰੀ ਨਾਲ ਪਿਛਲੀ ਸਦੀ ਦੇ ਸੱਤਵੇਂ ਤੇ ਅੱਠਵੇਂ ਦਹਾਕਿਆਂ ’ਚ ਪ੍ਰਸਿੱਧੀ ਹਾਸਲ ਕਰਨ ਵਾਲੀ ਮਸ਼ਹੂਰ ਅਦਾਕਾਰਾ ਆਸ਼ਾ ਪਾਰਿਖ ਨੂੰ ਸਾਲ 2020 ਲਈ ਵੱਕਾਰੀ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਿਤ ਕਰਨ ਦਾ ਐਲਾਨ ਕੀਤਾ ਗਿਆ ਹੈ। ਰਾਸ਼ਟਰਪਤੀ ਦ੍ਰੌਪਦੀ ਮੁਰਮੂ 30 ਸਤੰਬਰ ਨੂੰ ਉਨ੍ਹਾਂ ਨੂੰ ਭਾਰਤੀ ਸਿਨੇਮਾ ਦਾ ਇਹ ਸਭ ਤੋਂ ਵੱਕਾਰੀ ਪੁਰਸਕਾਰ ਪ੍ਰਦਾਨ ਕਰਨਗੇ। ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਨੁਰਾਗ ਠਾਕੁਰ ਨੇ ਕਿਹਾ, ‘ਉਨ੍ਹਾਂ ਨੂੰ ਇਹ ਐਲਾਨ ਕਰਦਿਆਂ ਖੁਸ਼ੀ ਹੋ ਰਹੀ ਹੈ ਕਿ ਦਾਦਾ ਸਾਹਿਬ ਫਾਲਕੇ ਪੁਰਸਕਾਰ ਦੀ ਜਿਊਰੀ ਨੇ ਭਾਰਤੀ ਸਿਨੇਮਾ ’ਚ ਆਸ਼ਾ ਪਾਰਿਖ ਦੇ ਜੀਵਨ ਭਰ ਦੇ ਮਿਸਾਲੀ ਯੋਗਦਾਨ ਨੂੰ ਮਾਨਤਾ ਦੇਣ ਤੇ ਇਨਾਮ ਦੇਣ ਦਾ ਫੈਸਲਾ ਕੀਤਾ ਹੈ। ਰਾਸ਼ਟਰਪਤੀ ਦ੍ਰੌਪਦੀ ਮੁਰਮੂ 30 ਸਤੰਬਰ ਨੂੰ 68ਵੇਂ ਰਾਸ਼ਟਰੀ ਫਿਲਮ ਪੁਰਸਕਾਰ ਸਮਾਗਮ ’ਚ ਆਸ਼ਾ ਪਾਰਿਖ ਨੂੰ ਇਹ ਸਨਮਾਨ ਪ੍ਰਦਾਨ ਕਰਨਗੇ। ਉਹ ਨਾ ਸਿਰਫ਼ ਇਕ ਮਸ਼ਹੂਰ ਫਿਲਮ ਅਦਾਕਾਰਾ ਹਨ, ਸਗੋਂ ਇਕ ਨਿਰਮਾਤਾ-ਨਿਰਦੇਸ਼ਕ ਦੇ ਨਾਲ-ਨਾਲ ਇਕ ਹੁਨਰਮੰਦ ਭਾਰਤੀ ਕਲਾਸੀਕਲ ਡਾਂਸਰ ਵੀ ਹਨ। ਆਸ਼ਾ ਪਾਰਿਖ ਨੇ ਸਿਰਫ਼ 10 ਸਾਲ ਦੀ ਉਮਰ ਵਿੱਚ ਬਾਲ ਕਲਾਕਾਰ ਵਜੋਂ ਫਿਲਮ ‘ਮਾਂ’ ਤੋਂ ਆਪਣੀ ਅਦਾਕਾਰੀ ਦੀ ਸ਼ੁਰੂਆਤ ਕੀਤੀ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਫਿਲਮ ‘ਦਿਲ ਦੇ ਕੇ ਦੇਖੋ’ ਵਿਚ ਮੁੱਖ ਹੀਰੋਇਨ ਵਜੋਂ ਆਪਣੇ



ਕਰੀਅਰ ਨੂੰ ਨਵੀਂ ਉਡਾਣ ਦਿੱਤੀ ਅਤੇ 95 ਤੋਂ ਵੱਧ ਫ਼ਿਲਮਾਂ ’ਚ ਕੰਮ ਕੀਤਾ। ‘ਕਟੀ ਪਤੰਗ’, ‘ਤੀਸਰੀ ਮੰਜ਼ਿਲ’, ‘ਲਵ ਇਨ ਟੋਕੀਓ’, ‘ਆਯਾ ਸਾਵਨ ਝੂਮ ਕੇ’, ‘ਆਨ ਮਿਲੋ ਸਜਨਾ’, ‘ਮੇਰਾ ਗਾਓਂ ਮੇਰਾ ਦੇਸ਼’ ਵਰਗੀਆਂ ਮਸ਼ਹੂਰ ਫਿਲਮਾਂ ’ਚ ਉਨ੍ਹਾਂ ਦੀ ਅਦਾਕਾਰੀ ਦੇ ਜਾਦੂ ਨੇ ਦਰਸ਼ਕਾਂ ਦਾ ਮਨ ਮੋਹ ਲਿਆ ਤੇ ਉਨ੍ਹਾਂ ਦੀ ਪ੍ਰਸਿੱਧੀ ਸਿਖਰ ’ਤੇ ਪਹੁੰਚ ਗਈ। ਸਿਨੇਮਾ ’ਚ ਉਨ੍ਹਾਂ ਦੇ ਯੋਗਦਾਨ ਦੇ ਸਨਮਾਨ ’ਚ, ਉਨ੍ਹਾਂ ਨੂੰ 1992 ’ਚ ਪਦਮ ਸ਼੍ਰੀ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਨੇ ਸਿਨੇਮਾ ਸਕ੍ਰੀਨ ’ਤੇ ਘੱਟ ਸਰਗਰਮ ਹੋਣ ਦੇ ਬਾਵਜੂਦ, ਭਾਰਤੀ ਫਿਲਮ ਉਦਯੋਗ ਵਿਚ ਆਪਣੀ ਸਰਗਰਮੀ ਜਾਰੀ ਰੱਖੀ ਤੇ 1998-2001 ਤੱਕ ਕੇਂਦਰੀ ਫਿਲਮ ਸੈਂਸਰਸ਼ਿਪ ਬੋਰਡ ਦੇ ਮੁਖੀ ਸਨ। ਆਸ਼ਾ ਪਾਰਿਖ ਦੇ ਨਾਂ ਨੂੰ ਦਾਦਾ ਸਾਹਿਬ ਫਾਲਕੇ ਪੁਰਸਕਾਰ ਲਈ ਪੰਜ ਮੈਂਬਰੀ ਜਿਊਰੀ ਨੇ ਚੁਣਿਆ ਹੈ। ਮਸ਼ਹੂਰ ਅਦਾਕਾਰਾ ਹੇਮਾ ਮਾਲਿਨੀ ਦੇ ਨਾਲ, ਜਿਊਰੀ ਵਿਚ ਪ੍ਰਸਿੱਧ ਗਾਇਕਾ ਆਸ਼ਾ ਭੌਸਲੇ, ਗਾਇਕ ਉਦਿਤ ਨਰਾਇਣ, ਅਦਾਕਾਰਾ ਪੂਨਮ ਢਿੱਲੋਂ ਅਤੇ ਟੀਐੱਸ ਨਾਗਭਰਨ ਸ਼ਾਮਲ ਸਨ।

# ਮਹਾਤਮਾ ਗਾਂਧੀ ਦੇ ਬੁੱਤ ਨੂੰ ਤੋੜਨ ਦੇ ਮਾਮਲੇ ਵਿਚ ਇਕ ਸ਼ੱਕੀ ਗ੍ਰਿਫਤਾਰ


**ਸੈਕਰਾਮੈਂਟੋ 26 ਸਤੰਬਰ–** ਕੂਈਨਜ (ਨਿਊਯਾਰਕ) ਵਿਚ ਮਹਾਤਮਾ ਗਾਂਧੀ ਦੇ ਬੁੱਤ ਨੂੰ ਹਥੌੜਿਆਂ ਨਾਲ ਤੋੜਨ ਦੇ ਮਾਮਲੇ ਵਿਚ ਕੱਟੜਵਾਦੀ ਸੁਖਪਾਲ ਸਿੰਘ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਜਦ ਕਿ ਉਸ ਦੇ 4 ਸਾਥੀ ਅਜੇ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਹਨ। ਬੁੱਤ ਤੋੜਨ ਤੋਂ ਬਾਅਦ ਇਹ ਲੋਕ ਦੋ ਕਾਰਾਂ ਵਿਚ ਫਰਾਰ ਹੋ ਗਏ ਸਨ ਜਿਨਾਂ ਵਿਚ ਇਕ ਕਾਰ ਸੁਖਪਾਲ ਸਿੰਘ ਦੀ ਸੀ।

ਡਿਸਟ੍ਰਿਕਟ ਅਟਾਰਨੀ ਮੇਲਿੰਡਾ ਕਰਟਜ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਨੂੰ ਨਫਰਤੀ ਅਪਰਾਧ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਉਸ ਉਪਰ ਗਾਂਧੀ ਦੇ ਬੁੱਤ ਦਾ ਅਪਮਾਣ ਕਰਨ ਸਮੇਤ ਹੋਰ ਕਈ ਦੋਸ਼ ਆਇਦ ਕੀਤੇ ਗਏ ਹਨ। ਜੇਕਰ ਇਹ ਦੋਸ਼ ਸਹੀ ਸਾਬਤ ਹੋ ਜਾਂਦੇ ਹਨ ਤਾਂ ਉਸ ਨੂੰ 15 ਸਾਲ ਤੱਕ ਜੇਲ ਦੀ ਸਜ਼ਾ ਹੋ ਸਕਦੀ ਹੈ।

ਬੁੱਤ ਤੋੜਨ ਦੀ ਘਟਨਾ ਰਿਚਮਿੰਡ ਹਿੱਲ ਵਿਚ ਵਾਪਰੀ ਸੀ। ਇਹ ਬੁੱਤ ਤੁਲਸੀ ਮੰਦਿਰ ਦੇ ਬਾਹਰਵਾਰ ਲੱਗਾ ਹੋਇਆ ਸੀ। ਕਰਟਜ ਨੇ ਕਿਹਾ ਹੈ ਕਿ ਸ਼ੱਕੀ ਦੋਸ਼ੀਆਂ ਨੇ ਮਹਾਤਮਾ ਗਾਂਧੀ ਦੇ ਬੁੱਤ ਨੂੰ ਤੋੜ ਕੇ ਹਿੰਸਾ ਦਾ ਸ਼ਰਮਨਾਕ ਕਾਰਾ ਕੀਤਾ ਹੈ ਜੋ ਬੁੱਤ ਅਮਨ ਤੇ ਏਕਤਾ ਦਾ ਪ੍ਰਤੀਕ ਹੈ। ਅਜਿਹੇ ਲੋਕਾਂ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਹੀਂ ਜਾਵੇਗਾ।

# ਗੁਰਮੁਖ ਵਿਦਵਾਨ, ਫਖਰੇ ਕੌਮ ਪਾਲ ਸਿੰਘ ਪੁਰੇਵਾਲ ਨਹੀਂ ਰਹੇ

ਵੀਹਵੀਂ ਸਦੀ ਦੇ ਅਸਲੀ ਖੋਜੀ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ, ਸਿੱਖ ਕੈਲੰਡਰ ਰਾਹੀਂ ਸਿੱਖ ਕੌਮ ਦੀ ਵੱਖਰੀ ਨੈਸ਼ਲਟੀ ਦਰਸਾਉਣ ਵਾਲੇ ਗੁਰਮੁਖ ਵਿਦਵਾਨ, ਫਖਰੇ ਕੌਮ ਸਰਦਾਰ ਪਾਲ ਸਿੰਘ ਪੁਰੇਵਾਲ ਦੇ ਅਕਾਲ ਚਲਾਣੇ ਤੇ ਸਿੱਖ ਕੌਮ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਐ ਜੋ ਆਪਣੀ ਘਾਲ ਕਮਾਈ ਰਾਹੀਂ ਇਤਿਹਾਸ 'ਚ ਸਦਾ ਅਮਰ ਰਹਿਣਗੇ! ਸ਼੍ਰੋਮਣੀ ਕਮੇਟੀ ਨੂੰ ਡੇਰੇਦਾਰਾਂ ਦੀ ਥਾਂ ਐਸੇ ਨਾਨਕਸ਼ਾਹੀ ਕੈਲੰਡਰ ਦੇ ਨਿਰਮਾਤਾ ਸੱਚਖੰਡ ਵਾਸੀ ਮਰਹੂਮ ਵਿਦਵਾਨ ਸ੍ਰ। ਪਾਲ ਸਿੰਘ ਪੁਰੇਵਾਲ ਦੀ ਯਾਦਗਾਰੀ ਤਸਵੀਰ ਕੇਂਦਰੀ ਸਿੱਖ ਅਜਾਇਬ-ਘਰ 'ਚ ਸ਼ਸ਼ੋਭਤ ਕਰਨੀ ਚਾਹੀਦੀ ਅਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦੇ ਅਸਲੀ ਨਾਨਕਸ਼ਾਹੀ ਕੈਲੰਡਰ ਲਾਗੂ ਕਰਕੇ ਕੌਮੀ ਏਕਤਾ ਤੇ ਨਿਰਾਲੀ ਸ਼ਾਨ ਪੈਦਾ ਕਰਨੀ ਚਾਹੀਦੀ ਹੈ।



23 Nov 1932-22 Sep 2022

ਕੁਝ ਵਿਦੇਸ਼ੀ ਸੁਹਿਰਦ ਸਿੱਖ ਜਥੇਬੰਦੀਆਂ, ਵਿਦਵਾਨ ਆਗੂਆ ਤੇ ਲਿਖਾਰੀਆਂ ਜਿਵੇਂ ਗੁਰੂ ਗ੍ਰੰਥ ਪ੍ਰਚਾਰ ਮਿਸ਼ਨ ਆਫ ਯੂ ਐਸ ਏ, ਵਰਲਡ ਸਿੱਖ ਫੈਡਰੇਸ਼ਨ, ਸਿੰਘ ਸਭਾ ਅਮਰੀਕਾ, ਪੰਜਾਬੀ ਰੇਡੀਓ ਕਨੇਡਾ, ਮਿਸ਼ਨਰੀ ਸਰਕਲਾਂ ਆਦਿਕ ਦੇ ਸੇਵਕਾਂ ਅਵਤਾਰ ਸਿੰਘ ਮਿਸ਼ਨਰੀ, ਬੀਬੀ ਹਰਸਿਮਰਤ ਕੌਰ ਖ਼ਾਲਸਾ, ਸ੍ਰ ਚਮਕੌਰ ਸਿੰਘ ਫਰਿਜਨੋ, ਡਾ ਗੁਰਦੀਪ ਸਿੰਘ ਹੋਮਿਓਪੈਥਿਕ, ਸ੍ਰ ਤ੍ਰਿਲੋਚਨ ਸਿੰਘ ਦੁਪਾਲਪੁਰ, ਮਿਸ਼ਨਰੀ ਕਾਲਜ ਰੋਪੜ ਦੇ ਫਾਊਂਡਰ ਪ੍ਰਿੰਸੀਪਲ ਸ੍ਰ ਜਸਬੀਰ ਸਿੰਘ, ਭਾਈ ਪ੍ਰਕਾਸ਼ ਸਿੰਘ ਫੀਰੋਜਪੁਰੀ ਤੇ ਰਾਗੀ ਜਸਵਿੰਦਰ ਸਿੰਘ ਇੰਡੀਆਨਾ, ਸ੍ਰ ਹਰਬਖਸ਼ ਸਿੰਘ ਰਾਓਕੇ, ਡਾ ਗੁਰਮੀਤ ਸਿੰਘ ਬਰਸਾਲ, ਪ੍ਰੋ ਮੱਖਨ ਸਿੰਘ ਤੇ ਨਾਨਕਸ਼ਾਹੀ ਕੈਲੰਡਰ ਦੇ ਮਾਹਰ ਵਿਦਵਾਨ ਚਿੰਤਕ ਸ੍ਰ। ਸਰਬਜੀਤ ਸਿੰਘ ਸੈਕਰਾਮੈਂਟੋ, ਸ੍ਰ ਜਸਮਿੱਤਰ ਸਿੰਘ ਮੁਜੱਫਰਪੁਰ, ਸ਼ਬਦ ਸੱਚੀ ਟਕਸਾਲ ਦੇ ਸ੍ਰ ਜੁਗਰਾਜ ਸਿੰਘ ਤੇ ਭਾਈ ਸੁਖਦੇਵ ਸਿੰਘ ਪਹੂਵਿੰਡ ਸਾਰਿਆਂ ਵੱਲੋਂ ਸੱਚਖੰਡਵਾਸੀ ਸ੍ਰ ਪਾਲ ਸਿੰਘ ਪੁਰੇਵਾਲ ਨੂੰ ਨਿੱਘੀ ਸ਼ਰਧਾਂਜਲੀ ਭੇਟ ਕਰਦੇ ਹੋਏ ਕਾਮਨਾ ਕਰਦੇ ਹਾਂ ਕਿ ਸਤਿਗੁਰੂ ਉਨ੍ਹਾਂ ਦੇ ਸਰੀਰਕ ਵਿਛੋੜੇ ਦਾ ਪ੍ਰਵਾਰ, ਸਬੰਧੀਆਂ ਤੇ ਦੋਸਤਾਂ ਮਿੱਤਰਾਂ ਸਭ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ, ਸਿੱਖ ਆਗੂ ਤੇ ਵਿਦਵਾਨ ਕੌਮ ਦੇ ਅਸਲੀ ਨਾਨਕਸ਼ਾਹੀ ਕੈਲੰਡਰ ਦੀ ਅਹਿਮੀਅਤ ਨੂੰ ਸਮਝ ਕੇ ਇਸ ਨੂੰ ਲਾਗੂ ਕਰਨ!

# ਸਿਲੀਕੋਨ ਵੈਲੀ ਗੁਰਦੁਆਰਾ ਸੈਂਟਾਕਲਾਰਾ ਵਿਖੇ ਸਜਿਆ ਧਾਰਮਿਕ ਕਵੀ ਦਰਬਾਰ

**ਸੈਂਟਾਕਲਾਰਾ, ਕੈਲੀਫੋਰਨੀਆ (ਪ੍ਰਮਿੰਦਰ ਸਿੰਘ ਪ੍ਰਵਾਨਾ)** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸਿਲੀਕਾਨ ਵੈਲੀ ਗੁਰਦੁਆਰਾ 2356 ਵਾਲਾਸ਼ ਐਵੇਨਿਊ ਸੈਂਟਾ ਕਲਾਰਾ- 95051 ਵਿਖੇ ਹਫਤਾਵਾਰੀ ਸਜੇ ਦੀਵਾਨਾਂ ਵਿਚ ਗੁਰਗੱਦੀ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸਮਰਪਿਤ ਸਮਾਗਮ ਵਿਚ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਗੁਰੂ ਸਾਹਿਬ ਜੀ ਦੇ ਜੀਵਨ ਅਤੇ ਸਿੱਖਿਆਵਾਂ ਤੇ ਰੌਸ਼ਨੀ ਪਾਈ ਗਈ। ਗੁਰੂ ਅੰਗਦ ਦੇਵ ਜੀ ਦਾ ਪਹਿਲਾ ਪਰਿਵਾਰਕ ਨਾਂ ਲਹਿਣਾ ਜੀ ਸੀ। ਇਕ ਦਿਨ ਅੰਮ੍ਰਿਤ ਵੇਲੇ ਭਾਈ ਜੋਧ ਸਿੰਘ ਜੀ ਪਾਸੋਂ ਰੱਬੀ ਅੰਮ੍ਰਿਤ ਬਾਣੀ ਸਰਵਣ ਕੀਤੀ। ਬਾਣੀ ਦੇ ਅੰਮ੍ਰਿਤ ਰਸ ਤੋਂ ਪ੍ਰਭਾਵਿਤ ਹੋ ਕੇ ਗੁਰਦਰਸ਼ਨਾਂ ਦੀ ਤਾਂਘ 1532 ਵਿਚ ਗੁਰੂ ਨਾਨਕ ਦੇਵ ਜੀ ਕੋਲ ਕਰਤਾਰਪੁਰ ਖਿੱਚ ਲਿਆਈ। ਗੁਰੂ ਸਾਹਿਬ ਜੀ ਦੇ ਪਿਆਰ ਅਤੇ ਅੰਮ੍ਰਿਤਬਾਣੀ ਬਚਨਾਂ ਤੋਂ ਇੰਨੇ ਪ੍ਰਭਾਵਿਤ ਹੋਏ ਕਿ ਹਮੇਸ਼ਾ ਲਈ ਗੁਰੂ ਨਾਨਕ ਦੇਵ ਜੀ ਦੇ ਹੋ ਕੇ ਰਹਿ ਗਏ।ਗੁਰੂ ਜੀ ਦੀ ਸੇਵਾ ਵਿਚ ਕਰੜੀ ਘਾਲ ਘਾਲੀ। ਗੁਰੂ ਸਾਹਿਬ ਜੀ ਨੇ ਉਹਨਾਂ ਦੀ ਸਫਲ ਸੇਵਾ ਵੇਖ ਕੇ ਗੁਰੂ ਅੰਗ ਦਾ ਨਾਂ ਦੇ ਕੇ ਸਤੰਬਰ 1539 ਵਿਚ ਗੁਰਗੱਦੀ ਸੌਂਪ ਦਿਤੀ। ਗੁਰੂ ਅੰਗ ਦੇਵ ਜੀ ਨੇ ਗੁਰਮੁਖੀ ਲਿੱਪੀ ਨੂੰ ਬਣਾ ਸੰਵਾਰ ਕੇ ਪ੍ਰਪੱਕ ਰੂਪ ਵਿਚ ਈਜ਼ਾਦ ਕੀਤਾ ਤੇ ਗੁਰਮੁਖੀ ਵਿਚ ਧਰਮ ਪ੍ਰਚਾਰ ਕੀਤਾ।



ਉਹਨਾਂ ਦੀ ਕਾਰਜਸ਼ੈਲੀ ਵਿਚ ਸਭ ਤੋਂ ਮਹੱਤਵਪੂਰਨ ਪੱਖ ਇਹ ਹੈ ਕਿ ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਅਤੇ ਧਰਮ ਆਸ਼ੇ ਦੇ ਨਿਪੁੰਨ ਹੁਨਰ ਨੂੰ ਅੱਗੇ ਤੋਰਿਆ। ਧਾਰਮਿਕ ਕਵੀ ਦਰਬਾਰ ਦੇ ਦੌਰਵਿਚ ਸਥਾਨਕ ਕਵੀ ਸ਼ਾਮਲ ਹੋਏ: ਗੁਰਦਿਆਲ ਸਿੰਘ ਨੂਰਪੁਰੀ, ਤ੍ਰਿਲੋਚਨ ਸਿੰਘ ਦੁਪਾਲਪੁਰੀ, ਜਸਦੀਪ ਸਿੰਘ ਫਰੀਮਾਂਟ, ਪ੍ਰਮਿੰਦਰ ਸਿੰਘ ਪ੍ਰਵਾਨਾ, ਤਰਸੇਮ ਸਿੰਘ ਸੁੰਮਨ ਆਦਿ, ਜਿਹਨਾਂ ਨੇ ਗੁਰਮਤਿ ਗੁਰਇਤਿਹਾਸ ਦੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਸੰਗਤ ਦੇ ਜੈਕਾਰਿਆ ਦੀ ਗੂੰਜ ਵਿਚ ਧਾਰਮਿਕ ਕਵੀ ਦਰਬਾਰ ਸੰਪੰਨ ਹੋਇਆ।

ਗੁਰਦੁਆਰਾ ਸਕੱਤਰ ਨੇ ਪ੍ਰੋਗਰਾਮ ਦੀ ਸਫਲਤਾ ਤੇ ਖੁਸ਼ੀ ਜਾਹਿਰ ਕਰਦਿਆਂ ਪ੍ਰੋਗਰਾਮ ਦੀ ਸ਼ਲਾਘਾ ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਅੱਗੇ ਤੋਂ ਵੀ ਅਜਿਹੇ ਪ੍ਰੋਗਰਾਮ ਕਰਨ ਦੀ ਤਾਕੀਦ ਕੀਤੀ। ਪ੍ਰਵਾਨਾ ਵੱਲੋਂ ਧੰਨਵਾਦੀ ਸ਼ਬਦਾਂ ਵਿਚ ਕਿਹਾ ਗਿਆ ਕਿ ਸੰਗਤਾਂ ਅਤੇ ਪ੍ਰਬੰਧਕਾਂ ਦੇ ਉਦਮ ਅਤੇ ਨਾਲ ਹੀ ਅਜਿਹੇ ਪ੍ਰੋਗਰਾਮ ਸਫਲ ਹੁੰਦੇ ਹਨ।

# ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਵਲੋ ਖੇਤੀ ਸੰਕਟ ਅਤੇ ਕਿਸਾਨ ਧਿਰਾ ਦੇ ਏਕਤਾ ਦੇ ਵਿਸ਼ੇ ਉੱਤੇ ਖੁੱਲੀ ਵਿਚਾਰ ਚਰਚਾ

**ਪਟਿਆਲਾ-** ਤਰਕਸ਼ੀਲ ਹਾਲ ਵਿਚ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਵਲੋ ਖੇਤੀ ਸੰਕਟ ਅਤੇ ਕਿਸਾਨ ਧਿਰਾ ਦੇ ਏਕਤਾ ਦੇ ਵਿਸ਼ੇ ਉੱਤੇ ਖੁਲੀ ਵਿਚਾਰ ਚਰਚਾ ਕਰਵਾਈ ਗਈ ਜਿਸ ਵਿਚ ਵੱਖ ਵੱਖ ਕਿਸਾਨ ਜਥੇਬੰ-ਦੀਆ ਮੁਲਾਜ਼ਮ ਜਥੇਬੰਦੀਆ ਬੁਧੀਜੀਵੀ ਅਤੇ ਸਮਾਜਿਕ ਕਾਰਕੁੰਨਾਂ ਨੇ ਹਿੱਸਾ ਲਿਆ ਵਿਚਾਰ ਚਰਚਾ ਵਿੱਚ ਹਿੱਸਾ ਲੈਂਦਿਆ ਖੇਤੀਬਾੜੀ ਤੇ ਕਿਸਾਨ ਵਿਕਾਸ ਫਰੰਟ ਦੇ ਆਗੂ ਮਹਿੰਦਰ ਸਿੰਘ ਭੱਠਲ ਨੇ ਕਿਹਾ ਕਿ ਖੇਤੀਬਾੜੀ ਤੇ ਕਿਸਾਨੀ ਦਾ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ ਅਤੇ ਸਾਰੀਆਂ ਕਿਸਾਨ ਧਿਰਾ ਨੂੰ ਸਿਰ ਜੋੜ ਕੇ ਬੈਠ ਵਿਚਾਰ ਵਟਾਂਦਰਾ ਕਰਨ ਦੀ ਲੋੜ ਹੈ ਚਰਚਾ ਦੇ ਮੁੱਖ ਵਕਤਾ ਕਿਸਾਨ ਆਗੂ ਤੇ ਕੁਦਰਤ ਮਾਨਵ ਕੇਂਦਰਤ ਲੋਕ ਲਹਿਰ ਦੇ ਆਗੂ ਸੁਖਦੇਵ ਸਿੰਘ ਭੁਪਾਲ ਨੇ ਕਿਹਾ ਕਿ ਰਸਾਇਣਿਕ ਤੇ ਉਦਯੋਗਿਕ ਖੇਤੀਬਾੜੀ ਆਪਣੀਆ ਹੰਢਣਸਾਰਤਾ ਗਾਵਾ ਚੁੱਕੀ ਹੈ ਅਤੇ ਇਸ ਨੂੰ ਕੁਦਰਤ ਅਤੇ ਮਾਨਵ ਹਿਤੈਸ਼ੀ ਲੀਹਾਂ ਤੇ ਮੁੜ ਵਿਉਂਤਣ ਦੀ ਲੋੜ ਹੈ ।ਉਨ੍ਹਾ ਕਿਹਾ ਕਿ ਕੁਦਰਤੀ ਖੇਤੀ ਦਾ ਸਹਿਕਾਰੀ ਮਾਡਲ ਨਾ ਕੇਵਲ ਗੁਣਵੱਤਾ ਭਰਪੂਰ ਖੁਰਾਕ ਪੈਦਾ ਕਰਨ ਦੇ ਸਮਰੱਥ ਹੈ ਸਗੋ ਵਾਤਾਵਰਣ ਦੇ ਵਿਗਾੜ ਅਤੇ ਸਮਾਜਿਕ ਨਿਘਾਰ ਦੇ ਮੁੱਦਿਆ ਨੂੰ ਵੀ ਬਿਹਤਰ ਤਰੀਕੇ ਨਾਲ ਹੱਲ ਕਰ ਸਕਦਾ ਹੈ ਇਸ ਸਬੰਧ ਵਿਚ ਇਕ ਪੁਖਤਾ ਹੱਲ ਸਰਕਾਰ ਤੇ ਸਮਾਜ ਦੇ ਸਾਹਮਣੇ ਲਿਆਂਦਾ ਜਾਵੇਗਾ। ਵਿਚਾਰ ਚਰਚਾ ਨੂੰ ਸੰਬੋਧਨ ਕਰਦਿਆ ਕਿਰਤੀ ਕਿਸਾਨ ਯੂਨੀਅਨ ਦੇ ਸੀਨੀਅਰ ਆਗੂ ਰਾਮਿੰਦਰ ਸਿੰਘ ਪਟਿਆਲਾ ਨੇ ਦੱਸਿਆ ਕਿ ਤਿੰਨ ਖੇਤੀ ਕਾਨੂੰਨਾਂ ਖਿਲਾਫ ਲੜੇ ਗਏ ਕਿਸਾਨ ਘੋਲ ਦੀ ਭਾਵਨਾ ਨੂੰ ਮਨੋ ਵਿਸਾਰਿਆ ਨਹੀ ਜਾਣਾ ਚਾਹੀਦਾ ਇਸ ਮੌਕੇ ਡਾਂ ਏ ਐਸ ਮਾਨ ਪ੍ਰੋਫੈਸਰ ਕੁਲਦੀਪ ਸਿੰਘ, ਪਰੀਤ ਮਹਿੰਦਰ ਸਿੰਘ ਸੇਖੋ ਰੋਹੀ ਸਿੰਘ ਮੰਗਵਾਲ ਬੀਬੀ ਸਰਬਜੀਤ ਕੌਰ ਸਹੌਲੀ ਜਗਪਾਲ ਸਿੰਘ ਚਹਿਲ ਅਜਾਇਬ ਸਿੰਘ ਟਿਵਾਣਾ ਬੀਬੀ ਪੋਰੀਮਲਾ ਮਹਿਤਾ ਜਗਪਾਲ ਸਿੰਘ ਉਧਾ ਸਟੇਟ ਕਮੇਟੀ ਮੈਂਬਰ ਗੁਰਬਖਸ਼ੀਸ਼ ਸਿੰਘ ਗੋਪੀ ਕੌਲ ਕੁਲਦੀਪ ਸਿੰਘ ਪਾਲੀਆ ਮਾਸਟਰ ਉਕਾਰ ਸਿੰਘ ਰਣਜੀਤ ਸਿੰਘ ਬਿਰੜਵਾਲ ਪਰਮਾਤ ਨਾਭਾ ਗੁਰਦਿਆਲ ਸਿੰਘ ਅੱਚਲ ਆਦਿ ਨੇ ਸੰਬੋਧਨ ਕੀਤਾ।



NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE
RETIREMENT
LIFE INSURANCE
COLLEGE PLANNING
LONG TERM CARE INS
AUTO * HOME
FUNERAL EXPENSE
BUSINESS

Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928

RE/MAX® Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

ਲੰਡਨ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਯੂਕੇ ਦੀ ਧਰਤੀ ਦਾ ਜੰਮਪਲ ਹਿੰਮਤ ਖੁਰਮੀ "ਮੇਰੀ ਮਾਂ ਬੋਲੀ" ਗੀਤ ਰਾਹੀਂ ਪਾਵੇਗਾ ਧਮਾਲਾਂ




**ਲੰਡਨ–** ਵਿਦੇਸ਼ਾਂ ਦੀ ਧਰਤੀ 'ਤੇ ਪੰਜਾਬੀ ਮਾਂ ਬੋਲੀ ਦੇ ਪਸਾਰ ਲਈ ਬਹੁਤ ਸਾਰੀਆਂ ਸੰਸਥਾਵਾਂ, ਸਖਸ਼ੀਅਤਾਂ ਸਰਗਰਮ ਹਨ। ਉਹਨਾਂ ਵਿੱਚੋਂ ਮਨਦੀਪ ਖੁਰਮੀ ਹਿੰਮਤਪੁਰਾ ਵੀ ਇੱਕ ਅਜਿਹਾ ਨਾਮ ਹੈ, ਜੋ ਸਮੇਂ ਸਮੇਂ 'ਤੇ ਆਪਣੇ ਨਿਸ਼ਕਾਮ ਕਾਰਜ ਕਰਦਾ ਰਹਿੰਦਾ ਹੈ। ਹੁਣ ਉਹ ਆਪਣੇ ਪੁੱਤਰ ਹਿੰਮਤ ਖੁਰਮੀ ਦੀ ਆਵਾਜ ਵਿੱਚ ਬਾਲ ਗੀਤ "ਮੇਰੀ ਮਾਂ ਬੋਲੀ" ਲੈ ਕੇ ਪੇਸ਼ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਹਿੰਮਤ ਖੁਰਮੀ ਵਿਸ਼ਵ ਭਰ ਵਿੱਚ ਵਸਦੇ ਵਿਦੇਸ਼ਾਂ 'ਚ ਜੰਮੇ ਪੰਜਾਬੀ ਬੱਚਿਆਂ ਵਿੱਚੋਂ ਪਹਿਲਾ ਹੋਵੇਗਾ, ਜਿਸਨੇ ਗੁਰਮੁਖੀ ਪੈਂਤੀ ਅੱਖਰੀ ਨੂੰ ਬਹੁਤ ਹੀ ਸੌਖੀ ਤਰਜ਼, ਰਿਸ਼ਤਿਆਂ ਨਾਲ ਗੜੁੱਚ ਬੋਲਾਂ ਰਾਹੀਂ ਗਾਇਆ ਹੈ। ਇਹ ਮਹਿਜ਼ ਇੱਕ ਗੀਤ ਨਾ ਹੋ ਕੇ ਸੁਣਨ ਵਾਲੇ ਬੱਚੇ ਨੂੰ ਮਾਂ ਬੋਲੀ ਦੀ ਮਿਠਾਸ, ਮਾੜੀ ਸੰਗਤ ਤੋਂ ਦੂਰ ਰਹਿਣ ਦੀ ਸਿੱਖਿਆ, ਨਾਨਾ ਨਾਨੀ, ਦਾਦਾ ਦਾਦੀ, ਮਾਂ ਪਿਓ ਦੇ ਰਿਸ਼ਤਿਆਂ ਦੀ ਬਾਤ ਪਾਉਣ ਦੇ ਨਾਲ-ਨਾਲ ਮਾਂ ਬੋਲੀ ਨੂੰ ਨਾ ਭੁੱਲਣ ਦੀ ਦੁਹਾਈ ਦਿੰਦਾ ਵੀ ਪ੍ਰਤੀਤ ਹੋਵੇਗਾ। ਪੰਜ ਦਰਿਆ ਯੂਕੇ ਵੱਲੋਂ ਪੇਸ਼ ਕੀਤੇ ਜਾ ਰਹੇ ਇਸ ਗੀਤ ਨੂੰ ਸ਼ਬਦਾਂ 'ਚ ਪ੍ਰੋਇਆ ਹੈ ਪ੍ਰਸਿੱਧ ਗੀਤਕਾਰ ਤੇ ਸ਼ਾਇਰ ਪ੍ਰੀਤ ਭਾਗੀਕੇ ਨੇ। ਸੰਗੀਤ ਗੁਰਸ਼ੇਰ ਸਿੰਘ ਤੇ ਨਿੰਮਾ ਵਿਰਕ ਨੇ ਤਿਆਰ ਕੀਤਾ ਹੈ। ਵੀਡੀਓ ਰਾਹੀਂ ਗੀਤ ਵਿੱਚ ਰੰਗ ਆਰ। ਘਾਲੀ ਨੇ ਭਰੇ ਹਨ। ਗੀਤ ਦੀ ਤਰਜ਼ ਮਨਦੀਪ ਖੁਰਮੀ ਹਿੰਮਤਪੁਰਾ ਦੇ ਖਿਆਲਾਂ ਦੀ ਉਪਜ ਹੈ। 1 ਅਕਤੂਬਰ ਨੂੰ ਲੋਕ ਅਰਪਣ ਹੋਣ ਜਾ ਰਹੇ ਇਸ ਗੀਤ ਸੰਬੰਧੀ ਗਲਾਸਗੋ ਦੇ ਗੁਰੂ ਨਾਨਕ ਸਿੱਖ ਗੁਰਦੁਆਰਾ ਦੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਜਾ ਰਿਹਾ ਹੈ।

# ਬਾਲ ਗੀਤ "ਮੇਰੀ ਮਾਂ ਬੋਲੀ" ਦਾ ਪੋਸਟਰ ਤੇ ਟੀਜ਼ਰ ਲੋਕ ਅਰਪਣ ਕਰਨ ਹਿਤ ਸਮਾਗਮ

## ਇਸ ਗੀਤ ਨੂੰ ਮੁਹਿੰਮ ਬਣਾ ਘਰ ਘਰ ਪਹੁੰਚਾਉਣਾ ਸਮੇਂ ਦੀ ਲੋੜ- ਪਰਮਿੰਦਰ ਬਮਰਾਹ




**ਗਲਾਸਗੋ –** ਗੁਰੂ ਨਾਨਕ ਸਿੱਖ ਗੁਰਦੁਆਰਾ ਗਲਾਸਗੋ ਦੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਹਾਲ ਵਿਖੇ ਇੱਕ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਯੂਕੇ ਦੇ ਜੰਮਪਲ ਬੱਚੇ ਹਿੰਮਤ ਖੁਰਮੀ ਵੱਲੋਂ ਗੁਰਮੁਖੀ ਪੈਂਤੀ ਅੱਖਰੀ ਨਾਲ ਸੰਬੰਧਤ ਗਾਏ ਗੀਤ "ਮੇਰੀ ਮਾਂ ਬੋਲੀ" ਦਾ ਪੋਸਟਰ ਅਤੇ ਟੀਜ਼ਰ ਲੋਕ ਅਰਪਣ ਕਰਨ ਦੀ ਰਸਮ ਅਦਾ ਕੀਤੀ ਗਈ। ਜ਼ਿਕਰਯੋਗ ਹੈ ਕਿ ਹਿੰਮਤ ਖੁਰਮੀ ਵਿਸ਼ਵ ਭਰ 'ਚੋਂ ਵਿਦੇਸ਼ 'ਚ ਜੰਮਿਆ ਪਹਿਲਾ ਬੱਚਾ ਹੈ, ਜਿਸਨੇ ਸ਼ੁੱਧ ਪੰਜਾਬੀ ਉਚਾਰਨ




ਕਰਦਿਆਂ ਪੈਂਤੀ ਅੱਖਰਾਂ 'ਤੇ ਆਧਾਰਿਤ ਗੀਤ ਗਾਇਆ ਹੈ। ਇਸ ਲੋਕ ਅਰਪਣ ਰਸਮ ਸਮੇਂ ਵਡੇਰੀ ਉਮਰ ਦੇ ਮਰਦ ਔਰਤਾਂ ਦੇ ਨਾਲ-ਨਾਲ ਛੋਟੇ ਛੋਟੇ ਬੱਚੇ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਇਸ ਸਮੇਂ ਬੋਲਦਿਆਂ ਪਰਮਿੰਦਰ ਸਿੰਘ ਬਮਰਾਹ ਨੇ ਕਿਹਾ ਕਿ ਵਿਦੇਸ਼ ਦੀ ਧਰਤੀ ਦਾ ਜੰਮਪਲ ਹੋਣ ਦੇ ਬਾਵਜੂਦ ਹਿੰਮਤ ਵੱਲੋਂ ਮਾਂ ਬੋਲੀ ਪੰਜਾਬੀ ਬਾਰੇ ਗੀਤ ਗਾਉਣਾ ਮਾਣ ਵਾਲੀ ਗੱਲ ਹੈ। ਉਹਨਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਇਸ ਗੀਤ ਨੂੰ ਮੁਹਿੰਮ ਬਣਾ ਘਰ ਘਰ ਪਹੁੰਚਾਉਣਾ ਸਮੇਂ ਦੀ ਲੋੜ ਹੈ।

# ਲਤਾ ਮੰਗੇਸ਼ਕਰ ਜਿਸ ਪਾਣੀ ਨਾਲ ਧੋਂਦੀ ਸੀ ਮਾਂ-ਬਾਪ ਦੇ ਪੈਰ, ਉਸਦੀ ਹੀ ਪੀਣ ਲਈ ਕਰਦੀ ਸੀ ਵਰਤੋਂ

**ਨਵੀਂ ਦਿੱਲੀ–** 28 ਸਤੰਬਰ ਸੰਗੀਤ ਜਗਤ ਦੇ ਚਮਕਦੇ ਸਿਤਾਰੇ ਲਤਾ ਮੰਗੇਸ਼ਕਰ ਦਾ ਜਨਮਦਿਨ ਹੈ। 6 ਫਰਵਰੀ 2022 ਨੂੰ ਉਹ ਇਸ ਦੁਨੀਆ ਨੂੰ ਅਲਵਿਦਾ ਕਹਿ ਗਏ। ਉਹ ਅੱਜ ਸਾਡੇ ਵਿੱਚ ਨਹੀਂ ਹੈ ਪਰ ਆਪਣੀ ਮਿੱਠੀ ਆਵਾਜ਼ ਵਿੱਚ ਗਾਏ ਗੀਤਾਂ ਰਾਹੀਂ ਉਹ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ ਹੈ। ਲਤਾ ਮੰਗੇਸ਼ਕਰ ਦਾ ਨਾਂ ਭਾਰਤ ਦੀਆਂ ਮਹਾਨ ਤੇ ਪ੍ਰਤਿਭਾਸ਼ਾਲੀ ਗਾਇਕਾਵਾਂ ਵਿੱਚ ਲਿਆ ਜਾਂਦਾ ਹੈ। ਸੁਰੀਲੀ ਆਵਾਜ਼ 'ਚ ਉਨ੍ਹਾਂ ਨੇ ਇੰਡਸਟਰੀ ਨੂੰ ਬਹੁਤ ਹੀ ਖੂਬਸੂਰਤ ਗੀਤ ਦਿੱਤੇ। ਇਹੀ ਕਾਰਨ ਹੈ ਕਿ ਉਸਨੂੰ "ਕੁਈਨ ਆਫ਼ ਮੈਲੋਡੀ", "ਨਾਈਟਿੰਗੇਲ ਆਫ਼ ਇੰਡੀਆ" ਅਤੇ "ਵਾਇਸ ਆਫ਼ ਦ ਮਿਲੇਨੀਅਮ" ਵਰਗੇ ਸਨਮਾਨਯੋਗ ਖ਼ਿਤਾਬ ਮਿਲੇ ਹਨ। ਪਰ ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਉਹ ਆਪਣੀ ਜ਼ਿੰਦਗੀ ਦੇ ਹਰ ਰਿਸ਼ਤੇ ਨੂੰ ਖੂਬਸੂਰਤੀ ਨਾਲ ਨਿਭਾਉਂਦੀ ਸੀ।

ਲਤਾ ਮੰਗੇਸ਼ਕਰ ਨੇ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਸੰਭਾਲਣ ਲਈ ਵਿਆਹ ਨਹੀਂ ਕੀਤਾ। ਹਾਲਾਂਕਿ, ਪਰਿਵਾਰ ਲਈ ਉਸਦਾ ਪਿਆਰ ਇੱਥੇ ਖਤਮ ਨਹੀਂ ਹੋਇਆ। ਲਤਾ ਮੰਗੇਸ਼ਕਰ ਆਪਣੇ ਮਾਤਾ-ਪਿਤਾ ਨੂੰ ਭਗਵਾਨ ਦਾ ਦਰਜਾ ਦਿੰਦੀ ਸੀ। ਉਸ ਲਈ ਉਹ ਉਸ ਦਾ ਸਾਰਾ ਸੰਸਾਰ ਸੀ। ਉਨ੍ਹਾਂ ਦੀ ਭੈਣ ਆਸ਼ਾ ਭੌਂਸਲੇ ਨੇ ਇਕ ਵਾਰ ਅਜਿਹਾ ਕਿੱਸਾ ਸੁਣਾਇਆ ਜੋ ਅੱਜ ਦੀ ਪੀੜ੍ਹੀ ਲਈ ਪ੍ਰੇਰਨਾਦਾਇਕ ਹੋ ਸਕਦਾ ਹੈ।

ਲਤਾ ਮੰਗੇਸ਼ਕਰ ਐਵਾਰਡ ਸੈਰੇਮਨੀ ਦੌਰਾਨ ਆਸ਼ਾ ਭੌਂਸਲੇ ਨੇ ਦੱਸਿਆ ਸੀ ਕਿ ਉਹ ਉਹੀ ਪਾਣੀ ਪੀਂਦੀ ਸੀ ਜਿਸ ਨਾਲ ਉਹ ਆਪਣੇ ਮਾਤਾ-ਪਿਤਾ ਦੇ ਪੈਰ ਧੋਂਦੀ ਸੀ। ਦਰਅਸਲ, ਲਤਾ ਮੰਗੇਸ਼ਕਰ ਦਾ ਮੰਨਣਾ ਸੀ ਕਿ ਜੋ ਬੱਚੇ ਆਪਣੇ ਮਾਤਾ-ਪਿਤਾ ਦੇ ਪੈਰ ਧੋਣ ਤੋਂ ਬਾਅਦ ਉਹੀ ਪਾਣੀ ਪੀਂਦੇ ਹਨ, ਉਹ ਜੀਵਨ ਦੀ ਉਚਾਈ 'ਤੇ ਪਹੁੰਚ ਜਾਂਦੇ ਹਨ। ਇਕ ਵਾਰ ਜਦੋਂ ਲਤਾ ਮੰਗੇਸ਼ਕਰ ਕੋਲੋਹਾਪੁਰ ਵਿੱਚ ਸੀ, ਉਸਨੇ ਆਪਣੇ ਸੁੱਤੇ ਮਾਪਿਆਂ ਦੇ ਪੈਰ ਧੋਤੇ ਅਤੇ ਬਾਅਦ ਵਿੱਚ ਉਹੀ ਪਾਣੀ ਆਪਣੀ ਹਥੇਲੀ ਵਿੱਚ ਪੀਤਾ।

ਲਤਾ ਮੰਗੇਸ਼ਕਰ ਨੇ ਛੋਟੀ ਉਮਰ ਵਿੱਚ ਘਰ ਦੀ ਜ਼ਿੰਮੇਵਾਰੀ ਸੰਭਾਲਣੀ ਸ਼ੁਰੂ ਕਰ ਦਿੱਤੀ ਜਿਸ ਵਿੱਚ ਬੱਚੇ ਖੇਡਦੇ ਅਤੇ ਪੜ੍ਹਦੇ ਹਨ। 1942 ਵਿੱਚ, ਜਦੋਂ ਲਤਾ



13 ਸਾਲਾਂ ਦੀ ਸੀ, ਉਸਦੇ ਪਿਤਾ ਦੀ ਮੌਤ ਹੋ ਗਈ। ਲਤਾ ਆਪਣੇ ਚਾਰ ਭੈਣਾਂ-ਭਰਾਵਾਂ ਵਿੱਚੋਂ ਸਭ ਤੋਂ ਵੱਡੀ ਸੀ ਅਤੇ ਛੋਟੇ ਹੁੰਦਿਆਂ ਹੀ ਲਤਾ ਨੇ ਆਪਣੇ ਪਰਿਵਾਰ ਦੀ ਜ਼ਿੰਮੇਵਾਰੀ ਸੰਭਾਲ ਲਈ। ਬਹੁਤ ਘੱਟ ਲੋਕ ਜਾਣਦੇ ਹੋਣਗੇ ਕਿ ਲਤਾ ਮੰਗੇਸ਼ਕਰ ਗਾਇਕਾ ਹੋਣ ਦੇ ਨਾਲ-ਨਾਲ ਅਦਾਕਾਰਾ ਵੀ ਸੀ। ਉਸਨੇ ਬਾਲ ਕਲਾਕਾਰ ਵਜੋਂ ਕੁਝ ਫਿਲਮਾਂ ਵਿੱਚ ਕੰਮ ਕੀਤਾ।

"ਦੇਸ਼ ਦੁਆਬਾ"
ਹਫਤਾਵਾਰੀ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ
ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ
ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਮੈਰੀਲੈਂਡ ਸਟੇਟ ਲਈ ਗਵਰਨਰ ਤੇ ਲੈਫਟੀਨੈਂਟ ਗਵਰਨਰ ਦੀ ਚੋਣ ਲੜ ਰਹੇ ਉਮੀਦਵਾਰਾਂ ਲਈ ਚੇਅਰਮੈਨ ਜਸਦੀਪ ਸਿੰਘ ਜੱਸੀ ਨੇ ਕੀਤਾ ਫੰਡ ਰੇਜ਼ਿੰਗ ਡਿਨਰ ਦਾ ਅਯੋਜਨ

**ਵਾਸ਼ਿੰਗਟਨ, 25 ਸਤੰਬਰ ( ਰਾਜ ਗੋਗਨਾ )—** ਪੰਜਾਬੀ ਖਾਸਕਰ ਸਿੱਖ ਭਾਈਚਾਰੇ ਦੀ ਅੰਤਰਰਾਸ਼ਟਰੀ ਪੱਧਰ 'ਤੇ ਆਵਾਜ਼ ਨੂੰ ਬੁਲੰਦ ਕਰਨ ਵਾਲੇ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸਿੱਖ ਆਗੂ ਸ: ਜਸਦੀਪ ਸਿੰਘ ਜੱਸੀ ਵਲੋਂ ਮੈਰੀਲੈਂਡ ਸਟੇਟ ਦੇ ਗਵਰਨਰ ਦੀ ਚੋਣ ਲੜ ਰਹੇ ਅਤੇ ਪ੍ਰਾਇਮਰੀ ਜਿੱਤ ਚੁੱਕੇ ਮਜ਼ਬੂਤ ਉਮੀਦਵਾਰ ਵੈੱਸ ਮੋਰ ਤੇ ਲੈਫਟੀਨੈਂਟ ਗਵਰਨਰ ਲਈ ਉਮੀਦਵਾਰ ਅਰੂਨਾ ਮਿਲਰ ਲਈ ਆਪਣੇ ਗ੍ਰਹਿ ਮੈਰੀਲੈਂਡ ਵਿਖੇ ਸ਼ਾਨਦਾਰ ਫੰਡ ਰੇਜ਼ਿੰਗ ਦਾ ਅਯੋਜਨ ਕੀਤਾ। ਇੱਥੇ ਦੱਸਣਯੋਗ ਹੈ ਕਿ ਜਸਦੀਪ ਸਿੰਘ ਜੱਸੀ ਅਤੇ ਸਾਜਿਦ ਤਰਾਰ ਆਪਣੀਆਂ ਰਾਜਨੀਤਕ ਗਤੀਵਿਧੀਆਂ ਕਰ ਕੇ ਵੀ ਜਾਣੇ ਜਾਂਦੇ ਹਨ ਜੋ ਕਿ ਰਿਪਬਲਿਕਨ ਪਾਰਟੀ ਦੇ ਡੋਨਾਲਡ ਟਰੰਪ ਦੇ ਵੀ ਸਮੱਰਥਕ ਮੰਨੇ ਜਾਂਦੇ ਹਨ। ਉਨਾਂ ਨੇ ਪਾਰਟੀ ਲਾਈਨ ਕਰਾਸ ਕਰ ਕੇ ਡੈਮੋਕਰੇਟਿਕ ਪਾਰਟੀ ਦੀ ਆਗੂ ਭਾਰਤੀ ਮੂਲ ਦੀ ਅਰੂਨਾ ਮਿਲਰ ਨੂੰ ਜੋ ਕਿ ਲੈਫਟੀਨੈਂਟ ਗਵਰਨਰ ਦੀ ਚੋਣ ਲੜ ਰਹੀ ਹੈ ਨੂੰ ਸਮਰਥਨ ਦਿੱਤਾ ਹੈ ਜਿਸ ਵਿਚ ਉਨਾਂ ਨੇ ਕਿਹਾ ਕਿ ਉਹ ਉਮੀਦਵਾਰ ਵੇਖ ਕੇ ਸਮਰਥਨ ਦਿੰਦੇ ਹਨ ਪਾਰਟੀ ਪੱਧਰ 'ਤੇ ਨਹੀਂ। ਸ੍ਰ। ਜੱਸੀ ਨੇ ਵੈੱਸ ਮੋਰ ਤੋਂ ਮੰਗ ਕੀਤੀ ਕਿ ਜਦੋਂ ਉਹ ਜਿੱਤ ਪ੍ਰਾਪਤ ਕਰਦੇ ਹਨ ਤਾਂ ਆਪਣੇ ਦਫਤਰ ਦੇ ਪ੍ਰਸਾਸ਼ਨ ਵਿਚ ਇਕ ਦਸਤਾਰਧਾਰੀ ਸਿੱਖ



ਨੁਮਾਇੰਦੇ ਨੂੰ ਜ਼ਰੂਰ ਸ਼ਾਮਿਲ ਕਰਨ ਅਤੇ ਗਵਰਨਰ ਹਾਊਸ ਵਿਚ ਵਿਸਾਖੀ ਜ਼ਰੂਰ ਮਨਾਈ ਜਾਵੇ। ਉਨਾਂ ਇਹ ਵੀ ਕਿਹਾ ਕਿ ਹਾਲ ਹੀ ਵਿਚ ਸਿੱਖਾਂ ਉੱਪਰ ਜਾਨਲੇਵਾ ਨਸਲੀ ਹਮਲੇ ਵਧੇ ਹਨ ਅਤੇ ਸਿੱਖ ਬਿਜ਼ਨਸਮੈਨ ਵਧ ਰਹੇ ਕਰਾਈਮ ਨੂੰ ਝੱਲ ਰਹੇ ਹਨ ਜਿਨਾਂ ਦੀ ਮਦਦ ਕਰਨੀ ਪ੍ਰਸਾਸ਼ਨ ਦਾ ਫਰਜ਼ ਬਣਦਾ ਹੈ। ਇਸ ਮੌਕੇ ਦੋਵਾਂ ਉਮੀਦਵਾਰਾਂ ਲਈ 1 ਲੱਖ ਡਾਲਰ ਤੋਂ ਵੱਧ ਦਾ ਫੰਡ ਇਕੱਤਰ ਕੀਤਾ ਗਿਆ।

ਇਸ ਮੌਕੇ ਸਾਜਿਦ ਤਰਾਰ ਨੇ ਕਿਹਾ ਕਿ ਸਾਡਾ ਮਕਸਦ ਚੰਗੇ ਉਮੀਦਵਾਰਾਂ ਨੂੰ ਅੱਗੇ ਲਿਆਉਣ ਵਿਚ ਮਦਦ ਕਰਨੀ ਹੈ ਅਤੇ ਦੱਖਣੀ ਏਸ਼ੀਆਈ ਉਮੀਦਵਾਰਾਂ ਦਾ ਸਮਰਥਨ ਕਰਨਾ ਅਸੀਂ ਆਪਣਾ ਫਰਜ਼ ਸਮਝਦੇ ਹਾਂ। ਇਸ ਮੌਕੇ ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਮੈਰੀਲੈਂਡ ਦੇ ਸੰਭਾਵੀ ਗਵਰਨਰ ਵੈੱਸ ਮੋਰ ਨੇ ਕਿਹਾ ਕਿ ਜਸਦੀਪ ਸਿੰਘ ਜੱਸੀ ਨੇ ਜੋ ਵੀ ਮੰਗਾਂ ਮੇਰੇ ਧਿਆਨ ਵਿਚ ਲਿਆਂਦੀਆਂ ਹਨ ਉਹ ਸਾਰੀਆਂ ਹੀ ਮੰਨੀਆਂ ਜਾਣਗੀਆਂ। ਇਕ ਦਸਤਾਰਧਾਰੀ ਨੁਮਾਇੰਦਾ ਵੀ ਗਵਰਨਰ ਹਾਊਸ ਦੇ ਪ੍ਰਸਾਸ਼ਨ ਵਿਚ ਸ਼ਾਮਿਲ ਕੀਤਾ ਜਾਵੇਗਾ, ਵਿਸਾਖੀ ਵੀ ਮਨਾਈ ਜਾਇਆ ਕਰੇਗੀ ਅਤੇ ਸਿੱਖ ਭਾਈਚਾਰੇ ਨੂੰ ਸੁਰੱਖਿਆ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ।

ਇਸ ਫੰਡ ਰੇਜ਼ਿੰਗ ਡਿਨਰ ਵਿਚ ਵੱਡੀ ਗਿਣਤੀ 'ਚ ਲੋਕ ਆਏ ਅਤੇ ਬਾਲੀਟਮੋਰ ਤੋਂ ਵੀ ਵੱਖ-ਵੱਖ ਗੁਰਦੁਆਰਾ ਸਾਹਿਬਾਨ ਤੋਂ ਪ੍ਰਬੰਧਕਾਂ ਨੇ ਆ ਕੇ ਆਪਣਾ ਯੋਗਦਾਨ ਦਿੱਤਾ। ਅੰਤ ਵਿਚ ਸਭ ਮਹਿਮਾਨਾਂ ਅਤੇ ਆਗੂਆਂ ਨੇ ਸਾਂਝੇ ਰੂਪ ਵਿਚ ਡਿਨਰ ਦਾ ਭਰਪੂਰ ਅਨੰਦ ਮਾਣਿਆ।

# ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦਾ ਰੁਬਾਈ ਸੰਗ੍ਰਹਿ 'ਇਕ ਬੂੰਦ ਸਵਾਤੀ': ਅਧਿਆਤਮ ਤੇ ਜਗਿਆਸਾ ਦਾ ਅੰਤਰ ਸੰਵਾਦ ਹੈ-ਡਾ.ਮੋਹਨ ਤਿਆਗੀ

## 'ਇਕ ਬੂੰਦ ਸਵਾਤੀ': ਸੁੱਚੀ ਸੰਵੇਦਨਾ ਦਾ ਸੁੱਚਾ ਕਾਵਿ-ਨਿਭਾਓ- ਡਾ.ਉਮਿੰਦਰ ਜੌਹਲ






**ਹੇਵਰਡ:** ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਦੀ ਮਾਸਿਕ ਮਿਲਣੀ ਮਹਿਰਾਨ ਰੈਸਟੋਰੈਂਟ ਨਿਊਵਾਰਕ ਵਿਖੇ ਡਾ. ਸੁਖਵਿੰਦਰ ਕੰਬੋਜ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਦਾ ਰੁਬਾਈ ਸੰਗ੍ਰਹਿ 'ਇਕ ਬੂੰਦ ਸਵਾਤੀ' ਲੋਕ ਅਰਪਣ ਕੀਤਾ ਗਿਆ। ਮਿਲਣੀ ਦੇ ਅਰੰਭ ਵਿਚ ਜਨਰਲ ਸਕੱਤਰ ਕੁਲਵਿੰਦਰ ਨੇ ਪ੍ਰਸਿੱਧ ਸੂਫ਼ੀ ਗਾਇਕ ਸੁਖਦੇਵ ਸਾਹਿਲ ਨੂੰ ਰੁਬਾਈ ਗਾਇਨ ਲਈ ਸੱਦਾ ਦਿੱਤਾ। ਸਾਹਿਲ ਨੇ ਕੁਝ ਰੁਬਾਈਆਂ ਦਾ ਗਾਇਨ ਕਰਕੇ ਸਮੁੱਚੀ ਕਾਇਨਾਤ ਨੂੰ ਇੱਕ ਸੁਰ ਕਰ ਦਿੱਤਾ। ਇਸ ਉਪਰੰਤ ਪੰਜਾਬੀ ਸਾਹਿਤ ਸਭਾ ਕੈਲੀਫ਼ੋਰਨੀਆ ਦੀ ਪ੍ਰਧਾਨ ਡਾ. ਰਮਨੀਤ ਕੌਰ, ਡਾ. ਸੁਖਵਿੰਦਰ ਕੰਬੋਜ, ਬੀਬੀ ਸੁਰਜੀਤ ਕੌਰ, ਪ੍ਰੋ. ਸੁਰਿੰਦਰ ਸਿੰਘ ਸੀਰਤ ਅਤੇ ਪੰਜਾਬ ਲੋਕ ਰੰਗ ਦੇ ਨਿਰਦੇਸ਼ਕ ਸੁਰਿੰਦਰ ਸਿੰਘ ਧਨੋਆ ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਹੋਏ। ਡਾ. ਸੁਖਵਿੰਦਰ ਕੰਬੋਜ ਨੇ ਆਏ ਮਹਿਮਾਨਾਂ ਨੂੰ ਰਸਮੀ ਜੀ ਆਇਆਂ ਕਿਹਾ। ਇਸ ਉਪਰੰਤ ਚਰਨਜੀਤ ਸਿੰਘ ਪੰਨੂੰ ਨੇ ਡਾ. ਮੋਹਨ ਤਿਆਗੀ ਦਾ ਲਿਖਿਆ ਪਰਚਾ ਬੜੇ ਸੰਜੀਦਾ ਢੰਗ ਨਾਲ਼ ਪੜ੍ਹਿਆ। ਇਸ ਪਰਚੇ ਮੁਤਾਬਿਕ ਇਸ ਸੰਗ੍ਰਹਿ ਦੀ ਸਮੁੱਚੀ ਕਵਿਤਾ ਇੱਕ ਸਥਿਰ ਪੈਟਰਨ ਵਿੱਚ ਚੱਲਦੀ ਹੋਈ ਸ਼ਾਇਰਾ ਦੇ ਰੱਬੀ ਸੰਕਲਪ ਅਤੇ ਆਤਮਿਕ ਜਗਤ ਦੀਆਂ ਗੁੱਝੀਆਂ ਰਮਜ਼ਾਂ ਅਤੇ ਵਿਸਮਾਦੀ ਝਲਕਾਰਿਆਂ ਨੂੰ ਬਹੁ ਪਰਤੀ ਪਾਠ ਰਾਹੀਂ ਪ੍ਰਵਾਹਿਤ ਕਰਨ ਦਾ ਯਤਨ ਕਰਦੀ ਹੈ।ਇਸ ਕਵਿਤਾ ਵਿੱਚ ਇੱਕ ਪੜਾਅ ਅਜਿਹਾ ਆਉਂਦਾ ਹੈ ਜਿੱਥੇ ਜਾ ਕੇ ਇਹ ਕਵਿਤਾ ਸਵੈ ਤੋਂ ਪਾਰ ਜਾਂਦੀ ਹੋਈ ਜਥੇਬੰਦਕ ਚੇਤਨਾ ਰਾਹੀਂ ਸਮੂਹਿਕ ਰੂਪ ਅਖਤਿਆਰ ਕਰ ਲੈਂਦੀ ਹੈ। ਇੱਥੇ ਸਭ ਹੱਦਬੰਦੀਆਂ ਅਤੇ ਦਾਇਰੇ ਖਤਮ ਹੋ ਜਾਂਦੇ ਹਨ। ਪਰਚੇ ਤੋਂ ਇਲਾਵਾ ਚਰਨਜੀਤ ਪੰਨੂੰ ਨੇ ਆਪਣੇ ਵਿਚਾਰ ਪ੍ਰਗਟਾਉਂਦੇ ਕਿਹਾ ਕਿ ਉਨ੍ਹਾਂ ਇਸ ਸਮੁੱਚੀ ਕਵਿਤਾ ਨੂੰ ਮਾਣਿਆਂ ਹੈ। ਬੀਬੀ ਜੀ ਦੀ ਕਵਿਤਾ ਸਹਿਜ ਅਵਸਥਾ ਦੀ ਤਲਾਸ਼ ਹੈ ਅਤੇ ਸੁਖਦੇਵ ਸਾਹਿਲ ਨੇ ਇਨ੍ਹਾਂ ਕਾਵਿਕ ਸੁਰਾਂ ਨਾਲ਼ ਮਨ ਵਿਸਮਾਦਤ ਕਰ ਦਿੱਤਾ ਹੈ। ਸੁਰਜੀਤ ਸਖੀ ਵਲੋਂ ਡਾ. ਉਮਿੰਦਰ ਜੌਹਲ ਦਾ



ਪਰਚਾ ਵੀ ਭਾਵ-ਪੂਰਤ ਢੰਗ ਨਾਲ਼ ਪੜ੍ਹਿਆ ਗਿਆ। ਡਾ. ਜੌਹਲ ਦੇ ਪਰਚੇ ਅਨੁਸਾਰ ਇਹ ਸੰਗ੍ਰਹਿ ਮਨੋ ਸਾਧਨਾ ਅਤੇ ਸ਼ਬਦ ਸਾਧਨਾ ਦੇ ਐਸੇ ਸੁਮੇਲ ਦਾ ਪ੍ਰਮਾਣ ਹੈ, ਜਿਸ ਨੂੰ ਕਾਵਿ ਦੀਆਂ ਅਮੀਰ ਪਰੰਪਰਾਵਾਂ ਨਾਲ਼ ਸਾਂਝ ਸੂਤਰ ਨਿਭਾਉਣੇ ਆਉਂਦੇ ਹਨ। ਇਸ ਤੋਂ ਬਾਅਦ ਸਖੀ ਨੇ ਆਪਣੇ ਵਿਚਾਰ ਵੀ ਪਰਚੇ ਦੇ ਰੂਪ ਵਿੱਚ ਪੇਸ਼ ਕਰਦਿਆਂ ਇਸ ਸੰਗ੍ਰਹਿ ਦੀਆਂ ਰੁਬਾਈਆਂ ਦੇ ਬਹੁ-ਪਰਤੀ ਪਸਾਰ ਪੇਸ਼ ਕੀਤੇ।

ਸੁਰਿੰਦਰ ਸਿੰਘ ਧਨੋਆ ਨੇ ਬੀਬੀ ਸੁਰਜੀਤ ਕੌਰ ਦੀ ਸ਼ਖ਼ਸੀਅਤ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਬੀਬੀ ਸੁਰਜੀਤ ਕੌਰ ਸਾਡੇ ਵਿੱਚ ਇੱਕੋ ਹੀ ਹੈ ਅਤੇ 'ਬੀਬੀ' ਹੋਣਾ ਆਪਣੇ ਆਪ ਵਿੱਚ ਵਿਸ਼ੇਸ਼ ਹੈ। ਗਗਨਦੀਪ ਨੇ ਬੀਬੀ ਦੀ ਉਸਤਤ ਕਰਦਾ ਕਾਵਿ-ਚਿੱਤਰ ਪੇਸ਼ ਕੀਤਾ। ਜਗਜੀਤ ਨੌਸ਼ਿਹਰਵੀ ਨੇ ਬੀਬੀ ਨੂੰ ਰੂਹਾਨੀਅਤ ਨਾਲ਼ ਜੁੜੀਆਂ ਰੁਬਾਈਆਂ ਲਿਖਣ ਲਈ ਵਧਾਈ ਦਿੱਤੀ। ਜਗਤਾਰ ਗਿੱਲ ਅਤੇ ਅਮਰਜੀਤ ਸਿੰਘ ਮੁਲਤਾਨੀ ਨੇ ਵੀ ਬੀਬੀ ਦੀ ਕਲਮ, ਸ਼ਖ਼ਸੀਅਤ ਅਤੇ ਸਮਾਜ ਪ੍ਰਤੀ ਨਿਭਾਈ ਭੂਮਿਕਾ ਦੀ ਸ਼ਲਾਘਾ ਕੀਤੀ।

ਯਕੂਬ ਦੀ ਆਵਾਜ਼ ਵਿਚ ਰਿਕਾਰਡ ਇਕ ਰੁਬਾਈ ਵੀ ਪੇਸ਼ ਕੀਤੀ ਗਈ।ਬੀਬੀ ਸੁਰਜੀਤ ਕੌਰ ਨੇ ਸਰੋਤਿਆਂ ਦੇ ਰੂ ਬ ਰੂ ਹੁ-ਦਿਆਂ ਆਪਣੇ ਜੀਵਨ ਅਤੇ ਸਾਹਿਤਕ ਸਫ਼ਓਮਪ;ਰ ਬਾਰੇ ਕਿਹਾ ਕਿ ਉਹ ਗੁਰੂ ਘਰ ਦੇ ਕੀਰਤਨੀਏਂ ਵਜੋਂ ਐਲਸਬਰਾਂਟੇ ਆਈ ਅਤੇ ਹੈੱਡ ਗਰੰਥੀ ਦੀ ਸੇਵਾ ਵੀ ਨਿਭਾਈ। ਇਸ ਸਫ਼ਰ 'ਤੇ ਚੱਲਦਿਆਂ ਆਪਣੇ ਧਰਮ ਅਤੇ ਕੌਮ ਦੇ ਕੱਟੜ ਮੱਤ ਯੋਧਿਆਂ ਦਾ ਸਾਹਮਣਾ ਕੀਤਾ। ਸ਼ਬਦ ਗੁਰੂ ਅਤੇ ਆਪੇ ਨਾਲ਼ ਜੁੜਨ ਕਾਰਣ ਕਲਮ ਦੀ ਬਖਸ਼ਿਸ਼ ਹੋਈ। ਇਸ ਲਈ 2017 ਵਿਚ 'ਪੰਜ ਆਬਾਂ ਦੀ ਜਾਈ' ਕਾਵਿ ਸੰਗ੍ਰਹਿ ਅਤੇ ਹੁਣ ਇਸ ਰੁਬਾਈ ਸੰਗ੍ਰਹਿ ਨਾਲ਼ ਸਭ ਦੇ ਸਨਮੁਖ ਹੋ ਰਹੀ ਹੈ। ਪ੍ਰੋ. ਸੁਰਿੰਦਰ ਸਿੰਘ ਸੀਰਤ ਨੇ ਰੁਬਾਈ ਸੰਗ੍ਰਹਿ ਦੇ ਤਕਨੀਕੀ ਪੱਖਾਂ ਦਾ ਵਰਣਨ ਕਰਦੇ ਕਿਹਾ ਕਿ ਇਹ ਸੰਗ੍ਰਹਿ ਪੰਜਾਬੀ ਸਾਹਿਤ ਵਿੱਚ ਇਕ ਨਵਾਂ ਰੰਗ ਅਤੇ ਨਵਾਂ ਰੂਪ ਲੈ ਕੇ ਪ੍ਰਵੇਸ਼ ਕਰ ਰਿਹਾ ਹੈ। ਇਹ ਰੁਬਾਈਆਂ ਇਸ਼ਕ ਹਕੀਕੀ ਦੇ ਰੰਗ ਵਿੱਚ ਰੰਗੀਆਂ ਹੋਈਆਂ ਹਨ। ਉਸਦੀ ਨਜ਼ਰ ਵਿੱਚ ਬੀਬੀ ਸੁਰਜੀਤ ਕੌਰ ਇਕ ਕ੍ਰਾਂਤੀਕਾਰ ਹੈ ਜਿਸਨੇ ਸੰਘਰਸ਼ਮਈ ਜੀਵਨ ਜੀਵਿਆ ਹੈ। ਡਾ. ਸੁਖਵਿੰਦਰ ਕੰਬੋਜ ਨੇ ਕਿਹਾ ਕਿ ਇਹ ਰੁਬਾਈਆਂ ਜੀਵਨ ਦੇ ਰਿਸ਼ਤਿਆਂ ਨੂੰ ਸਮਰਪਣ ਦੀ ਭਾਵਨਾ ਨਾਲ਼ ਜੋੜਦੀਆਂ ਹਨ। ਬੀਬੀ ਆਪਣੀ ਪੁਸਤਕ ਵਿੱਚ ਇਸ ਭਾਵਨਾ ਨੂੰ ਆਖਿਰ ਤੱਕ ਕਾਇਮ ਰੱਖਦੀ ਹੈ। ਇਸ ਲਈ ਇਹ ਪੁਸਤਕ ਮਹੱਤਵਪੂਰਨ ਹੈ।

ਡਾ. ਮਨਰੀਤ ਕੌਰ ਨੇ ਇਸ ਸਮਾਗਮ ਦਾ ਮੁਲਾਂਕਣ ਕਰਦਿਆਂ ਵਿਪਸਾ ਅਤੇ ਬੀਬੀ ਸੁਰਜੀਤ ਕੌਰ ਨੂੰ ਇਕ ਵਧੀਆ ਸਮਾਗਮ ਅਤੇ ਕਿਰਤ ਲਈ ਵਧਾਈ ਦਿੱਤੀ। ਉਸ ਨੇ ਇਹ ਵੀ ਕਿਹਾ ਕਿ ਪੁਸਤਕ ਦੇ ਅੱਗੇ ਪ੍ਰਕਾਸ਼ਿਤ ਮੁੱਖ ਬੰਦ, ਭੂਮਿਕਾ ਜਾਂ ਜੋ ਹੋਰ ਰੀਵੀਊ ਨਹੀਂ ਹੋਣੇ ਚਾਹੀਦੇ ਤਾਂ ਕਿ ਪਾਠਕ ਪੁਸਤਕ ਦਾ ਭਰਪੂਰ ਆਨੰਦ ਮਾਣ ਸਕੇ। ਇਸ ਉਪਰੰਤ ਬੀਬੀ ਸੁਰਜੀਤ ਕੌਰ ਅਤੇ ਉਸਦੇ ਜੀਵਨ ਸਾਥੀ ਸ. ਕਿਹਰ ਸਿੰਘ ਨੇ ਪ੍ਰੋ. ਸੁਰਿੰਦਰ ਸਿੰਘ ਸੀਰਤ ਨੂੰ ਇਸ ਪੁਸਤਕ ਨੂੰ ਨੇਪਰੇ ਚਾੜ੍ਹਨ ਲਈ ਨਿਭਾਈ ਭੂਮਿਕਾ ਲਈ 'ਲੋਈ' ਦੇ ਕੇ ਸਨਮਾਨਿਤ ਕੀਤਾ ਅਤੇ ਜਨਮ ਦਿਨ ਦਾ ਤੋਹਫ਼ਾ ਵੀ ਦਿੱਤਾ। ਦੁਪਹਿਰ ਦੇ ਖਾਣੇ ਤੋਂ ਬਾਅਦ ਕਵੀ ਦਰਬਾਰ ਵਿਚ ਜਸਵੰਤ ਸਿੰਘ ਸ਼ੀਂਹਮਾਰ, ਜੋਤੀ ਸਿੰਘ, ਕਮਲ ਬੰਗਾ, ਐਸ਼, ਸੁਰਜੀਤ ਸਖੀ, ਡਾ. ਮਨਰੀਤ ਕੌਰ, ਤਾਰਾ ਸਿੰਘ ਸਾਗਰ, ਪ੍ਰੋ. ਸੁਰਿੰਦਰ ਸਿੰਘ ਸੀਰਤ ਅਤੇ ਕੁਲਵਿੰਦਰ ਨੇ ਭਾਗ ਲਿਆ। ਮੰਚ ਸੰਚਾਲਨ ਕੁਲਵਿੰਦਰ ਵਲੋਂ ਬਾਖੂਬੀ ਨਿਭਾਇਆ ਗਿਆ।

**ਰਿਪੋਰਟ: ਲਾਜ ਨੀਲਮ ਸੈਣੀ**
**ਸਹਾਇਕ ਸਕੱਤਰ (ਵਿਪਸਾ)**
**ਫੋਨ: 510-502-0551**

# ਭਾਰਤ ਤੋਂ ਪੁੱਤਰਾਂ ਨੂੰ ਮਿਲਣ ਆਏ ਤੇਲਗੂ ਮੂਲ ਦੇ ਮਾਂ- ਪਿਉ ਸਮੇਤ ਅਰੀਜ਼ੋਨਾ ਰਾਜ ਦੇ ਫਲੈਗਸਟਾਫ ਦੇ ਕੋਲ ਵਾਪਰੇ ਟਰਾਲੇ ਦੀ ਟੱਕਰ ਨਾਲ ਕਾਰ 'ਚ ਸਵਾਰ ਦੋ ਪੁੱਤਰਾਂ ਸਮੇਤ ਇਕੋ ਹੀ ਪਰਿਵਾਰ ਦੇ 4 ਜੀਆਂ ਦੀ ਮੌਤ

**ਨਿਊਯਾਰਕ, 24 ਸਤੰਬਰ (ਰਾਜ ਗੋਗਨਾ )—** ਬੀਤੇਂ ਦਿਨ ਅਮਰੀਕਾ ਦੇ ਸੂਬੇ ਅਰੀਜ਼ੋਨਾ ਵਿੱਚ ਆਪਣੇ ਦੋ ਪੁੱਤਰਾਂ ਕੋਲ ਅਮਰੀਕਾ ਮਿਲਣ ਆਏ ਆਧਰਾ ਪ੍ਰਦੇਸ਼ ਨਾਲ ਸਬੰਧਤ ਇਕ ਮਾਂ- ਪਿਉ -ਸਮੇਤ ਕਾਰ ਵਿੱਚ ਸਫਰ ਕਰ ਰਹੇ ਉਹਨਾਂ ਦੇ ਦੋ ਪੁੱਤਰਾਂ ਸਮੇਤ ਇਕ ਪਰਿਵਾਰ ਦੇ ਚਾਰ ਮੈਂਬਰਾਂ ਦੀ ਮੋਤ ਹੋ ਗਈ। ਜਿੰਨਾਂ ਦੀ ਪਹਿਚਾਣ ਧਨੇਸ਼ ਨਾਗਾਰਾਜਨ ਅਤੇ ਅਹਤੀਸ਼ ਨਾਗਾਰਾਜਨ ਦੱਸਿਆ ਜਾਂਦਾ ਹੈ ਜੋ ਟੈਂਪੇ ਵਿੱਚ ਰਹਿੰਦੇ ਸਨ। ਜਿੰਨਾਂ ਦੀ ਕਾਰ ਨੂੰ ਇਕ ਟਰੈਕਟਰ ਟਰਾਲੇ ਨੇ ਟੱਕਰ ਮਾਰ ਦਿੱਤੀ ਜਿਸ ਵਿੱਚ ਉਹਨਾਂ ਦੇ ਮਾਤਾ ਪਿਤਾ ਸਮੇਤ ਇੱਕੋ ਹੀ ਪਰਿਵਾਰ ਦੇ 4 ਮੈਂਬਰਾਂ ਦੀ ਮੋਕੇ ਤੇ ਹੀ ਮੋਤ ਹੋ ਗਈ ਹੈ।ਪਰਿਵਾਰ ਦਾ ਇਕ ਨੋਜਵਾਨ ਜਿਸ ਦਾ ਨਾਂ ਧਨੇਸ਼ ਨਾਗਾਰਾਜਨ ਅਮਰੀਕਾ ਵਿੱਚ ਇੱਕ ਗਾਇਕ, ਅਤੇ ਸੰਗੀਤਕਾਰ ਸੀ। ਉਹਨਾਂ ਨਾਲ ਕਾਰ ਚ' ਸਵਾਰ ਭਾਰਤ ਤੋ ਅਰੀਜ਼ੋਨਾ ਅਮ-ਰੀਕਾ ਵਿੱਚ ਆਪਣੇ ਦੋ ਪੁੱਤਰਾਂ ਨੂੰ ਉਹ ਮਿਲਣ ਆਏ ਸਨ। ਇਸ ਦੁਖਦਾਈ ਹਾਦਸੇ ਵਿੱਚ ਇੱਕੋ ਹੀ ਪਰਿਵਾਰ ਦੇ ਚਾਰ ਜੀਆਂ ਦੀ ਮੌਤ ਹੋ ਗਈ। ਦੱਸਿਆ ਜਾਂਦਾ ਹੈ ਕਿ ਇਹ ਪਰਿਵਾਰ ਅਰੀਜ਼ੋਨਾ ਦੇ ਸਿਟੀ ਸੇਡੋਨਾ ਵਿਖੇਂ ਕਿਸੇ ਨੂੰ ਮਿਲਣ ਜਾ ਰਹੇ ਸਨ। ਜਦੋਂ ਉਹ ਜਿਸ ਕਾਰ ਵਿੱਚ ਸਨ ਉਸ ਨੂੰ ਇੱਕ ਟਰੈਕਟਰ ਟਰੇਲਰ ਨੇ ਸਿੱਧੀ ਟੱਕਰ ਮਾਰ ਦਿੱਤੀ। ਟਰੱਕ ਦੇ ਡਰਾਈਵਰ ਨੇ ਅਧਿਕਾਰੀਆਂ





ਨੂੰ ਦੱਸਿਆ ਕਿ ਉਸ ਦੀ ਬ੍ਰੇਕ ਫੇਲ ਹੋ ਜਾਣ ਦੇ ਕਾਰਨ ਇੰਨਾਂ ਵੱਡਾ ਹਾਦਸਾ ਵਾਪਰਿਆ। ਇਹ ਹਾਦਸਾ ਅਰੀਜ਼ੋਨਾ ਦੇ ਫਲੈਗਸਟਾਫ ਦੇ ਨੇੜੇ ਰੂਟ- 17 'ਤੇ ਵਾਪਰਿਆ। ਜਨਤਕ ਸੁਰੱਖਿਆ ਵਿਭਾਗ ਨੇ ਮਾਰੇ ਗਏ ਲੋਕਾਂ ਦੀ ਪਹਿਚਾਣ 54 ਸਾਲਾ ਗਿਆਨੱਪਨ ਨਾਗਾਰਾਜਨ, 45 ਸਾਲਾ ਵਿਜੇ ਲਕਸ਼ਮੀ, ਜੋ ਕੁਝ ਦਿਨ ਪਹਿਲੇ ਭਾਰਤ ਤੋ ਆਏ ਉਹਨਾਂ ਦੇ (ਮਾਤਾ-ਪਿਤਾ) ਅਤੇ ਉਨ੍ਹਾਂ ਦੇ ਦੋ ਪੁੱਤਰ ਜਿੰਨਾਂ ਵਿੱਚ ਇਕ 24 ਸਾਲਾ ਅਤੀਸ਼ ਨਾਗਾਰਾਜਨ ਅਤੇ ਦੂਸਰਾ 23 ਸਾਲਾ ਦਿਨੇਸ਼ ਨਾਗਾਰਾਜਨ ਵਜੋਂ ਕੀਤੀ ਗਈ ਹੈ। ਮਰਨ ਵਾਲਿਆਂ ਵਿੱਚੋਂ ਮਾਰੇ ਗਏ ਦੋ ਨੌਜਵਾਨਾਂ ਸਮੇਤ ਉਹਨਾਂ ਦੇ ਮਾਤਾ-ਪਿਤਾ ਸਨ।

## ਖੇਡਾਂ ਵਤਨ ਪੰਜਾਬ ਦੀਆਂ 2022

# 5ਜਾਬ ਬਾਕਸਿੰਗ ਜਰਖੜ ਅਕੈਡਮੀ ਦੇ ਸੁਖਜਿੰਦਰ ਸਿੰਘ ਜਰਖੜ, ਅੰਜਲੀ ਗੁਪਤਾ ਦੇ ਸੋਨ ਤਮਗਿਆ ਸਮੇਤ ਜਿੱਤੇ ਕੁੱਲ 11 ਤਮਗੇ







**ਲੁਧਿਆਣਾ–** ਪੰਜਾਬ ਚ ਚੱਲ ਰਹੀਆਂ "ਖੇਡਾਂ ਵਤਨ ਪੰਜਾਬ ਦੀਆਂ" ਦੇ ਖੇਡ ਮੁਕਾਬਲਿਆਂ ਵਿੱਚ 5ਜਾਬ ਬਾਕਸਿੰਗ ਜਰਖੜ ਅਕੈਡਮੀ ਦੇ ਮੁੱਕੇਬਾਜ਼ਾਂ ਨੇ ਬਹੁਤ ਵਧੀਆ ਖੇਡ ਦਾ ਪ੍ਰਦਰਸ਼ਨ ਕਰਦਿਆਂ ਕੁੱਲ 11 ਤਮਗੇ ਜਿੱਤੇ ਹਨ। ਜਿਨ੍ਹਾਂ ਵਿੱਚ 3 ਸੋਨੇ ਦੇ, 2 ਚਾਂਦੀ ਦੇ ਅਤੇ 6ਕਾਂਸੀ ਦੇ ਤਮਗੇ ਜਿੱਤੇ ਹਨ।

ਖੰਨਾ ਵਿਖੇ ਮੁੱਕੇਬਾਜ਼ੀ ਦੇ ਖ਼ਤਮ ਹੋਏ ਮੁਕਾਬਲਿਆਂ ਵਿੱਚ ਜਰਖੜ ਅਕੈਡਮੀ ਦੇ ਸੁਖਜਿੰਦਰ ਸਿੰਘ ਜਰਖੜ ਨੇ 53ਕਿਲੋਗ੍ਰਾਮ ਵਰਗ ਵਿੱਚ ਸੋਨ ਤਗ਼ਮਾ ਹਾਸਲ ਕੀਤਾ। ਜਦਕਿ 49 ਕਿਲੋਗ੍ਰਾਮ ਵਰਗ ਵਿੱਚ ਜਰਖੜ ਅਕੈਡਮੀ ਦੇ ਹਰਜੋਤ ਸਿੰਘ ਜਰਖੜ ਨੇ ਚਾਂਦੀ ਦਾ ਤਗਮਾ ਜਿੱਤਿਆ। ਇਸ ਤੋਂ ਇਲਾਵਾ ਅੰਜਲੀ ਗੁਪਤਾ ਨੇ 45ਕਿਲੋਗ੍ਰਾਮ ਵਰਗ ਵਿੱਚ ਸੋਨ ਤਗ਼ਮਾ ਜਿੱਤਿਆ। ਅੰਡਰ 14 ਸਾਲ ਵਿੱਚ ਤਰਜੋਤ ਸਿੰਘ ਨੇ ਸੋਨ ਤਗ਼ਮਾ ਜਿੱਤਿਆ। ਇਸ ਤੋਂ ਇਲਾਵਾ ਜਰਖੜ ਅਕੈਡਮੀ ਦੇ ਖਿਡਾਰੀਆਂ ਨੇ 6 ਕਾਂਸੀ ਦੇ ਤਗ਼ਮੇ ਵੀ ਹਾਸਲ ਕੀਤੇ ਹਨ। ਹਾਕੀ ਦੇ 4 ਵਰਗਾਂ ਵਿੱਚ ਜਰਖੜ ਹਾਕੀ ਅਕੈਡਮੀ ਤਗ਼ਮਾ ਜਿੱਤਣ ਵਿੱਚ ਕਾਮਯਾਬ ਰਹੀ ਹੈ। ਅੰਡਰ 14 ਸਾਲ ਵਰਗ ਵਿੱਚ ਜਰਖੜ ਅਕੈਡਮੀ ਨੇ ਸੋਨ ਤਮਗਾ,ਅੰਡਰ 21ਸਾਲ ਵਰਗ ਵਿੱਚ ਚਾਂਦੀ ਦਾ ਅਤੇ ਅੰਡਰ 17ਸਾਲ ਵਰਗ, 21 ਸਾਲ ਤੋਂ ਉਪਰ ਵਰਗ ਵਿੱਚ ਕਾਂਸੀ ਦਾ ਤਮਗਾ ਜਿੱਤਿਆ।

5ਜਾਬ ਫਾਉਂਡੇਸ਼ਨ ਦੇ ਐਮਡੀ ਜਗਦੀਪ ਸਿੰਘ ਘੁੰਮਣ, ਡਾ ਸਵਰਨ ਸਿੰਘ ਘੁੰਮਣ ਡਾਇਰੈਕਟਰ, ਪ੍ਰਿੰਸੀਪਲ ਬਲਵੰਤ ਸਿੰਘ ਚਕਰ ਡਾਇਰੈਕਟਰ, ਜਰਖੜ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਟੀਮ ਦੇ ਸਮੂਹ ਖਿਡਾਰੀਆਂ ਕੋਚ ਗੁਰਸਤਿੰਦਰ ਸਿੰਘ ਪਰਗਟ ਅਤੇ ਮੁੱਕੇਬਾਜ਼ ਕੋਚ ਗੁਰਤੇਜ ਸਿੰਘ ਬੋੜਹਾਈ ਨੂੰ ਉਨ੍ਹਾਂ ਦੀ ਮਿਹਨਤ, ਲਗਨ, ਕੋਚਿੰਗ ਹੁਨਰ ਅਤੇ ਜੇਤੂ ਰਹਿਣ ਤੇ ਵਧਾਈ ਦਿੱਤੀ ਹੈ। ਮੁੱਕੇਬਾਜ਼ੀ ਵਿੱਚ ਜਰਖੜ ਅਕੈਡਮੀ ਦਾ ਇਹ ਇਕ ਪਹਿਲਾ ਇਮਤਿਹਾਨ ਸੀ, ਜਿਸ ਵਿੱਚ ਖਿਡਾਰੀਆਂ ਦੀ ਕਾਰਗੁਜ਼ਾਰੀ ਕਾਬਿਲੇ ਤਾਰੀਫ਼ ਰਹੀ ਹੈ। ਜਰਖੜ ਖੇਡਾਂ ਚੇਅਰਮੈਨ ਨਰਿੰਦਰਪਾਲ ਸਿੰਘ ਸਿੱਧੂ ਅਤੇ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਜੇਤੂ ਖਿਡਾਰੀਆਂ ਨੂੰ ਵਿਸ਼ੇਸ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ।

# ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਵੱਲੋਂ ਪੂਨਾ ਪੈਕਟ ਦਿਵਸ ਮਨਾਇਆ

**ਜਲੰਧਰ–** ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਵੱਲੋਂ ਪੂਨਾ ਪੈਕਟ ਦਿਵਸ ਬਹੁਤ ਉਤਸ਼ਾਹ ਨਾਲ ਮਨਾਇਆ ਗਿਆ। ਬੁੱਧ ਵਿਹਾਰ ਸੋਫੀ ਪਿੰਡ ਵਿਖੇ ਪੂਨਾ ਪੈਕਟ 1932 ਨੂੰ ਯਾਦ ਕਰਦਿਆਂ ਐਡਵੋਕੇਟ ਹਰਭਜਨ ਦਾਸ ਸਾਂਪਲਾ ਨੇ ਕਿਹਾ ਕਿ ਪੂਨਾ ਦੀ ਯਰਵਦਾ ਜੇਲ੍ਹ ਵਿਚ ਮਹਾਤਮਾ ਗਾਂਧੀ ਅਤੇ ਬਾਬਾ ਸਾਹਿਬ ਡਾ. ਅੰਬੇਡਕਰ ਦਰਮਿਆਨ ਹੋਏ ਰਾਜਨੀਤਿਕ ਅਧਿਕਾਰਾਂ ਦੇ ਸਮਝੌਤੇ ਨੂੰ ਪੂਨਾ ਪੈਕਟ ਦਾ ਨਾਂ ਦਿੱਤਾ ਗਿਆ। ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਦੂਰਦਰਸ਼ੀ ਸੋਚ ਦਾ ਨਤੀਜਾ ਹੈ ਕਿ ਅਨੁਸੂਚਿਤ ਜਾਤਾਂ ਅਤੇ ਦੱਬੇ ਕੁਚਲੇ ਲੋਕਾਂ ਨੂੰ ਸਮਾਜਿਕ ਤੇ ਰਾਜਨੀਤਿਕ ਅਧਿਕਾਰ ਪ੍ਰਾਪਤ ਹੋਏ, ਜਿਸ ਨਾਲ ਸਾਡਾ ਰਾਜਨੀਤਿਕ ਤੇ ਸਮਾਜਿਕ ਪੱਧਰ ਉੱਚਾ ਹੋਇਆ। ਡਾ. ਗੁਰਪਾਲ



ਚੌਹਾਨ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਤੋਂ ਬਾਅਦ ਜੋ ਵੀ ਸਰਕਾਰਾਂ ਆਈਆਂ, ਉਹਨਾਂ ਨੇ ਪੂਨਾ ਪੈਕਟ ਅਤੇ ਰਿਜ਼ਰਵੇਸ਼ਨ ਦੇ ਨਿਯਮਾਂ ਨੂੰ ਮਾੜੀ ਨੀਅਤ ਨਾਲ ਲਾਗੂ ਨਹੀਂ ਕੀਤਾ। ਮਾਸਟਰ ਚਮਨ ਸਾਂਪਲਾ ਨੇ ਵੀ ਵਿਚਾਰ ਪੇਸ਼ ਕੀਤੇ। ਇਸ ਪ੍ਰਭਾਵਸ਼ਾਲੀ ਪ੍ਰੋਗਰਾਮ ਵਿਚ ਮਾਸਟਰ ਰਾਮ ਲਾਲ, ਚਰਨ ਦਾਸ, ਲੈਂਮਬਰ ਬੰਗੜ, ਮਨੋਹਰ ਲਾਲ, ਗੌਤਮ ਸਾਂਪਲਾ, ਸਿਮਰਜੀਤ ਕੌਰ, ਮਿੰਦੋ, ਜੋਗਿੰਦਰ ਕੌਰ, ਸੁਹਾਨੀ, ਅਰਮਨ, ਮਾਹੀ, ਅਰੂਨ, ਰੋਹਿਤ ਸਾਂਪਲਾ, ਵੀਰਾਨ, ਨਿਸ਼ਾਂਤ, ਸਿਧਾਰਥ, ਵਾਰੁਣ, ਮੰਨਤ, ਸ਼ਾਮ, ਐਡਵੋਕੇਟ ਹਰਭਜਨ ਸਾਂਪਲਾ, ਡਾ. ਗੁਰਪਾਲ ਚੌਹਾਨ ਅਤੇ ਮਾਸਟਰ ਚਮਨ ਸਾਂਪਲਾ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।







# ਪੁੰਗਰਦੇ ਹਰਫ (ਵਿਸ਼ਵ ਕਾਵਿ-ਮਹਿਫਲ) ਵੱਲੋਂ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਸਹਿਯੋਗ ਨਾਲ ਅੰਤਰ ਰਾਸ਼ਟਰੀ ਕਵੀ ਦਰਬਾਰ ਜ਼ੂਮ ਰਾਹੀ

**ਸਿਆਟਲ–** ਮਾਂ ਬੋਲੀ ਪੰਜਾਬੀ ਦੇ ਸਰਬਖੱਖੀ ਵਿਕਾਸ ਲਈ ਸੰਸਾਰ ਪੱਧਰ ਤੇ ਵੱਖ ਵੱਖ ਸੰਸਥਾਵਾਂ ਵੱਲੋਂ ਅਤੇ ਵਿਅਕਤੀਗਤ ਤੌਰ ਤੇ ਕੀਤੇ ਜਾ ਰਹੇ ਯਤਨਾਂ ਸਦਕਾ ਸਾਹਿਤਕ ਪ੍ਰੋਗਰਾਮ ਅਤੇ ਵਿਸ਼ੇਸ਼ ਤੌਰ ਤੇ ਕਵੀ ਦਰਬਾਰ ਕਰਵਾਏ ਜਾ ਰਹੇ ਹਨ।ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ, ਪੁੰਗਰਦੇ ਹਰਫ (ਵਿਸ਼ਵ ਕਾਵਿ-ਮਹਿਫਲ) ਵੱਲੋਂ ਪੰਜਾਬੀ ਲਿਖਾਰੀ ਸਭਾ (ਰਜਿ) ਸਿਆਟਲ ਦੇ ਸਹਿਯੋਗ ਨਾਲ ਇਕ ਹੋਰ ਉਡਾਰੀ ਭਰੀ ਗਈ-ਸਾਲ 2022 ਦੇ ਸਿਤੰਬਰ ਮਹੀਨੇ ਵਿੱਚ ਜ਼ੂਮ ਰਾਹੀਂ ਵੱਖ ਵੱਖ ਦੇਸ਼ਾਂ ਭਾਰਤ, ਕੈਨੇਡਾ, ਅਮਰੀਕਾ, ਪਾਕਿਤਸਾਨ, ਇਟਲੀ, ਸਾਊਥ ਕੋਰੀਆ ਵੱਸਦੇ ਸਾਹਿਤਕਾਰਾਂ ਨੂੰ ਲੈ ਕੇ ਵਿਸ਼ਾਲ ਕਵੀ ਦਰਬਾਰ ਕੀਤਾ ਗਿਆ। ਅਨੇਕਾਂ ਸਾਹਿਤਕ ਸਭਾਵਾਂ, ਸੱਭਿਆਚਾਰਕ ਸੰਸਥਾਵਾਂ ,ਰੇਡੀਓ ਟੀ।ਵੀ ਨਾਲ ਜੁੜੇ, ਹਿੰਦੀ ਅਤੇ ਪੰਜਾਬੀ ਵਿੱਚ ਢੇਰੋਂ ਕਾਵਿ-ਸਿਰਜਣ ਰਚੇਤਾ ਅਤੇ 2010 ਦੀਆਂ ਕਾਮਨਵੈਲਕ ਖੇਡਾਂ ਦੇ ਡਿਪਟੀ ਡਾਇਰੈਕਟਰ ਜਨਰਲ ਅਤੇ ਰਾਸ਼ਟਰੀ ਪੱਧਰ ਦੀਆਂ ਖੇਡ ਸੰਸਥਾਵਾਂ ਦੇ ਸਾਬਕਾ ਨਿਰਦੇਸ਼ਕ, ਬਹੁਭਾਸ਼ਾਈ ਕਵੀ ਡਾ ਜੀ ਐਸ ਆਨੰਦ ਜੀ ਅੱਜ ਦੇ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਵਿਰ-'ਜਮਾਨ ਸਨ ਜਦੋਂ ਕਿ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਲਹਿੰਦੇ ਪੰਜਾਬ ਤੋਂ ਉਘੇ ਲੇਖਕ ਪ੍ਰੋਫੈਸਰ ਅਮਾਨਤ ਅਲੀ ਮੁਸਾਫਿਰ ਅਤੇ ਕੈਨੇਡਾ ਤੋਂ ਪੰਜਾਬੀ ਦੀ ਸਥਾਪਿਤ ਕਵਿੱਤਰੀ ਸਤਵੀਰ ਰਾਜੇਆਣਾ ਸੁਸ਼ੋਭਿਤ ਸਨ। ਅਮਨਬੀਰ ਸਿੰਘ ਧਾਮੀ ਨੇ 'ਮੁਹੱਬਤਾਂ ਦੇ ਘੱਲੇ ਸੰਨੇਹੇ' ਦਾ ਜ਼ਿਕਰ ਕਰਦਿਆਂ ਪ੍ਰੋਗਰਾਮ ਦਾ ਆਗਾਜ਼ ਕੀਤਾ ਅਤੇ ਪ੍ਰਧਾਨਾ ਰਮਨਦੀਪ ਕੌਰ ਰੰਮੀ ਨੇ ਆਏ ਹੋਏ ਮਹਿਮਾਨਾਂ ਅਤੇ ਕਵੀਆਂ ਨੂੰ ਜੀ ਆਇਆਂ ਕਿਹਾ।ਅੱਜ ਦੇ ਪ੍ਰੋਗਰਾਮ ਦੀ ਸੰਚਾਲਿਕਾ ਕਵਿੱਤਰੀ ਹਰਮੀਤ ਕੌਰ ਮੀਤ ਅਤੇ ਸੰਚਾਲਿਕਾ ਕਿਰਨਜੀਤ ਕੌਰ ਨੇ ਕਾਵਿਕ ਅੰਦਾਜ਼ ਵਿੱਚ ਹਾਜ਼ਰ ਕਵੀਆਂ ਨੂੰ ਸੱਦਾ ਦਿੱਤਾ। ਪਾਕਿਸਤਾਨ ਵਾਲੇ ਪੰਜਾਬ ਤੋਂ ਆਏ ਕਵੀ ਕਵਿਤਰੀਆਂ ਨਜ਼ਮਾ ਮਹਿਬੂਬ ਨਜ਼ਮਾ, ਮਹਿਬੂਬ ਅਲਾਰਮ ਤਾਰੀਕ, ਪ੍ਰੋ। ਅਮਾਨਤ ਅਲੀ ਮੁਸਾਫ਼ਿਰ ਦੀਆਂ ਪੇਸ਼ ਕਵਿਤਾਵਾਂ ਵਿੱਚ ਵਿਛੋੜੇ ਦਾ ਦਰਦ ਅਤੇ ਮਿਲਣ ਦੀਆਂ ਤਾਘਾਂ ਸਪੱਸ਼ਟ ਝਲਕਦੀਆਂ ਸਨ। ਭਾਰਤੀ ਪੰਜਾਬ ਤੋਂ ਹਾਜ਼ਰੀ ਲਵਾ ਰਹੀਆਂ ਕਵਿੱਤਰੀਆਂ ਮਨਦੀਪ ਭਦੌੜ, ਅੰਜਨਾ ਮੈਨਨ, ਸਵਰਨਜੀਤ ਕੌਰ ਢਿੱਲੋਂ, ਮਨਜੀਤ ਕੌਰ ਧੀਮਾਨ, ਕਿਰਨਪ੍ਰੀਤ ਕੌਰ ਜੈਤੋ ਤੇ ਡਾ। ਰਵਿੰਦਰ ਕੌਰ ਭਾਟੀਆ




ਦੀਆਂ ਪੇਸ਼ ਕਵਿਤਾਵਾਂ ਵਿੱਚ ਸੰਘਰਸ਼ਾਂ ਦੀ ਗੱਲ,ਕਲਮਾਂ ਦੇ ਗੁੱਝੇ ਭੇਦ, ਬਚਪਨ ਦੀਆਂ ਯਾਦਾਂ, ਦਿਲਾਂ ਦੇ ਅਰਮਾਨ, ਪਰਿਵਾਰਿਕ ਰਿਸ਼ਤਿਆਂ ਦੀ ਮਿਠਾਸ ਆਦਿ ਕੁਲ ਮਿਲਾ ਕੇ ਜ਼ਿੰਦਗੀ ਦਾ ਸੱਚ ਚਿਤਰਿਆ ਦਿਸ ਰਿਹਾ ਸੀ।ਸਾਹਿਤਕ ਹਲਕਿਆਂ ਵਿੱਚ ਆਪਣੀ ਸ਼ਾਇਰੀ ਨਾਲ ਮੁਕਾਮ ਬਣਾ ਬੈਠੀ ਕੈਨੇਡਾ ਵੱਸਦੀ ਸ਼ਾਇਰਾ ਸਤਵੀਰ ਰਾਜੇਆਣਾ ਨੇ ਖੂਬਸੂਰਤ ਅੰਦਾਜ਼ ਵਿੱਚ ਭਾਵਪੂਰਤ ਕਵਿਤਾਵਾਂ ਪੜ੍ਹੀਆਂ। ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰੈਸ ਸਕੱਤਰ ਵਿਅੰਗਕਾਰ ਮੰਗਤ ਕੁਲਜਿੰਦ ਨੇ ਤਰੰਨਮ 'ਚ ਗਾਏ ਗੀਤ ਰਾਹੀਂ ਪੱਛਮੀ ਦੇਸ਼ਾਂ ਦੇ ਚੰਗੇ ਪੱਖਾਂ ਨੂੰ ਉਜਾਗਰ ਕੀਤਾ। ਪੇਸ਼ ਨਵੀਆਂ ਕਲਮਾਂ ਦੀ ਹੌਸਲਾ ਅਫਜ਼ਾਈ ਕਰਦਿਆਂ ਮੁੱਖ ਮਹਿਮਾਨ ਡਾ।ਜੀ ਐਸ ਆਨੰਦ ਜੀ ਨੇ ਆਪਣੇ ਰਚਨਾ ਸੰਸਾਰ ਨਾਲ ਸਾਂਝ ਪੁਵਾਈ, ਪ੍ਰਬੰਧਕਾਂ ਨੂੰ ਵਧਾਈ ਦਿੱਤੀ ਅਤੇ ਸੱਭਿਆਚਾਰਕ ਕਵਿਤਾ 'ਜਿੱਥੇ ਬੈਠ ਬਰੋਟੇ ਥੱਲੇ, ਕੋਈ ਕਵੀਸ਼ਰ ਵਾਰਾਂ ਗਾਵੇ' ਪੜ੍ਹੀ। ਮੰਚ ਦੇ ਚੇਅਰਮੈਨ ਅਤੇ ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਮੀਤ ਪ੍ਰਧਾਨ ਬਲਿਹਾਰ ਸਿੰਘ ਲੇਹਲ ਦੇ ਤਕਨੀਕੀ ਸਹਿਯੋਗ ਕਰਕੇ ਇਸ ਸਾਰੇ ਪ੍ਰੋਗਰਾਮ ਨੂੰ ਸਫਲਤਾ ਪੂਰਵਕ ਫੇਸਬੁੱਕ ਮਾਧਿਅਮ ਰਾਹੀਂ ਸਿੱਧਾ ਪ੍ਰਸਾਰਿਆ ਗਿਆ, ਜੋ ਕਿ ਪੁੰਗਰਦੇ ਹਰਫ਼ ਦੇ ਫੇਸਬੁੱਕ ਉੱਤੇ ਹੁਣ ਵੀ ਦੇਖਿਆ ਜਾ ਸਕਦਾ ਹੈ। ਮਾਂ ਬੋਲੀ ਪੰਜਾਬੀ ਦੇ ਘੇਰੇ ਨੂੰ ਵਿਸ਼ਾਲ ਕਰਨ ਲਈ ਰੁੱਝੇ ,ਸਾਊਥ ਕੋਰੀਆ ਰਹਿੰਦੇ ਅਮਨਬੀਰ ਸਿੰਘ ਧਾਮੀ ਨੇ ਆਪਣੀ ਕਵਿਤਾ ਦੇ ਬੋਲਾਂ, 'ਸਾਡਾ ਵੀ ਇਕ ਸੋਹਣਾ ਘਰ ਉਸ ਪਾਰ ਸੀ' ਨਾਲ ਸਰੋਤਿਆਂ ਨੂੰ ਭਾਵਕ ਕਰ ਦਿੱਤਾ।ਆਪਣੀ ਨਜ਼ਮ 'ਇਜ਼ਹਾਰ' ਦੇ ਜਾਦੂਗਰੀ ਸ਼ਬਦਾਂ ਨਾਲ ਗਰੁੱਪ ਦੀ ਪ੍ਰਧਾਨਾ ਰਮਨਦੀਪ ਕੌਰ ਰੰਮੀ ਨੇ ਸਾਰਿਆਂ ਨੂੰ ਪ੍ਰਭਾਵਿਤ ਕੀਤਾ। ਸ਼ਬਦਾਂ ਦੇ ਖਿਡਾਰੀ ਦੇ ਤੌਰ ਤੇ ਜਾਣੇ ਜਾਂਦੇ ਦਲਜਿੰਦਰ ਸਿੰਘ ਰੇਹਲ ਇਟਲੀ ਨੇ ਪੇਸ਼ ਕਾਵਿ ਦੀ ਸੰਪੇਖ 'ਚ ਸਮੀਖਿਆ ਕੀਤੀ ਅਤੇ ਕਵਿਤਾ ਪੜ੍ਹਦਿਆਂ ਨਿੱਘੇ ਸ਼ਬਦਾਂ ਨਾਲ ਪ੍ਰੋਗਰਾਮ ਵਿੱਚ ਪੁੱਜੀਆਂ ਸਾਰੀਆਂ ਸਖ਼ਸ਼ੀਅਤਾਂ ਅਤੇ ਸੋਸ਼ਲ ਮੀਡੀਆ ਰਾਹੀਂ ਇਸ ਕਵੀ ਦਰਬਾਰ ਦਾ ਦੇਸ਼ ਵਿਦੇਸ਼ ਤੋਂ ਅਨੰਦ ਮਾਣ ਰਹੇ ਸਮੂਹ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਰਮਨਦੀਪ ਕੌਰ ਰੰਮੀ ਪ੍ਰਧਾਨ, ਸਵਰਨਜੀਤ ਕੌਰ ਢਿੱਲੋਂ
ਮੰਗਤ ਕੁਲਜਿੰਦ ਪ੍ਰੈਸ ਸਕੱ (ਪੰਲਿਸ ਸਿਆਟਲ),
ਮੋ ਅਤੇ ਵੱਟਸ +1 425 286 0163

# ਆਸਟਰੇਲੀਅਨ ਪੰਜਾਬੀ ਲੇਖਕ ਸਭਾ ਬ੍ਰਿਸਬੇਨ ਤੇ ਇੰਡੋਜ ਟੀਵੀ ਵੱਲੋਂ ਹਿੰਮਤ ਖੁਰਮੀ ਦੇ ਗੀਤ "ਮੇਰੀ ਮਾਂ ਬੋਲੀ" ਦਾ ਪੋਸਟਰ ਲੋਕ ਅਰਪਣ




**ਬ੍ਰਿਸਬੇਨ–** ਆਸਟਰੇਲੀਅਨ ਪੰਜਾਬੀ ਲੇਖਕ ਸਭਾ ਬ੍ਰਿਸਬੇਨ ਤੇ ਇੰਡੋਜ ਟੀਵੀ ਵੱਲੋਂ ਯੂਕੇ ਦੇ ਜੰਮਪਲ ਬੱਚੇ ਹਿੰਮਤ ਖੁਰਮੀ ਦੇ ਗੀਤ "ਮੇਰੀ ਮਾਂ ਬੋਲੀ" ਦੇ ਪੋਸਟਰ ਨੂੰ ਲੋਕ ਅਰਪਣ ਕਰਨ ਦੀ ਰਸਮ ਕੀਤੀ ਗਈ। ਬਹੁਤ ਹੀ ਫਖਰ ਵਾਲੀ ਗੱਲ ਹੈ ਕਿ ਬੇਸ਼ੱਕ ਹਿੰਮਤ ਖੁਰਮੀ ਯੂਕੇ ਦੀ ਧਰਤੀ ਨਾਲ ਸੰਬੰਧਤ ਹੈ ਪਰ ਉਸਦੇ 1 ਅਕਤੂਬਰ ਨੂੰ ਲੋਕ ਅਰਪਣ ਹੋਣ ਜਾ ਰਹੇ ਗੀਤ ਦੇ ਪ੍ਰਚਾਰ ਦੀ ਮੁਹਿੰਮ ਦਾ ਆਗਾਜ਼ ਕਰਨ ਦੀ ਪਹਿਲ ਆਸਟ੍ਰੇਲੀਆ ਵਸਦੇ ਅਦੀਬਾਂ ਵੱਲੋਂ ਕੀਤੀ ਗਈ ਹੈ। ਪੋਸਟਰ ਲੋਕ ਅਰਪਣ ਕਰਨ ਦੀ ਰਸਮ ਪੰਜਾਬੀ ਸ਼ਾਇਰ ਜਸਵੰਤ ਵਾਗਲਾ, ਇੰਡੋਜ਼ ਟੀ ਵੀ ਦੇ ਮਾਲਿਕ ਰਛਪਾਲ ਹੇਅਰ, ਗੀਤਕਾਰ ਰੱਤੂ ਰੰਧਾਵਾ ਜੀ, ਫੈਲੇਕਿਸ ਦਾਸ, ਪਾਕਿਸਤਾਨੀ ਸ਼ਾਇਰ ਨਦੀਮ ਅਕਰਮ, ਸ਼ਾਇਰਾ ਵਿਭਾ ਦਾਸ ਸਿੰਘ ਵੱਲੋਂ ਹਿੰਮਤ ਖੁਰਮੀ ਤੇ ਪੰਜ ਦਰਿਆ ਯੂਕੇ ਦੀ ਟੀਮ ਲਈ ਸ਼ੁਭਕਾਮਨਾਵਾਂ ਵੀ ਭੇਂਟ ਕੀਤੀਆਂ।

# ਰਾਸ਼ਟਰੀਆ ਕਾਵਿ ਸਾਗਰ ਵੱਲੋਂ ਹਿੰਦੀ-ਦਿਵਸ ਨੂੰ ਸਮਰਪਿਤ ਸ਼ਾਨਦਾਰ ਕਾਵਿ-ਗੋਸ਼ਟੀ

**ਚੰਡੀਗੜ, (ਪ੍ਰੀਤਮ ਲੁਧਿਆਣਵੀ)–** ਰਾਸ਼ਟਰੀਆ ਕਾਵਿ ਸਾਗਰ ਵੱਲੋਂ ਹਿੰਦੀ- ਦਿਵਸ ਨੂੰ ਸਮਰਪਿਤ ਆਨਲਾਈਨ ਕਾਵਿ-ਗੋਸ਼ਟੀ ਕਰਵਾਈ ਗਈ, ਜਿਸ ਦੌਰਾਨ ਵਾਰਤਕ ਤੇ ਕਵਿਤਾ ਰਾਹੀਂ ਹਿੰਦੋਸਤਾਨ ਵਿਚ ਹਿੰਦੀ ਦੇ ਮਹੱਤਵ ਦਾ ਸੰਦੇਸ਼ ਦਿੱਤਾ ਗਿਆ। ਪ੍ਰਧਾਨ ਸ੍ਰੀਮਤੀ ਆਸ਼ਾ ਸ਼ਰਮਾ ਜੀ ਨੇ ਇਸ ਸੰਸਥਾ ਦੀ ਵਧ ਰਹੀ ਗਿਣਤੀ ਦਾ ਸਿਹਰਾ ਆਪਣੀ ਕਾਰਜਕਾਰਨੀ ਟੀਮ ਨੂੰ ਦਿੱਤਾ। ਪ੍ਰੋਗਰਾਮ ਦਾ ਸੰਚਾਲਨ ਜਨਰਲ ਸਕੱਤਰ ਸ੍ਰੀਮਤੀ ਕੁਲਦੀਪ ਧੰਜੂ ਨੇ ਬਹੁਤ ਸੁਚਾਰੂ ਢੰਗ ਨਾਲ ਕੀਤਾ। ਸਾਰੇ ਕਵੀਆਂ ਨੇ ਬਾਖੂਬੀ ਹਿੰਦੀ ਦਿਵਸ ਤੇ ਕਵਿਤਾਵਾਂ ਸਾਂਝੀਆਂ ਕੀਤੀਆਂ। ਡਾ। ਮੰਜੂ ਮਿੱਢਾ (ਰਿਟਾ। ਹੈਡ) ਮਹਿੰਦਰਾ ਕਾਲਜ ਨੇ ਬਤੌਰ ਸਨਮਾਨਿਤ ਅਤਿੱਥੀ ਸ਼ਿਰਕਤ ਕੀਤੀ ਅਤੇ ਉਹਨਾਂ ਦੱਸਿਆ ਕਿ ਭਾਰਤ ਦੇ ਹਰ ਪ੍ਰਾਂਤ ਵਿਚ ਅੰਗਰੇਜੀ ਤੋਂ ਬਾਅਦ ਹਿੰਦੀ ਨੂੰ ਪਹਿਲ ਦਿੱਤੀ ਜਾਂਦੀ ਹੈ। ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਦੇਵਿੰਦਰ ਖੁਸ਼ ਧਾਲੀਵਾਲ ਨੇ ਦੱਸਿਆ ਕਿ ਪ੍ਰੋਗਰਾਮ ਵਿੱਚ ਆਸ਼ਾ ਸ਼ਰਮਾ, ਕੁਲਦੀਪ ਕੌਰ ਧੰਜੂ, ਗੁਰਬਖਸ਼ ਸਿੰਘ ਅਨੰਦ, ਹਰਜਿੰਦਰ ਕੌਰ ਸੱਧਰ, ਡਾ ਹਰਜੀਤ ਸਿੰਘ ਸੱਧਰ, ਮਨੂੰ ਸ਼ਰਮਾ, ਪਰਮਜੀਤ ਕੌਰ, ਡਾ ਪ੍ਰਤਿਭਾ, ਡਾ ਸੁਨੀਤ, ਡਾ ਰਵਿੰਦਰ ਭਾਟੀਆ, ਡਾ ਅਨਿਸ ਗਰਗ, ਅਨੀਤਾ ਰੇਲਹਨ (ਕੈਨੇਡਾ), ਡਾ ਹਰਸ਼ਰਨ ਕੌਰ (ਕਨੇਡਾ), ਡਾ ਸੁਰਿੰਦਰ ਭੋਗਲ, ਦੇਵਿੰਦਰ ਖੁਸ਼ ਧਾਲੀਵਾਲ, ਡਾ। ਸੁਦੇਸ਼ ਚੁੱਗ, ਮਮਤਾ ਸੇਤੀਆ ਸੇਖਾ, ਮੰਜੂ ਮਾਨਵ, ਅਸਤਿੰਦਰ ਕੌਰ, ਅੰਜਨਾ, ਨੀਰਜਾ ਸ਼ਰਮਾ,



ਸੋਨੀਆ ਭਾਰਤੀ, ਨਿਸ਼ਾ ਮਲਹੋਤਰਾ, ਸਰਦੂਲ ਸਿੰਘ ਭੱਲਾ, ਜਗਦੀਸ਼ ਕੌਰ, ਨੀਲੂ ਮਹਿਰਾ, ਮਨਿੰਦਰ ਕੌਰ, ਡਾ। ਮੰਜੂ ਮਿੱਢਾ, ਡਾ। ਸਤਿੰਦਰ ਬੁੱਟਰ, ਮ੍ਰਿਦੁਲਾ ਜੋਸਈ, ਅਰੁਣਾ ਡੋਗਰਾ, ਕਮਲਾ ਸ਼ਰਮਾ, ਅਮਨਜੋਤ ਧਾਲੀਵਾਲ ਆਦਿ ਚਾਲੀ ਕਵੀਆਂ ਨੇ ਹਿੱਸਾ ਲਿਆ। ਵਧੀਆ ਹੋ ਨਿੱਬੜੀ ਇਸ ਕਾਵਿ-ਗੋਸ਼ਟੀ ਦੇ ਆਖਿਰ ਵਿਚ ਸ੍ਰੀ ਗੁਰਬਖ਼ਸ਼ ਅਨੰਦ ਜੀ ਨੇ ਦੇਸ਼ ਵਿਦੇਸ਼ ਤੋਂ ਸ਼ਾਮਲ ਸਭ ਕਵੀਆਂ ਦਾ ਧੰਨਵਾਦ ਕੀਤਾ।

# ਐਤਵਾਰ ਤੋਂ ਨਿਊਜ਼ੀਲੈਂਡ ਦੀਆਂ ਘੜੀਆਂ ਇਕ ਘੰਟਾ ਅੱਗੇ ਹੋਈਆਂ

**ਆਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਨਿਊਜ਼ੀਲੈਂਡ ਦੇ ਵਿਚ ਡੇਅ ਲਾਈਟ ਸੇਵਿੰਗ (ਰੌਸ਼ਨੀ ਦੀ ਬੱਚਤ) ਦੀ ਸ਼ੁਰੂਆਤ ਤਹਿਤ ਘੜੀਆਂ ਦਾ ਸਮਾਂ ਅੱਜ ਐਤਵਾਰ 25 ਸਤੰਬਰ ਨੂੰ ਤੜਕੇ ਸਵੇਰੇ 2 ਵਜੇ ਇਕ ਘੰਟਾ ਅੱਗੇ ਕਰ ਦਿੱਤਾ ਗਿਆ ਹੈ। ਇਹ ਸਮਾਂ ਇਸੀ ਤਰ੍ਹਾਂ 02 ਅਪ੍ਰੈਲ 2023 ਤੱਕ ਜਾਰੀ ਰਹੇਗਾ ਅਤੇ ਫਿਰ ਘੜੀਆਂ ਇਕ ਘੰਟਾ ਪਿੱਛੇ ਕਰ ਦਿੱਤੀਆਂ ਜਾਣਗੀਆਂ। ਆਮ ਤੌਰ 'ਤੇ ਲੋਕ ਸੌਣ ਤੋਂ ਪਹਿਲਾਂ ਆਪਣੀਆਂ ਚਾਬੀ ਵਾਲੀਆਂ ਘੜੀਆਂ ਇਕ ਘੰਟਾ ਅੱਗੇ ਕਰ ਲੈਣ ਤਾਂ ਕਿ ਉਨ੍ਹਾਂ ਨੂੰ ਸਵੇਰੇ ਉਠਣ ਸਾਰ ਬਦਲਿਆ ਹੋਇਆ ਸਮਾਂ ਮਿਲ ਸਕੇ। ਸਮਾਰਟ ਫੋਨਾਂ ਦੇ ਉਤੇ ਇਹ ਸਮਾਂ ਅਕਸਰ ਆਪਣੇ ਆਪ ਬਦਲ ਜਾਂਦਾ ਹੈ।




ਬਦਲੇ ਹੋਏ ਸਮੇਂ ਅਨੁਸਾਰ ਜਦੋਂ ਭਾਰਤ ਵਿਚ ਦੁਪਹਿਰ ਦੇ 12 ਵੱਜਣਗੇ ਤਾਂ ਨਿਊਜ਼ੀਲੈਂਡ ਦੇ ਵਿਚ ਸ਼ਾਮ ਦੇ 7,30 ਹੋਇਆ ਕਰਨਗੇ ਜਾਂ ਕਹਿ ਲਈਏ ਜਦੋਂ ਨਿਊਜ਼ੀਲੈਂਡ ਦੁਪਹਿਰ ਦੇ 12 ਵਜੇ ਹੋਣਗੇ ਤਾਂ ਇੰਡੀਆ ਸਵੇਰ ਦੇ 4,30 ਹੋਇਆ ਕਰਨਗੇ। ਇਸ ਦਿਨ ਤੁਹਾਨੂੰ ਇਕ ਘੰਟਾ ਦੇ ਕਰੀਬ ਵੱਡਾ ਦਿਨ ਮਹਿਸੂਸ ਹੋਵੇਗਾ। 24 ਸਤੰਬਰ ਨੂੰ ਸੂਰਜ ਸਵੇਰੇ 06,08 ਵਜੇ ਚੜ੍ਹੇਗਾ ਜਦ ਕਿ ਅਗਲੇ ਦਿਨ 25 ਸਤੰਬਰ ਨੂੰ ਸਵੇਰੇ 07,06 ਮਿੰਟ ਉਤੇ ਚੜ੍ਹੇਗਾ। ਇਸ ਦਿਨ ਸੂਰਜ ਛਿਪਣ ਦਾ ਸਮਾਂ ਰਹੇਗਾ ਸ਼ਾਮ 07,19। ਰੋਜ਼ਾਨ 2-3 ਮਿੰਟ ਦਿਨ ਵੱਡਾ ਹੁੰਦਾ ਜਾਵੇਗਾ। ਆਸਟਰੇਲੀਆ ਦੇ ਵਿਚ ਵੀ ਇਹ ਸਮਾਂ 02 ਅਕਤੂਬਰ 2022 ਨੂੰ ਤੜਕੇ 2 ਵਜੇ ਅੱਗੇ ਕੀਤਾ ਜਾਵੇਗਾ।

# ਪੰਜਾਬ ਪੁਲਿਸ ਨੇ ਸਕੂਲ ਦੇ ਵਿਦਿਆਰਥੀਆਂ ਨੂੰ ਵੰਡੀਆਂ ਸਪੋਰਟਸ ਸ਼ਰਟਾਂ

**ਫਗਵਾੜਾ (ਬੀਕੇ ਰੱਤੂ)** ਮਾਣਯੋਗ ਵਧੀਕ ਡਾਇਰੈਕਟਰ ਜਨਰਲ ਪੁਲਿਸ (ਕਮਿਉਨਿਟੀ ਅਫੇਅਰ ਡਿਵੀਜਨ), ਐਸਐਸਪੀ ਕਪੂਰਥਲਾ ਨਵਨੀਤ ਸਿੰਘ ਬੈਂਸ, ਐਸਪੀ ਹੈਡ ਕੁਆਰਟਰ ਕਮ ਡੀ।ਸੀ।ਪੀ।ਓ। ਕਪੂਰਥਲਾ ਹਰਪ੍ਰੀਤ ਸਿੰਘ ਅਤੇ ਇੰਸਪੈਕਟਰ ਕੈਲਾਸ਼ ਕੌਰ ਇੰਚਾਰਜ ਸਬ-ਡਿਵੀਜਨ ਫਗਵਾੜਾ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਅਮਨਦੀਪ ਨਾਹਰ ਐਸਐਚਓ ਸਿਟੀ ਫਗਵਾੜਾ, ਏਐਸਆਈ। ਰਸ਼ਪਾਲ ਸਿੰਘ, ਏਐਸਆਈ ਇਕਬਾਲ ਸਿੰਘ, ਲੇਡੀ ਕਾਂਸਟੇਬਲ ਰਮਨਦੀਪ ਕੌਰ ਅਤੇ ਅਮਨਦੀਪ ਕੌਰ, ਮਹਿਲਾ ਮਿੱਤਰ ਥਾਣਾ ਫਗਵਾੜਾ ਵਲੋਂ ਸਰਕਾਰੀ ਸੀਸੈ ਸਕੂਲ (ਲੜਕੇ) ਪੁਰਾਣਾ ਡਾਕਖਾਨਾ ਰੋਡ ਵਿਖੇ ਵਿਦਿਆਰਥੀਆਂ ਅਤੇ ਖਿਡਾਰੀਆਂ ਨੂੰ ਸਪੋਰਟਸ ਸ਼ਰਟਾਂ ਵੰਡੀਆਂ ਗਈਆਂ। ਇਸ ਮੌਕੇ ਸ੍ਰੀ ਅਮਨਦੀਪ ਨਾਹਰ ਐਸਐਚਓ ਸਿਟੀ ਥਾਣਾ ਫਗਵਾੜਾ ਨੇ ਕਿਹਾ ਕਿ ਪੰਜਾਬ ਪੁਲਿਸ ਵਲੋਂ ਸਮਾਜ ਸੇਵਾ ਦੇ ਕੰਮ ਜਾਰੀ ਰਹਿਣਗੇ ਅਤੇ ਖਿਡਾਰੀਆਂ ਨੂੰ ਹਰ ਸੰਭਵ ਮੱਦਦ ਕੀਤੀ ਜਾਵੇਗੀ।



ਸਕੂਲ ਪ੍ਰਿੰਸੀਪਲ ਰਣਜੀਤ ਕੁਮਾਰ ਗੋਗਨਾ ਨੇ ਪੰਜਾਬ ਪੁਲਿਸ ਦੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਸਮੂਹ ਪਤਵੰਤਿਆਂ ਦਾ ਸਕੂਲ ਪਹੁੰਚਣ ਲਈ ਧੰਨਵਾਦ ਕੀਤਾ। ਇਸ ਮੌਕੇ ਸਤਨਾਮ ਸਿੰਘ ਰੰਧਾਵਾ, ਰਵਿੰਦਰ ਸਿੰਘ ਰਾਏ ਰਿਟਾ। ਬੈਂਕ ਅਧਿਕਾਰੀ ਐਸ।ਬੀ।ਆਈ। ਤੋਂ ਇਲਾਵਾ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

# ਵਹਿਮਾਂ ਵਿਚ ਫਸੇ ਸਮਾਧੀ ਲੈਣ ਵਾਲੇ ਸਾਧੂ ਨੂੰ ਪੁਲਿਸ ਨੇ ਜ਼ਿੰਦਾ ਬਾਹਰ ਕੱਢਿਆ

**ਉਨਾਵ–**ਬਚਪਨ 'ਚ ਮਾਂ ਦੀ ਮੌਤ ਤੋਂ ਬਾਅਦ ਸਾਧੂ ਪਹਿਰਾਵੇ 'ਚ 22 ਸਾਲਾ ਨੌਜਵਾਨ ਨੇ ਆਪਣੇ ਚਾਰ ਦੋਸਤਾਂ ਦੀ ਮਦਦ ਨਾਲ ਪਿੰਡ ਦੇ ਬਾਹਰ ਮੰਦਰ ਦੇ ਕੋਲ ਜ਼ਮੀਨ ਵਿਚ ਸਮਾਧੀ ਲੈ ਲਈ। ਸਮਾਂ ਰਹਿੰਦੇ ਪੁਲਿਸ ਨੇ ਮਿੱਟੀ ਹਟਾ ਕੇ ਉਸ ਨੂੰ ਬਾਹਰ ਕੱਢਿਆ, ਜਿਸ ਨਾਲ ਉਸ ਦੀ ਜਾਨ ਬਚ ਗਈ। ਨੌਜਵਾਨ ਅਤੇ ਉਸ ਦੇ ਚਾਰ ਦੋਸਤਾਂ ਤੋਂ ਪੁਲਿਸ ਪੁੱਛਗਿੱਛ ਕਰ ਰਹੀ ਹੈ। ਪੁਲਿਸ ਹੁਣ ਚਾਰਾਂ ਖ਼ਿਲਾਫ਼ ਕਾਰਵਾਈ ਦੀ ਤਿਆਰੀ ਕਰ ਰਹੀ ਹੈ। ਆਸੀਵਨ ਐਸਓ ਅਨੁਰਾਗ ਸਿੰਘ ਨੇ ਦੱਸਿਆ ਕਿ ਪਿੰਡ ਤਾਜਪੁਰ ਦੇ ਲੋਕਾਂ ਨੇ ਸੂਚਨਾ ਦਿੱਤੀ ਕਿ ਪਿੰਡ ਦਾ 22 ਸਾਲਾ ਸ਼ੁਭਮ ਸ਼ਾਮ ਨੂੰ ਮੰਦਰ ਨੇੜੇ ਸਮਾਧੀ ਲੈਣ ਦੀ ਤਿਆਰੀ ਕਰ ਰਿਹਾ ਹੈ। ਜਦੋਂ ਉਹ ਪੁਲਿਸ ਟੀਮ ਸਮੇਤ ਮੌਕੇ 'ਤੇ ਪੁੱਜੇ ਤਾਂ ਸ਼ੁਭਮ ਸਮਾਧੀ ਲੈ ਚੁੱਕਾ ਸੀ। ਉਸਦੇ ਦੋਸਤ ਮਿੱਟੀ ਪਾ ਕੇ ਉਤੇ ਲਾਲ ਝੰਡਾ ਗੱਡ ਰਹੇ ਸਨ। ਪੁਲਿਸ ਨੇ ਬਿਨਾਂ ਦੇਰੀ ਕੀਤੇ ਮਿੱਟੀ ਹਟਾ ਕੇ ਸ਼ੁਭਮ ਨੂੰ ਜ਼ਿੰਦਾ ਬਾਹਰ ਕੱਢ ਲਿਆ। ਸ਼ੁਭਮ ਨੇ ਦੱਸਿਆ ਕਿ ਉਹ ਸਵਰਗ ਪ੍ਰਾਪਤ ਕਰਕੇ ਮੁਕਤੀ ਪ੍ਰਾਪਤ ਕਰਨਾ ਚਾਹੁੰਦਾ ਸੀ,



ਇਸ ਲਈ ਉਸਨੇ ਨਰਾਤਿਆਂ ਤੋਂ ਇੱਕ ਦਿਨ ਪਹਿਲਾਂ ਸਮਾਧੀ ਲੈਣ ਦਾ ਸੰਕਲਪ ਲਿਆ ਸੀ। ਸ਼ੁਭਮ ਆਪਣੇ ਸਾਥੀਆਂ ਨਾਲ ਹਰੀਕੇਸ਼ ਮਰੂੰਡਾ ਵਾਸੀ ਪਰਿਆਰ, ਸਫੀਪੁਰ ਅਤੇ ਦੋ ਹੋਰਾਂ ਨੂੰ ਥਾਣੇ ਲੈ ਕੇ ਗਿਆ ਸੀ। ਸਾਰਿਆਂ ਨੇ ਦੱਸਿਆ ਕਿ ਸ਼ੁਭਮ ਚਾਰ ਸਾਲਾਂ ਤੋਂ ਪਿੰਡ ਦੇ ਬਾਹਰ ਇੱਕ ਝੌਂਪੜੀ ਵਿੱਚ ਰਹਿ ਰਿਹਾ ਸੀ ਅਤੇ ਕਾਲੀ ਮਾਤਾ ਜੀ ਦੀ ਮੂਰਤੀ ਰੱਖ ਕੇ ਪੂਜਾ ਕਰਦਾ ਸੀ। ਦੋਸਤਾਂ ਨੇ ਦੱਸਿਆ ਕਿ ਉਨ੍ਹਾਂ ਨੇ ਉਸ ਨੂੰ ਸਮਾਧੀ ਲੈਣ ਤੋਂ ਰੋਕਿਆ ਪਰ ਉਹ ਨਹੀਂ ਮੰਨਿਆ। ਜਿਸ 'ਤੇ ਉਸ ਨੇ ਟੋਆ ਪੁੱਟ ਕੇ ਉਸ ਨੂੰ ਲਿਟਾਇਆ ਅਤੇ ਮਿੱਟੀ ਨਾਲ ਬੰਦ ਕਰ ਦਿੱਤਾ। ਪਿੰਡ ਵਾਸੀਆਂ ਅਨੁਸਾਰ ਜੇਕਰ ਪੁਲਿਸ ਸਮੇਂ ਸਿਰ ਨਾ ਪਹੁੰਚਦੀ ਤਾਂ ਵਹਿਮਾਂ ਭਰਮਾਂ ਵਿੱਚ ਇੱਕ ਨੌਜਵਾਨ ਦੀ ਜਾਨ ਚਲੀ ਜਾਂਦੀ। ਸ਼ੁਭਮ ਦੇ ਪਿਤਾ ਵਿਨੀਤ ਨੇ ਦੱਸਿਆ ਕਿ ਉਹ ਬਚਪਨ ਤੋਂ ਹੀ ਪੂਜਾ ਕਰਦਾ ਸੀ। ਐਸਓ ਅਨੁਰਾਗ ਸਿੰਘ ਨੇ ਦੱਸਿਆ ਕਿ ਉੱਚ ਅਧਿਕਾਰੀਆਂ ਨੂੰ ਸੂਚਿਤ ਕਰ ਦਿੱਤਾ ਗਿਆ ਹੈ। ਉਨ੍ਹਾਂ ਦੇ ਹੁਕਮਾਂ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੋਫਰਨੀਆ)

ਜਿਵੇਂ ਕਿ ਆਪ ਜਾਣਦੇ ਹੋ ਕਿ ਸ੍ਰੀ ਗੁਰੂ ਰਵਿਦਾਸ ਸਭਾ ਬੇ–ਏਰੀਆ (ਕੈਲੇਫੋਰਨੀਆ) ਦੀ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਟੈਂਪਲ ਬੇ–ਏਰੀਆ ਦੀ ਉਸਾਰੀ ਦਾ ਕੰਮ ਆਰੰਭ ਹੋ ਚੁੱਕਾ ਹੈ। ਅਸੀਂ ਉਹਨਾਂ ਸਾਰੇ ਦਾਨੀ ਪਰਿਵਾਰਾਂ ਦੇ ਬਹੁਤ ਦਿਲੀ ਧੰਨਵਾਦੀ ਹਾਂ, ਜਿਹਨਾਂ ਨੇ ਗੁਰੂ ਘਰ ਦੀ ਬਿਲਡਿੰਗ ਦੀ ਉਸਾਰੀ ਵਾਸਤੇ ਮਾਇਆ ਦਾ ਸਹਿਯੋਗ ਕੀਤਾ ਅਤੇ ਕਰ ਰਹੇ ਹਨ। ਇੱਥੇ ਅਸੀਂ ਵਿਸ਼ੇਸ਼ ਤੌਰ ਤੇ ਕੁਝ ਪਰਿਵਾਰਾਂ ਦਾ ਜ਼ਿਕਰ ਅਤੇ ਧੰਨਵਾਦ ਕਰਦੇ ਹਾਂ, ਜਿਹਨਾਂ ਨੇ ਬਿਨਾਂ ਕਿਸੇ ਵਿਆਜ ਦੇ ਮਾਇਆ ਦਾ ਸਹਿਯੋਗ ਕੀਤਾ ਹੈ। ਉਹਨਾਂ ਵਿਚ –

| | | | |
|---|---|---|---|
| Sukhraj Singh Chopra | **$ 250,000.00** | Vinod Kumar Chumber | **$ 175,000.00** |
| Sukhdev Singh Chopra | **$ 100,000.00** | Gurmail Singh Maman | **$ 100,000.00** |
| Ram Lubhaya | **$ 50,000.00** | Harmesh Modhara | **$ 50,000.00** |
| Malkit Singh Bangar | **$ 10,000.00.** | | |




ਪ੍ਰਬੰਧਕ ਕਮੇਟੀ, ਗੁਰੂ ਪਿਆਰੀ ਸਾਧ ਸੰਗਤ ਦੀ ਅਤੀ ਧੰਨਵਾਦੀ ਹੈ, ਜਿਹਨਾਂ ਨੇ ਮਾਇਕ ਤੌਰ ਤੇ ਇਸ ਸ਼ੁਭ ਕਾਰਜ ਲਈ ਸੇਵਾ ਕੀਤੀ ਹੈ। ਵਾਹਿਗੁਰੂ ਉਹਨਾਂ ਸਾਰੇ ਪਰਿਵਾਰਾਂ ਨੂੰ ਤੰਦਰੁਸਤੀ ਅਤੇ ਖੁਸ਼ਹਾਲੀ ਬਖਸ਼ਣ, ਜਿਹਨਾਂ ਖਜਾਨਿਆਂ ’ਚੋਂ ਇਹ ਮਾਇਆ ਆਈ ਹੈ, ਵਾਹਿਗੁਰੂ ਉਹਨਾਂ ਨੂੰ ਹੋਰ ਪ੍ਰਫੁੱਲਿਤ ਕਰੇ। ਇਸ ਦੇ ਨਾਲ ਹੀ ਅਸੀਂ ਬਾਕੀ ਸਾਰੀ ਗੁਰੂ ਪਿਆਰੀ ਸਾਧ ਸੰਗਤ ਨੂੰ ਸਨਿਮਰ ਬੇਨਤੀ ਕਰਦੇ ਹਾਂ ਕਿ ਆਪ ਜੀ ਵੀ ਆਪਣੀ ਸ਼ਰਧਾ ਅਤੇ ਵਿੱਤ ਅਨੁਸਾਰ ਇਸ ਸ਼ੁਭ ਕਾਰਜ ਲਈ ਜ਼ਰੂਰ ਯੋਗਦਾਨ ਪਾਓ ਜੀ।

ਧੰਨਵਾਦ ਸਹਿਤ ਸਮੂਹ ਪ੍ਰਬੰਧਕ ਕਮੇਟੀ

**ਸ੍ਰੀ ਗੁਰੂ ਰਵਿਦਾਸ ਸਭਾ**
**ਬੇ–ਏਰੀਆ (ਕੈਲੋਫਰਨੀਆ)**



**Vinod Kumar Chumber (Chairman) 510-953-9800**



**Ram Lubhaya (President) 408-449-1105**



**Naresh Kumar (Secretary) 510-857-4551**



**Sohan Singh Dhanda (Treasurer) 510-200-6649**


















# ਪੰਜਾਬ 'ਚ ਆਮ ਆਦਮੀ ਪਾਰਟੀ ਦਾ ਜੰਗਲ-ਰਾਜ ਨਹੀਂ ਚੱਲਣ ਦਿੱਤਾ ਜਾਵੇਗਾ: ਜਸਵੀਰ ਸਿੰਘ ਗੜ੍ਹੀ

## ਕੇਜਰੀਵਾਲ ਨੀਤੀਆ ਨੇ ਨੌਕਰੀ ਕਰਦੇ ਮੁਲਾਜ਼ਿਮ ਵਰਗ ਨੂੰ ਬੰਧੂਆ ਮਜਦੂਰ ਬਣਾਇਆ: ਬਸਪਾ



**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਨੇ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਤੇ ਆਗੂਆਂ ਵੱਲੋਂ ਵੱਖ ਵੱਖ ਥਾਵਾਂ ਉਤੇ ਸਰਕਾਰੀ ਅਧਿਕਾਰੀਆਂ ਤੇ ਮੁਲਾਜ਼ਮਾਂ ਨਾਲ ਕੀਤੀ ਜਾ ਰਹੀ ਬਦਸਲੂਕੀ ਦੀ ਸਖ਼ਤ ਨਿੰਦਾ ਕਰਦਿਆਂ ਕਿਹਾ ਕਿ ਪੰਜਾਬ ਵਿੱਚ 'ਆਪ' ਦੀ ਗੁੰਡਾਗਰਦੀ ਦਾ ਜੰਗਲ ਰਾਜ ਨਹੀਂ ਚੱਲਣ ਦਿੱਤੀ ਜਾਵੇਗਾ। ਜਾਰੀ ਪ੍ਰੈਸ ਬਿਆਨ ਵਿੱਚ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਤਿੰਨ ਦਿਨ ਪਹਿਲਾਂ 'ਆਪ' ਦੇ ਵਿਧਾਇਕ ਰਮਨ ਅਰੋੜਾ ਵੱਲੋਂ ਜਲੰਧਰ ਦੇ ਡੀਸੀਪੀ ਨਰੇਸ਼ ਡੋਗਰਾ ਨਾਲ ਕੀਤੀ ਕੁੱਟਮਾਰ ਅਤਿ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਜਿਸ ਵਿਧਾਇਕ ਦੀ ਡੀਸੀਪੀ ਨੂੰ ਗਾਲੀਗਲੋਚ ਕਰਦਿਆਂ ਦੀ ਵੀਡੀਓ ਸਾਹਮਣੇ ਆਈ ਉਸ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ, ਸਗੋਂ ਡੀਸੀਪੀ ਨਰੇਸ਼ ਡੋਗਰਾ ਦੀ ਬਦਲੀ ਕਰ ਦਿੱਤੀ ਗਈ। ਇਸੇ ਤਰ੍ਹਾਂ ਹੀ ਜਲੰਧਰ ਦੇ ਸਰਕਾਰੀ ਹਸਪਤਾਲ ਵਿੱਚ 'ਆਪ' ਵਿਧਾਇਕ ਸ਼ੀਤਲ ਅੰਗੁਰਾਲ ਦੇ ਭਰਾ ਰਾਜਨ ਅੰਗੁਰਾਲ ਵੱਲੋਂ ਇਕ ਮਹਿਲਾ ਡਾਕਟਰ ਹਰਵੀਨ ਕੌਰ ਨਾਲ ਦੁਰਵਿਵਹਾਰ ਕੀਤਾ ਗਿਆ ਅਤੇ ਇਸ ਮੌਕੇ ਹਸਪਤਾਲ ਵਿਚ 'ਆਪ' ਵਰਕਰਾਂ ਵੱਲੋਂ ਭੰਨਤੋੜ ਕੀਤੀ ਗਈ ਅਤੇ ਸਟਾਫ ਨਾਲ ਬੁਰਾ ਵਿਵਹਾਰ ਕੀਤਾ ਗਿਆ, ਪਰ 'ਆਪ' ਸਰਕਾਰ ਨੇ ਆਪਣੇ ਗੁੰਡਿਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਫਰੀਦਕੋਟ ਵਿੱਚ ਚੱਲ ਰਹੇ ਪੰਜ ਰੋਜ਼ਾ ਮੇਲੇ ਮੌਕੇ 'ਆਪ' ਵਿਧਾਇਕ ਗੁਰਦਿੱਤ ਸਿੰਘ ਸੇਖੋਂ ਦੀ ਪਤਨੀ ਬੇਅੰਤ ਕੌਰ ਸੇਖੋਂ ਵੱਲੋਂ ਜ਼ਿਲ੍ਹੇ ਦੀ ਮੁੱਖੀ ਇਕ ਦਲਿਤ ਮਹਿਲਾ ਡਿਪਟੀ ਕਮਿਸ਼ਨਰ ਰੂਹੀ ਦੁੱਗ ਨਾਲ ਵੀਆਈਪੀ ਸੀਟ ਨੂੰ ਲੈ ਕੇ ਜਾਤੀ ਨਜ਼ਰੀਏ ਨਾਲ ਬੁਰਾ ਸਲੂਕ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪਿਛਲੇ 70 ਸਾਲਾਂ ਤੋਂ ਆਜ਼ਾਦੀ ਨਾਲ ਕੰਮ ਕਰਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹੁਣ 'ਆਪ' ਸਰਕਾਰ ਨੇ ਬੰਧੂਆਂ ਬਣਾ ਲਿਆ ਹੈ। ਜਸਵੀਰ ਸਿੰਘ ਗੜ੍ਹੀ ਨੇ ਆਮ ਆਦਮੀ ਪਾਰਟੀ ਸੁਪਰੀਮੋ ਕੇਜਰੀਵਾਲ ਦੀਆਂ ਹਿਟਲਰਸ਼ਾਹੀ ਨੀਤੀਆ ਖ਼ਿਲਾਫ਼ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ 'ਆਪ' ਦੀ ਗੁੰਡਾਗਰਦੀ ਤੇ ਜੰਗਲ ਰਾਜ ਪੰਜਾਬ ਵਿੱਚ ਨਹੀਂ ਚੱਲਣ ਦਿੱਤੀ ਜਾਵੇਗਾ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਅਧਿਕਾਰੀਆਂ, ਕਰਮਚਾਰੀਆਂ ਦੇ ਰੁਤਬੇ ਨੂੰ ਮੁੜ ਬਰਕਰਾਰ ਕਰਾਉਣ ਦੀ ਲੜਾਈ ਲੜੇਗੀ।

# ਕੱਚੇ ਮੁਲਾਜ਼ਮਾਂ ਦੇ ਹੱਕ ਵਿਚ ਬਸਪਾ ਦੀ ਭੁੱਖ ਹੜਤਾਲ ਜਾਰੀ



ਕੱਚੇ ਮੁਲਾਜ਼ਮਾਂ ਦੇ ਸਨਮਾਨ ਮੇਂ ਬੀ ਐਸ. ਪੀ. ਮੈਦਾਨ ਮੇਂ ਪੰਜਾਬ ਸਫਾਈ ਕਰਮਚਾਰੀ ਯੂਨਿਟ ਪੰਜਾਬ ਵੱਲੋਂ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਦੇ ਹੱਕ ਵਿਚ ਫਗਵਾੜਾ ਕਾਰਪੋਰੇਸ਼ਨ ਦਫਤਰ ਵਿਚ ਚੱਲ ਰਹੀ ਭੁੱਖ ਹੜਤਾਲ ਵਿਚ ਬਸਪਾ ਪੰਜਾਬ ਦੇ ਜਨਰਲ ਸਕੱਤਰ ਪ੍ਰਵੀਨ ਬੰਗਾ, ਮਾਸਟਰ ਹਰਭਜਨ ਸਿੰਘ ਬਲਾਲੋ ਜੀ ਸੂਬਾ ਸਕੱਤਰ ਜੀ ਦੀ ਅਗਵਾਈ ਵਿਚ ਸਾਥੀਆਂ ਸਮੇਤ ਸ਼ਾਮਲ ਹੋਏ ਤੇ ਪ੍ਰਸ਼ਾਸਨ ਤੇ ਪੰਜਾਬ ਸਰਕਾਰ ਨੂੰ ਤੁਰੰਤ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਦੀ ਮੰਗ ਕੀਤੀ। ਬਸਪਾ ਵੱਲੋਂ ਸੰਘਰਸ਼ ਕਰ ਰਹੇ ਮੁਲਾਜ਼ਮਾਂ ਦੇ ਅੰਦੋਲਨ ਵਿਚ ਪੂਰਨ ਸਹਿਯੋਗ ਕਰਨ ਦਾ ਭਰੋਸਾ ਦਿੱਤਾ। ਬਸਪਾ ਵੱਲੋਂ ਇਸ ਮੌਕੇ ਤੇ ਜੋਨ ਇੰਚਾਰਜ ਲੇਖ ਰਾਜ ਜਮਾਲਪੁਰ, ਸੀਨੀਅਰ ਆਗੂ ਪਰਮਜੀਤ ਖਲਵਾੜਾ, ਜ਼ਿਲ੍ਹਾ ਸਕੱਤਰ ਅਮਰਜੀਤ ਖੁਤਣ, ਹੈਪੀ ਕੌਲ ਮੀਡੀਆ ਇੰਚਾਰਜ, ਬਲਵੀਰ ਬੇਗਮਪੁਰ ਤੋਂ ਇਲਾਵਾ ਸਾਥੀ ਸ਼ਾਮਲ ਹੋਏ।

# ਗਰੀਬਾਂ ਤੇ ਦਲਿਤਾਂ ਤੋਂ ਸਮੇਂ ਦੀਆਂ ਹਕੂਮਤਾਂ ਨੇ ਅੱਖਾਂ ਫੇਰੀਆਂ : ਜਸਵੀਰ ਸਿੰਘ ਗੜ੍ਹੀ

## ਕਾਂਗਰਸ ਦੀਆਂ ਪਗਡੰਡੀਆਂ ਉਤੇ ਚਲਦਿਆਂ 'ਆਪ' ਸਰਕਾਰ ਨੇ ਖੇਤ ਮਜ਼ਦੂਰਾਂ ਤੋਂ ਹੱਥ ਪਿੱਛੇ ਖਿੱਚੇ : 'ਬਸਪਾ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਬੇਮੌਸ਼ਮੇ ਮੀਂਹ ਨਾਲ ਜਿੱਥੇ ਫਸਲਾਂ ਨੂੰ ਨੁਕਸਾਨ ਪਹੁੰਚਿਆ ਹੈ ਉੱਥੇ ਗਰੀਬਾਂ ਤੇ ਦਲਿਤਾਂ ਦੇ ਘਰਾਂ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਜਾਰੀ ਇਕ ਬਿਆਨ ਵਿੱਚ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਸੱਤਾ ਉਤੇ ਕਾਬਜ਼ ਹਕੂਮਤਾਂ ਦੀਆਂ ਗਰੀਬਾਂ ਤੇ ਦਲਿਤਾਂ ਵਿਰੋਧੀ ਨੀਤੀਆਂ ਦੇ ਕਾਰਨ ਲੋਕਾਂ ਨੂੰ ਚੋਅ ਰਹੀਆਂ ਛੱਤਾਂ ਹੇਠ ਰਾਤਾਂ ਗੁਜਾਰ-ਨੀਆਂ ਪਈਆਂ।

ਉਨ੍ਹਾਂ ਕਿਹਾ ਕਿ ਨਰਮਾ ਪੱਟੀ ਵਿੱਚ ਮਜ਼ਦੂਰਾਂ ਨੂੰ ਪਿਛਲੇ ਸਮੇਂ ਦੋ ਵਾਰ ਹੋਈ ਨਰਮੇ ਦੀ ਮਾਰ ਦਾ ਪੈਸਾ ਅਜੇ ਤੱਕ ਨਹੀਂ ਮਿਲਿਆ ਅਤੇ ਤੀਜੀ ਮਾਰ ਹੁਣ ਆਹ ਬੇਮੌਸਮ ਕਾਰਨ ਹੋਰ ਪੈ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਾਂਗਰਸ ਦੀ ਸਰਕਾਰ ਨੇ ਮਜ਼ਦੂਰਾਂ ਨੂੰ ਪੈਸਾ ਦੇਣਾ ਯੋਗ ਨਾ ਸਮਝਿਆ ਅਤੇ ਹੁਣ 'ਆਪ' ਸਰਕਾਰ ਨੇ ਅਜੇ ਤੱਕ ਕੋਈ ਕਦਮ ਨਹੀਂ ਪੁੱਟਿਆ। ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਹ ਦਾਅਵੇ ਕੀਤੇ ਜਾਂਦੇ ਰਹੇ ਹਨ ਕਿ 2022 ਤੱਕ ਸਭ ਕੋਲ ਆਪਣਾ ਘਰ ਹੋਵੇਗਾ, ਪਰ ਅੱਜ 2022 ਦੇ ਅੱਧੇ ਤੋਂ ਜ਼ਿਆਦਾ ਟੱਪਣ ਬਾਅਦ ਵੀ ਲੋਕ ਘਰੋਂ ਬੇਘਰ ਹਨ। ਉਨ੍ਹਾਂ ਕਿਹਾ ਕਿ ਸਥਿਤੀ ਇਹ ਆ ਚੁੱਕੀ ਹੈ ਕਿ ਕਰਜ਼ੇ ਹੇਠ ਦੱਬੇ ਮਜ਼ਦੂਰ ਆਪਣੇ ਘਰਾਂ ਦੀ ਮੁਰੰਮਤ ਵੀ ਕਰਾਉਣ ਤੋਂ ਅਸਮਰਥ ਹਨ। ਉਨ੍ਹਾਂ ਸਰਕਾਰਾਂ ਤੋਂ ਮੰਗ ਕੀਤੀ ਕਿ ਖੇਤ ਮਜ਼ਦੂਰਾਂ ਨੂੰ ਫਸਲਾਂ ਦੀ ਮਾਰ ਦਾ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ, ਗਰੀਬਾਂ ਨੂੰ ਘਰ ਬਣਾ ਕੇ ਦਿੱਤੇ ਜਾਣ ਅਤੇ ਖੇਤ ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ ਮੁਆਫ ਕੀਤਾ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਗਰੀਬਾਂ, ਦਲਿਤਾਂ ਦੇ ਮੁੱਦਿਆਂ ਨੂੰ ਲੈ ਕੇ ਲਾਮਬੰਦੀ ਕਰਕੇ ਹੱਕਾਂ ਲਈ ਤਿੱਖਾ ਸੰਘਰਸ਼ ਕੀਤਾ ਜਾਵੇਗਾ।

# ਖੇਤ ਮਜ਼ਦੂਰਾਂ ਨੂੰ ਫ਼ਸਲਾਂ ਦੀ ਮਾਰ ਦਾ ਮੁਆਵਜ਼ਾ ਜਾਰੀ ਹੋਵੇ-ਬਸਪਾ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਬੇਮੌਸਮੇ ਮੀਂਹ ਨਾਲ ਜਿੱਥੇ ਫ਼ਸਲਾਂ ਨੂੰ ਨੁਕਸਾਨ ਪਹੁੰਚਿਆ ਹੈ ਉੱਥੇ ਗ਼ਰੀਬਾਂ ਤੇ ਦਲਿਤਾਂ ਦੇ ਘਰਾਂ ਨੂੰ ਵੱਡਾ ਨੁਕਸਾਨ ਪਹੁੰਚਿਆ ਹੈ। ਗੜ੍ਹੀ ਨੇ ਕਿਹਾ ਕਿ ਸੱਤਾ ਉਤੇ ਕਾਬਜ਼ ਹਕੂਮਤਾਂ ਦੀਆਂ ਗ਼ਰੀਬਾਂ ਤੇ ਦਲਿਤਾਂ ਵਿਰੋਧੀ ਨੀਤੀਆਂ ਦੇ ਕਾਰਨ ਲੋਕਾਂ ਨੂੰ ਚੋਅ ਰਹੀਆਂ ਛੱਤਾਂ ਹੇਠ ਰਾਤਾਂ ਗੁਜਾਰਨੀਆਂ ਪਈਆਂ। ਉਨ੍ਹਾਂ ਕਿਹਾ ਕਿ ਨਰਮਾ ਪੱਟੀ ਵਿੱਚ ਮਜ਼ਦੂਰਾਂ ਨੂੰ ਪਿਛਲੇ ਸਮੇਂ ਦੋ ਵਾਰ ਹੋਈ ਨਰਮੇ ਦੀ ਮਾਰ ਦਾ ਪੈਸਾ ਅਜੇ ਤੱਕ ਨਹੀਂ ਮਿਲਿਆ ਅਤੇ ਤੀਜੀ ਮਾਰ ਹੁਣ ਆਹ ਬੇਮੌਸਮ ਕਾਰਨ ਹੋਰ ਪੈ ਗਈ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਕਾਂਗਰਸ ਦੀ ਸਰਕਾਰ ਨੇ ਮਜ਼ਦੂਰਾਂ ਨੂੰ ਪੈਸਾ ਦੇਣਾ ਯੋਗ ਨਾ ਸਮਝਿਆ ਅਤੇ ਹੁਣ 'ਆਪ' ਸਰਕਾਰ ਨੇ ਅਜੇ ਤਕ ਕੋਈ ਕਦਮ ਨਹੀਂ ਪੁੱਟਿਆ।

ਉਨ੍ਹਾਂ ਕਿਹਾ ਕਿ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਇਹ ਦਾਅਵੇ ਕੀਤੇ ਜਾਂਦੇ ਰਹੇ ਹਨ ਕਿ 2022 ਤੱਕ ਸਭ ਕੋਲ ਆਪਣਾ ਘਰ ਹੋਵੇਗਾ, ਪਰ ਅੱਜ 2022 ਦੇ ਅੱਧੇ ਤੋਂ ਜ਼ਿਆਦਾ ਟੱਪਣ ਬਾਅਦ ਵੀ ਲੋਕ ਘਰੋਂ ਬੇਘਰ ਹਨ। ਉਨ੍ਹਾਂ ਕਿਹਾ ਕਿ ਸਥਿਤੀ ਇਹ ਆ ਚੁੱਕੀ ਹੈ ਕਿ ਕਰਜ਼ੇ ਹੇਠ ਦੱਬੇ ਮਜ਼ਦੂਰ ਆਪਣੇ ਘਰਾਂ ਦੀ ਮੁਰੰਮਤ ਵੀ ਕਰਾਉਣ ਤੋਂ ਅਸਮਰਥ ਹਨ। ਉਨ੍ਹਾਂ ਸਰਕਾਰਾਂ ਤੋਂ ਮੰਗ ਕੀਤੀ ਕਿ ਖੇਤ ਮਜ਼ਦੂਰਾਂ ਨੂੰ ਫ਼ਸਲਾਂ ਦੀ ਮਾਰ ਦਾ ਮੁਆਵਜ਼ਾ ਤੁਰੰਤ ਜਾਰੀ ਕੀਤਾ ਜਾਵੇ, ਗ਼ਰੀਬਾਂ ਨੂੰ ਘਰ ਬਣਾ ਕੇ ਦਿੱਤੇ ਜਾਣ ਅਤੇ ਖੇਤ ਮਜ਼ਦੂਰਾਂ ਸਿਰ ਚੜ੍ਹਿਆ ਕਰਜ਼ਾ ਮੁਆਫ਼ ਕੀਤਾ ਜਾਵੇ।

ਉਨ੍ਹਾਂ ਇਹ ਵੀ ਕਿਹਾ ਕਿ ਗਰੀਬਾਂ, ਦਲਿਤਾਂ ਦੇ ਮੁੱਦਿਆਂ ਨੂੰ ਲੈ ਕੇ ਲਾਮਬੰਦੀ ਕਰਕੇ ਹੱਕਾਂ ਲਈ ਤਿੱਖਾ ਸੰਘਰਸ਼ ਕੀਤਾ ਜਾਵੇਗਾ।

# ਸ਼ਹੀਦ ਭਗਤ ਸਿੰਘ ਦੇ ਜਨਮ ਦਿਨ 'ਤੇ "ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ" ਨੂੰ ਮੁੜ ਸ਼ੁਰੂ ਦਾ ਫੈਸਲਾ

**ਚੰਡੀਗੜ੍ਹ–** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਨ ਮੌਕੇ ਅਹਿਮ ਐਲਾਨ ਕਰਦਿਆਂ ਪਿਛਲੇ ਕਈ ਸਾਲਾਂ ਤੋਂ ਰੁਕੇ ਸ਼ਹੀਦ-ਏ-ਆਜ਼ਮ




ਭਗਤ ਸਿੰਘ ਰਾਜ ਯੁਵਾ ਪੁਰਸਕਾਰ ਨੂੰ ਮੁੜ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ। ਮੁੱਖ ਮੰਤਰੀ ਦੇ ਨਿਰਦੇਸ਼ਾਂ ਉਤੇ ਯੁਵਕ ਸੇਵਾਵਾਂ ਵਿਭਾਗ ਨੇ ਪੁਰਸਕਾਰ ਲਈ ਸੂਬੇ ਦੇ ਨੌਜਵਾਨਾਂ ਤੋਂ ਬਿਨੈ ਪੱਤਰ ਮੰਗੇ ਹਨ।


ਪੰਜਾਬ ਦੇ ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੱਸਿਆ ਮੁੱਖ ਮੰਤਰੀ ਨੇ ਅੱਜ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਮੌਕੇ ਇਸ ਫੈਸਲੇ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸੂਬੇ ਦੇ ਵਿਕਾਸ ਵਿੱਚ ਹਿੱਸੇਦਾਰ ਬਣਾਉਣ ਅਤੇ ਉਨ੍ਹਾਂ ਨੂੰ ਸਸ਼ਕਤੀਕਰਨ ਲਈ ਕਈ ਸਾਲਾਂ ਤੋਂ ਰੁਕੇ ਇਸ ਪੁਰਸਕਾਰ ਨੂੰ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਗਿਆ ਹੈ। ਸੂਬਾ ਸਰਕਾਰ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਸੋਚ ਨੂੰ ਅੱਗੇ ਲਿਜਾਣ ਅਤੇ ਨੌਜਵਾਨਾਂ ਨੂੰ ਸੂਬੇ ਦੀ ਅਗਵਾਈ ਲਈ ਤਿਆਰ ਕਰਨ ਲਈ ਨਿਰੰਤਰ ਕੋਸ਼ਿਸ਼ਾਂ ਕਰ ਰਹੀ ਹੈ ਜਿਸ ਦੇ ਸਿੱਟੇ ਵਜੋਂ ਇਹ ਵੱਡਾ ਫੈਸਲਾ ਲਿਆ ਗਿਆ ਹੈ।

ਮੀਤ ਹੇਅਰ ਨੇ ਅੱਗੇ ਦੱਸਿਆ ਕਿ ਪੁਰਸਕਾਰ ਲਈ ਯੋਗ ਨੌਜਵਾਨ ਯੁਵਕ ਸੇਵਾਵਾਂ ਵਿਭਾਗ ਕੋਲ 30 ਨਵੰਬਰ ਤੱਕ ਅਪਲਾਈ ਕਰ ਸਕਦੇ ਹਨ। ਇਸ ਤੋਂ ਬਾਅਦ ਵਿਭਾਗ ਇਨ੍ਹਾਂ ਦੀ ਪੜਚੋਲ ਕਰਕੇ ਸਭ ਤੋਂ ਕਾਬਲ ਅਤੇ ਸਰਵੋਤਮ ਮੈਰਿਟ ਵਾਲੇ ਹਰ ਜ਼ਿਲੇ ਵਿੱਚੋਂ 2 ਨੌਜਵਾਨਾਂ ਜਿਨ੍ਹਾਂ ਦੀ ਉਮਰ 15 ਤੋਂ 35 ਸਾਲ ਦਰਮਿਆਨ ਹੋਵੇ, ਦੀ ਚੋਣ ਕੀਤੀ ਜਾਵੇਗੀ। ਸੂਬੇ ਵਿੱਚੋਂ ਕੁੱਲ 46 ਨੌਜਵਾਨਾਂ ਨੂੰ ਇਹ ਪੁਰਸਕਾਰ ਦਿੱਤਾ ਜਾਵੇਗਾ। ਇਸ ਪੁਰਸਕਾਰ ਵਿੱਚ 51 ਹਜ਼ਾਰ ਰੁਪਏ ਦੀ ਨਗਦ ਰਾਸ਼ੀ, ਇਕ ਮੈਡਲ, ਇਕ ਸਕਰੋਲ, ਇਕ ਬਲੇਜ਼ਰ ਅਤੇ ਇਕ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਜਾਵੇਗਾ। ਨੌਜਵਾਨਾਂ ਨੂੰ ਇਸ ਪੁਰਸਕਾਰ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਨ 23 ਮਾਰਚ ਮੌਕੇ ਦਿੱਤੇ ਜਾਣਗੇ।

ਯੁਵਕ ਸੇਵਾਵਾਂ ਮੰਤਰੀ ਨੇ ਅੱਗੇ ਦੱਸਿਆ ਕਿ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਦੇਣ ਦੀ ਸ਼ੁਰੂਆਤ 1985 ਵਿੱਚ ਕੀਤੀ ਗਈ ਸੀ ਪਰ ਇਹ ਐਵਾਰਡ ਕਈ ਸਾਲਾਂ ਤੋਂ ਨਹੀਂ ਦਿੱਤਾ ਗਿਆ। ਇਸ ਐਵਾਰਡ ਲਈ ਯੁਵਕ ਭਲਾਈ ਗਤੀਵਿਧੀਆਂ, ਐਨਸੀਸੀ, ਐਨਐਸਐਸ, ਸਮਾਜਿਕ ਸੇਵਾਵਾਂ, ਸੱਭਿਆਚਾਰ ਗਤੀਵਿਧੀਆਂ, ਖੇਡਾਂ, ਟਰੈਕਿੰਗ, ਰਾਸ਼ਟਰੀ ਏਕਤਾ, ਖ਼ੂਨਦਾਨ, ਨਸ਼ਿਆਂ ਵਿਰੁੱਧ ਜਾਗਰੂਕਤਾ, ਵਿਦਿਅਕ ਯੋਗਤਾ, ਬਹਾਦਰੀ ਦੇ ਕਾਰਨਾਮੇ, ਸਕਾਊਟਸ ਅਤੇ ਗਾਈਡਿੰਗ ਅਤੇ ਸਾਹਸੀ ਗਤੀਵਿਧੀਆਂ ਵਿੱਚ ਹਿੱਸਾ ਲੈਣ ਵਾਲੇ ਨੌਜਵਾਨਾਂ ਵਿੱਚੋਂ ਉਨ੍ਹਾਂ ਦੀ ਮੈਰਿਟ ਅਨੁਸਾਰ ਚੋਣ ਕਰਕੇ ਇਹ ਐਵਾਰਡ ਦਿੱਤਾ ਜਾਵੇਗਾ।

# ਮਹਿਲਾ ਨੂੰ ਡਾਕਟਰਾਂ ਨੇ ਲਗਾ ਦਿੱਤਾ ਉਲਟਾ ਪੈਰ! ਹੁਣ ਚਲਣ ਲਈ ਕਰਦੀ ਹੈ ਪਲਾਸਟਿਕ ਪੈਰ ਦਾ ਇਸਤੇਮਾਲ

ਅਕਸਰ ਵਿਅਕਤੀ ਆਪਣੇ ਸਰੀਰ ਨੂੰ ਨਜ਼ਰਅੰਦਾਜ਼ ਕਰਨਾ ਸ਼ੁਰੂ ਕਰ ਦਿੰਦਾ ਹੈ। ਜਦੋਂ ਉਸ ਨੂੰ ਕੋਈ ਗੰਭੀਰ ਬਿਮਾਰੀ ਲੱਗ ਜਾਂਦੀ ਹੈ, ਉਸ ਤੋਂ ਬਾਅਦ ਉਸ ਨੂੰ ਸਰੀਰ ਦੀ ਕੀਮਤ ਸਮਝ ਆਉਂਦੀ ਹੈ। ਜੇਕਰ ਸਰੀਰ ਦਾ ਕੋਈ ਇੱਕ ਅੰਗ ਕੱਢ ਦਿੱਤਾ ਜਾਵੇ ਜਾਂ ਉਸ ਨੂੰ ਕਿਸੇ ਹੋਰ ਤਰੀਕੇ ਨਾਲ ਸਰੀਰ ਵਿੱਚ ਮਿਲਾ ਦਿੱਤਾ ਜਾਵੇ ਤਾਂ ਮਨੁੱਖ ਉਸ ਤਰ੍ਹਾਂ ਦੀ ਜ਼ਿੰਦਗੀ ਨਹੀਂ ਜੀ ਸਕਦਾ ਜਿਸ ਤਰ੍ਹਾਂ ਉਹ ਪਹਿਲਾਂ ਬਤੀਤ ਕਰਦਾ ਸੀ। ਇਸ ਗੱਲ ਦਾ ਜਿਉਂਦਾ ਜਾਗਦਾ ਸਬੂਤ ਹੈ ਕਿ ਨਿਊਜ਼ੀਲੈਂਡ ਦੀ ਇੱਕ ਔਰਤ ਜਿਸ ਨੇ ਕੈਂਸਰ ਵਰਗੀ ਬਿਮਾਰੀ ਨੂੰ ਹਰਾ ਦਿੱਤਾ ਪਰ ਉਸ ਤੋਂ ਬਾਅਦ ਉਸ ਦੇ ਪੈਰ ਨੂੰ ਗ਼ਲਤ ਜੋੜ ਦਿੱਤਾ।



ਡਾਕਟਰਾਂ ਦਾ ਮੁੱਖ ਟੀਚਾ ਜੈਸਿਕਾ ਦੀ ਜਾਨ ਬਚਾਉਣਾ ਸੀ ਕਿਉਂਕਿ ਕੈਂਸਰ ਲੱਤ ਤੋਂ ਉੱਪਰਲੇ ਅੰਗਾਂ ਤਕ ਫੈਲ ਰਿਹਾ ਸੀ। ਡਾਕਟਰਾਂ ਕੋਲ ਦੋ ਵਿਕਲਪ ਸਨ। ਜਾਂ ਤਾਂ ਉਹ ਲੱਤ ਨੂੰ ਕਮਰ ਤੋਂ ਹੀ ਕੱਟ ਦਿੰਦੇ ਹਨ, ਪਰ ਉਸ ਤੋਂ ਬਾਅਦ ਨਕਲੀ ਲੱਤ ਲਗਾਉਣੀ ਮੁਸ਼ਕਲ ਹੋ ਜਾਂਦੀ ਹੈ ਕਿਉਂਕਿ ਨਕਲੀ ਲੱਤ ਗੋਡਿਆਂ ਦੀ ਮਦਦ ਨਾਲ ਫਿਕਸ ਕੀਤੀ ਜਾਂਦੀ ਹੈ, ਜਾਂ ਫਿਰ ਲੱਤ ਦੇ ਸਿਰਫ ਚੰਗੇ ਹਿੱਸੇ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ਜਿਸ ਵਿਚ ਕੈਂਸਰ ਹੈ। ਡਾਕਟਰਾਂ ਨੇ ਚੁਣੌਤੀ ਸਵੀਕਾਰ ਕੀਤੀ ਅਤੇ ਗੋਡੇ ਦੀ ਬਜਾਏ ਉਸ ਦੀ ਪੂਰੀ ਹੇਠਲੀ ਲੱਤ ਨੂੰ ਅੱਧ ਵਿਚ ਕੱਟ ਦਿੱਤਾ। ਨਿਊਜ਼ੀਲੈਂਡ ਦੀ ਰਹਿਣ ਵਾਲੀ 28 ਸਾਲਾ ਜੈਸਿਕਾ (ਜੇਸ ਕੁਇਨ) ਜਦੋਂ ਸਿਰਫ਼ 8 ਸਾਲ ਦੀ ਸੀ ਤਾਂ ਡਾਕਟਰਾਂ ਨੂੰ ਪਤਾ ਲੱਗਾ ਕਿ ਉਸ ਨੂੰ ਕੈਂਸਰ ਹੈ। ਹੋਇਆ ਇਹ ਕਿ ਉਹ ਆਪਣੀ ਭੈਣ ਨਾਲ ਫੁੱਟਬਾਲ ਖੇਡ ਰਹੀ ਸੀ ਜਦੋਂ ਉਸ ਦੀ ਲੱਤ ਟੁੱਟ ਗਈ। ਡਾਕਟਰਾਂ ਨੇ ਉਸ ਨੂੰ ਜੋੜਨ ਦੀ ਕੋਸ਼ਿਸ਼ ਕੀਤੀ ਪਰ 4-5 ਮਹੀਨੇ ਬੀਤ ਜਾਣ ਤੋਂ ਬਾਅਦ ਵੀ ਉਸ ਨੂੰ ਤੁਰਨ-ਫਿਰਨ ਵਿਚ ਕਾਫੀ ਤਕਲੀਫ ਹੁੰਦੀ ਰਹੀ। ਜਦੋਂ ਉਸ ਦੀ ਜਾਂਚ ਕੀਤੀ ਗਈ ਤਾਂ ਪਤਾ ਲੱਗਾ ਕਿ ਉਸ ਨੂੰ ਓਸਟੀਓਸਾਰਕੋਮਾ ਯਾਨੀ ਹੱਡੀਆਂ ਦਾ ਕੈਂਸਰ ਸੀ। ਇਹ ਕੈਂਸਰ ਹੱਡੀਆਂ ਬਣਾਉਣ ਵਾਲੇ ਸੈੱਲਾਂ ਵਿੱਚ ਹੁੰਦਾ ਹੈ।

# ਭਗਵੰਤ ਮਾਨ ਸਰਕਾਰ ਅਤੇ ਗਵਰਨਰ ਵਿਚ ਤਣਾਤਣੀ ਕਿਉਂ?

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ 'ਚ ਸਰਕਾਰ ਵਿਸ਼ਵਾਸ ਮਤਾ ਲਿਆ ਸਕਦੀ ਹੈ ਜਾਂ ਨਹੀਂ ਇਸ ਨੂੰ ਲੈ ਕੇ ਪਿਛਲੇ ਇਕ ਹਫ਼ਤੇ ਤੋਂ ਸੱਤਾ ਧਿਰ, ਵਿਰੋਧੀ ਧਿਰ ਤੇ ਰਾਜ ਭਵਨ ਦਰਮਿਆਨ ਤਕਰਾਰਬਾਜ਼ੀ ਚੱਲ ਰਹੀ ਹੈ। ਬੇਸ਼ੱਕ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਵਿਸ਼ਵਾਸ ਮਤਾ ਲਿਆਉਣ ਸਬੰਧੀ 22 ਸਤੰਬਰ ਨੂੰ ਬੁਲਾਏ ਗਏ ਵਿਸ਼ੇਸ਼ ਸੈਸ਼ਨ ਨੂੰ ਰੱਦ ਕਰ ਦਿੱਤਾ ਸੀ ਪਰ ਸਰਕਾਰ ਨੇ ਰੈਗੂਲਰ ਸੈਸ਼ਨ ਬੁਲਾ ਕੇ ਅਤੇ ਬਿਜ਼ਨਸ ਐਡਵਾਈਜ਼ਰੀ ਕਮੇਟੀ ਨੂੰ ਹਨੇਰੇ 'ਚ ਰੱਖ ਕੇ ਮੰਗਲਵਾਰ ਨੂੰ ਵਿਧਾਨ ਸਭਾ 'ਚ ਇਹ ਮਤਾ ਪੇਸ਼ ਕਰ ਦਿੱਤਾ। ਇਸ ਮਤੇ 'ਤੇ ਤਿੰਨ ਅਕਤੂਬਰ ਨੂੰ ਵੋਟਿੰਗ ਹੋਵੇਗੀ। ਆਮ ਆਦਮੀ ਪਾਰਟੀ ਕੋਲ ਇਸ ਸਮੇਂ 92 ਵਿਧਾਇਕ ਹਨ। ਇਨ੍ਹਾਂ 'ਚੋਂ ਕਿਸੇ ਇਕ ਨੇ ਵੀ ਪਾਰਟੀ ਨਹੀਂ ਛੱਡੀ। ਅਜਿਹੇ 'ਚ ਸਰਕਾਰ ਨੂੰ ਇਹ ਮਤਾ ਪੇਸ਼ ਕਰਨ ਦੀ ਜ਼ਰੂਰਤ ਨਹੀਂ ਸੀ। ਪਰ ਮੁੱਖ ਮੰਤਰੀ ਦਾ ਦਾਅਵਾ ਹੈ ਕਿ ਭਾਜਪਾ ਚੋਰ ਦਰਵਾਜ਼ੇ ਰਾਹੀਂ ਵਿਧਾਇਕਾਂ ਨੂੰ ਖ਼ਰੀਦਣ ਦਾ ਕੰਮ ਕਰ ਰਹੀ ਹੈ, ਇਸ ਲਈ ਵਿਸ਼ਵਾਸ ਮਤਾ ਲਿਆਉਣਾ ਜ਼ਰੂਰੀ ਸੀ।



ਵਿਧਾਨਕ ਕੰਮਕਾਜ ਦੇ ਮਾਹਿਰ ਤੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰ ਦਵਿੰਦਰ ਸਿੰਘ ਦਾ ਕਹਿਣਾ ਹੈ ਕਿ ਸੰਵਿਧਾਨ ਦੀ ਧਾਰਾ 175(2) ਤੇ ਨਿਯਮ 26 'ਚ ਰਾਜਪਾਲ ਕੋਲ ਇਹ ਸ਼ਕਤੀ ਹੈ ਕਿ ਜੇਕਰ ਉਨ੍ਹਾਂ ਨੂੰ ਲੱਗੇ ਕਿ ਸਦਨ 'ਚ ਕੁਝ ਗ਼ਲਤ ਹੋ ਰਿਹਾ ਹੈ ਤਾਂ ਉਹ ਚਲਦੇ ਸਦਨ 'ਚ ਆਪਣੀ ਨਾਰਾਜ਼ਗੀ ਦਾ ਸੰਦੇਸ਼ ਸਪੀਕਰ ਨੂੰ ਭੇਜ ਸਕਦੇ ਹਨ। ਸਪੀਕਰ ਮਜਬੂਰ ਹਨ ਕਿ ਉਹ ਉਸ ਸੰਦੇਸ਼ ਨੂੰ ਸਦਨ ਨੂੰ ਪੜ੍ਹ ਕੇ ਸੁਣਾਉਣ, ਪਰ ਹਾਊਸ ਕੋਲ ਵੀ ਇਕ ਸ਼ਕਤੀ ਹੈ। ਜੇਕਰ ਹਾਊਸ ਰਾਜਪਾਲ ਦੇ ਸੰਦੇਸ਼ ਨੂੰ ਨਾ ਮੰਨੇ ਤਾਂ ਉਸ ਨੂੰ ਸਦਨ 'ਚ ਪ੍ਰਸਤਾਵ ਲਿਆਉਣਾ ਪਵੇਗਾ ਤੇ ਪ੍ਰਸਤਾਵ ਪਾਸ ਕਰ ਕੇ ਸਪੀਕਰ ਰਾਹੀਂ ਰਾਜਪਾਲ ਕੋਲ ਭੇਜਣਾ ਪਵੇਗਾ। ਜਿਸ ਤਰ੍ਹਾਂ ਹਾਲ ਹੀ 'ਚ ਮਹਾਰਾਸ਼ਟਰ 'ਚ ਗਠਜੋੜ ਸਰਕਾਰ ਡਿੱਗ ਗਈ ਤੇ ਗੋਆ ਦੇ ਅੱਠ ਕਾਂਗਰਸ ਵਿਧਾਇਕ ਭਾਜਪਾ 'ਚ ਸ਼ਾਮਲ ਹੋ ਗਏ, ਉਸ 'ਚ ਆਮ ਆਦਮੀ ਪਾਰਟੀ ਨੂੰ ਵੀ ਲੱਗਣ ਲੱਗਾ ਕਿ ਆਪ੍ਰੇਸ਼ਨ ਲੋਟਸ ਪੰਜਾਬ 'ਚ ਵੀ ਚੱਲ ਸਕਦਾ ਹੈ।

ਇਸ ਲਈ ਸਰਕਾਰ ਵਿਸ਼ਵਾਸ ਮਤਾ ਪਾਸ ਕਰਨਾ ਚਾਹੁੰਦੀ ਹੈ ਤਾਂਕਿ ਇਸ ਦੇ ਪਾਸ ਹੋਣ ਤੋਂ ਬਾਅਦ ਆਉਣ ਵਾਲੇ ਛੇ ਮਹੀਨੇ 'ਚ ਸਰਕਾਰ 'ਤੇ ਕੋਈ ਸੰਕਟ ਨਾ ਆਵੇ। 'ਆਪ' ਨੇ ਇਹ ਦੋਸ਼ ਲਗਾਇਆ ਹੈ ਕਿ ਭਾਜਪਾ ਅਜਿਹਾ ਕਰ ਰਹੀ ਹੈ। ਸਰਕਾਰ ਨੇ ਭਾਜਪਾ ਖ਼ਿਲਾਫ਼ ਕੇਸ ਵੀ ਦਰਜ ਕਰਵਾਇਆ ਹੈ। ਕੇਸ ਦਰਜ ਹੋਏ ਦੋ ਹਫ਼ਤੇ ਬੀਤ ਚੁੱਕੇ ਹਨ ਤੇ ਪੁਲਿਸ ਨੇ ਸਿਰਫ਼ ਅਣਪਛਾਤੇ ਲੋਕਾਂ 'ਤੇ ਕੇਸ ਦਰਜ ਕੀਤਾ ਹੈ। ਹਾਲੇ ਤਕ ਨਾ ਤਾਂ ਕਿਸੇ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਨਾ ਹੀ ਕੋਈ ਕਾਰਵਾਈ ਕੀਤੀ ਹੈ। ਪੁਲਿਸ ਨੂੰ ਹਾਲੇ ਤਕ ਅਜਿਹਾ ਕੋਈ ਸਬੂਤ ਨਹੀਂ ਮਿਲਿਆ ਹੈ ਜਿਸ ਨਾਲ ਇਹ ਸਾਬਿਤ ਹੋ ਸਕੇ ਕਿ ਵਿਧਾਇਕਾਂ ਨੂੰ ਖ਼ਰੀਦਿਆ ਜਾ ਰਿਹਾ ਹੈ।

ਫਿਲਹਾਲ ਆਮ ਆਦਮੀ ਪਾਰਟੀ ਦੀ ਸਰਕਾਰ ਨੂੰ ਕਿਸੇ ਤਰ੍ਹਾਂ ਦਾ ਕੋਈ ਸੰਕਟ ਨਹੀਂ ਹੈ, ਪਰ ਫਿਰ ਵੀ ਇਸ ਮਤੇ ਦੇ ਪਾਸ ਹੋਣ ਨਾਲ ਸਰਕਾਰ ਨੂੰ ਅਗਲੇ ਛੇ ਮਹੀਨੇ ਤਕ ਸਦਨ 'ਚ ਬੇਭਰੋਸਗੀ ਮਤੇ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

# ਨਵਜੋਤ ਸਾਹਿਤ ਸੰਸਥਾ ਔੜ ਨੇ ਪਿੰਡ ਕੁੱਲੇਵਾਲ 'ਚ ਸਾਹਿਤਕ ਸੱਥ ਸਜਾਈ

ਗੜ੍ਹਸ਼ੰਕਰ, (ਰੇਸ਼ਮ ਕਰਨਾਣਵੀ)– ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਰੌੜੀ ਨੇ ਕਿਹਾ ਕਿ ਮਾਂ ਬੋਲੀ ਦੇ ਸਤਿਕਾਰ ਬਿਨਾਂ ਸਮਾਜ ਦੀ ਸਥਾਪਤੀ ਲਈ ਆਸ ਨਹੀਂ ਰੱਖੀ ਜਾ ਸਕਦੀ। ਉਹ ਪਿੰਡ ਕੁੱਲੇਵਾਲ ਵਿਖੇ ਸਾਹਿਤਕ ਸੱਥ ਨੂੰ ਸੰਬੋਧਨ ਕਰ ਰਹੇ ਸਨ। ਉਹਨਾਂ ਕਿਹਾ ਕਿ ਪੀੜ੍ਹੀ ਦਰ ਪੀੜ੍ਹੀ ਮਾਂ ਬੋਲੀ ਅਤੇ ਸੱਭਿਆਚਾਰ ਦੇ ਢੁੱਕਵੇਂ ਅਦਾਨ ਪ੍ਰਦਾਨ ਦੀ ਕਮੀ ਕਾਰਨ ਹੀ ਅਸੀਂ ਕਦਰਾਂ ਕੀਮਤਾਂ ਤੋਂ ਟੁੱਟ ਰਹੇ ਹਾਂ।

ਨਵਜੋਤ ਸਾਹਿਤ ਸੰਸਥਾ (ਰਜਿ।) ਔੜ ਦੇ ਬੈਨਰ ਹੇਠ ਕਰਵਾਏ ਗਏ ਇਸ ਸਮਾਗਮ ਵਿਚ ਪਿੰਡ ਕੁੱਲੇਵਾਲ ਦੇ ਵਾਸੀਆਂ ਨੇ ਆਪਣੀਆਂ ਸਾਹਿਤਕ ਰਚਨਾਵਾਂ ਦੀ ਸਾਂਝ ਪਾ ਕੇ ਮਾਹੌਲ ਨੂੰ ਹੋਰ ਪ੍ਰੇਰਕ ਬਣਾ ਦਿੱਤਾ। ਇਹਨਾਂ ਵਿੱਚ ਹਰਵਿੰਦਰ ਸਿੰਘ ਪੁੱਤਰ ਸਤਨਾਮ ਸਿੰਘ, ਹਰਪ੍ਰੀਤ ਕੌਰ ਪਤਨੀ ਬਿਕਰ–ਮਜੀਤ ਸਿੰਘ, ਹਰਮਨ ਪੁੱਤਰੀ ਗੁਰਦੇਵ ਸਿੰਘ, ਨਵਨੀਤ ਕੌਰ



ਪੁੱਤਰੀ ਸਤਨਾਮ ਸਿੰਘ, ਕ੍ਰਿਸ਼ਨਾ ਦੇਵੀ, ਗੁਰਨਾਮ ਸਿੰਘ, ਅੰਕਿਤ ਕੁਮਾਰ ਆਦਿ ਸ਼ਾਮਲ ਸਨ। ਸਮਾਗਮ ਵਿੱਚ ਪੁੱਜੇ ਮਹਿਮਾਨਾਂ ਅਤੇ ਪ੍ਰਤੀਯੋਗੀਆਂ ਨੂੰ ਸੰਸਥਾ ਦੇ ਪ੍ਰਧਾਨ ਸਤਪਾਲ ਸਾਹਲੋਂ ਅਤੇ ਸਕੱਤਰ ਸੁਰਜੀਤ ਮਜਾਰੀ ਦੀ ਅਗਵਾਈ ਵਿੱਚ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਬੁਲਾਰਿਆਂ ਵਿੱਚ ਸ਼ਾਮਲ ਕੇਂਦਰੀ ਲੇਖਕ ਸਭਾ (ਸੇਖੋਂ) ਦੇ ਜਨਰਲ ਸਕੱਤਰ ਪ੍ਰੋ। ਸੰਧੂ ਵਰਿਆਣਵੀ, ਪਿੰਡ ਦੇ ਸਰਪੰਚ ਜੋਗਿੰਦਰ ਸਿੰਘ ਕੁੱਲੇਵਾਲ, ਤਰਕਸ਼ੀਲ ਆਗੂ ਸਤਪਾਲ ਸਲੋਹ ਨੇ ਹਾਜ਼ਰੀਨ ਨੂੰ ਸਮੂਹਿਕ ਲਹਿਰ ਦਾ ਹਿੱਸਾ ਪਾ ਕੇ ਸਮਾਜਿਕ ਤਬਦੀਲੀ ਲਈ ਹੋਕਾ ਦਿੱਤਾ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਹਰੀ ਕ੍ਰਿਸ਼ਨ ਪਟਵਾਰੀ, ਦਵਿੰਦਰ ਸਕੋਹਪੁਰੀ, ਰਾਮ ਨਾਥ ਕਟਾਰੀਆ, ਪਿਆਰਾ ਲਾਲ ਬੰਗੜ੍ਹ, ਅਮਰੀਕ ਹਮਰਾਜ, ਗੁਰਨੇਕ ਸ਼ੇਰ ਆਦਿ ਸ਼ਾਮਲ ਸਨ।

# ਸ਼ੇਰ ਸਜਾਵਲਪੁਰੀ ਦੇ ਵਿਹੜੇ ਜੁੜਿਆ ਸਾਹਿਤਕ ਸਮਾਗਮ, ਨਵਜੋਤ ਸਾਹਿਤ ਸੰਸਥਾ ਔੜ ਵਲੋਂ ਸਨਮਾਨ

**ਨਵਾਂ ਸ਼ਹਿਰ, (ਰੇਸ਼ਮ ਕਰਨਾਣਵੀ)** ਨਵਜੋਤ ਸਾਹਿਤ ਸੰਸਥਾ (ਰਜਿ) ਔੜ ਵਲੋਂ ਪਿੰਡ ਸਜਾਵਲਪੁਰ ਵਿਖੇ ਲੇਖਕ ਸ਼ੇਰ ਸਜਾਵਲਪੁਰੀ ਦੇ ਵਿਹੜੇ ਸਾਹਿਤਕ ਇਕੱਠ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਆਈ ਐਮ ਏ ਦੇ ਸੂਬਾ ਪ੍ਰਧਾਨ ਡਾ ਪਰਮਜੀਤ ਮਾਨ, ਕੇਂਦਰੀ ਲੇਖਕ ਸਭਾ ਦੇ ਕਾਰਜਕਾਰੀ ਪ੍ਰਧਾਨ ਪ੍ਰੋ। ਸੰਧੂ ਵਰਿਆਣਵੀ, ਪਿੰਡ ਸਜਾਵਲਪੁਰ ਦੇ ਸਰਪੰਚ ਨਿਰਮਲਜੀਤ ਕੌਰ, ਨਵਜੋਤ ਸਾਹਿਤ ਸੰਸਥਾ ਔੜ ਦੇ ਪ੍ਰਧਾਨ ਸਤਪਾਲ ਸਾਹਲੋਂ ਸ਼ਾਮਲ ਸਨ। ਇਹਨਾਂ ਨੇ ਸਾਂਝੇ ਤੌਰ 'ਤੇ ਸ਼ਮਾਂ ਰੌਸ਼ਨ ਦੀ ਰਸਮ ਨਿਭਾਈ।

ਡਾ। ਪਰਮਜੀਤ ਮਾਨ ਅਤੇ ਪ੍ਰੋ ਸੰਧੂ ਵਰਿਆਣਵੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਕਤੀ ਝਲਕਾਰਿਆਂ, ਮਾਰੂ ਤਾਕਤਾਂ ਤੋਂ ਬਚਣ ਅਤੇ ਸਾਂਝ ਦੀਆਂ ਤੰਦਾਂ ਮਜ਼ਬੂਤ ਕਰਨ ਲਈ ਸਾਹਿਤ ਨਾਲ ਜੁੜਣ ਦੀ ਲੋੜ ਹੈ। ਉਹਨਾਂ ਲੇਖਕ ਵਰਗ ਨੂੰ ਸਮਾਜ ਦਾ ਪ੍ਰੇਰਨਾਸ੍ਰੋਤ ਦੱਸਦਿਆਂ ਲੋਕਾਂ ਨੂੰ ਲੇਖਕ ਵਰਗ ਦੇ ਸਹਿਯੋਗ ਦੀ ਅਪੀਲ ਵੀ ਕੀਤੀ। ਸਮਾਗਮ ਵਿੱਚ ਨਵਜੋਤ ਸਾਹਿਤ ਸੰਸਥਾ ਵਲੋਂ ਸ਼ੇਰ ਸਜਾਵਲਪੁਰੀ ਤੇ ਉਹਨਾਂ ਦੀ ਪਤਨੀ ਬੀਬੀ ਬਲਵੀਰ ਕੌਰ ਨੂੰ ਸਨਮਾਨਿਤ ਕੀਤਾ ਗਿਆ। ਲੇਖਕ ਸ਼ੇਰ ਸਜਾਵਲਪੁਰੀ ਨੇ ਆਪਣੀਆਂ ਰਚਨਾਵਾਂ ਦੀ ਸਾਂਝ ਵੀ ਪਾਈ ਅਤੇ ਆਪਣੇ ਬਹੁਪੱਖੀ ਜੀਵਨ ਸਫ਼ਰ ਬਾਰੇ ਚਾਨਣਾ ਵੀ ਪਾਇਆ। ਉਹਨਾਂ ਦੇ ਘਰ ਦੇ ਵਿਹੜੇ ਵਿੱਚ ਜਨ ਜੀਵਨ ਨਾਲ ਸਬੰਧ ਸਾਂਭੀਆਂ ਪੁਰਾਣੀਆਂ ਵਸਤਾਂ ਅਤੇ ਉਹਨਾਂ



'ਤੇ ਲਿਖੀਆਂ ਵੰਨਗੀਆਂ ਦੀ ਵੀ ਹਾਜ਼ਰੀਨ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਸਮਾਗਮ ਦੌਰਾਨ ਮੰਚ ਸੰਚਾਲਨ ਕਰਦਿਆਂ ਸੰਸਥਾ ਦੇ ਸਕੱਤਰ ਸੁਰਜੀਤ ਮਜਾਰੀ ਨੇ ਸੰਸਥਾ ਦੇ ਬੈਨਰ ਹੇਠ ਚੱਲ ਰਹੇ 'ਸਾਹਿਤਕ ਸਾਂਝ', 'ਸਾਹਿਤ ਉਚਾਰਨ ਮੁਕਾਬਲਾ' ਅਤੇ 'ਲੇਖਕ ਦੇ ਵਿਹੜੇ' ਤਿੰਨ ਪ੍ਰੋਗਰਾਮਾਂ ਦੀ ਸਫ਼ਲਤਾ ਨਾਲ ਚੱਲ ਰਹੀ ਲੜੀ ਦੀ ਖੁਸ਼ੀ ਸਾਂਝੀ ਕੀਤੀ। ਇਸ ਦੇ ਨਾਲ ਹੀ ਸੰਸਥਾ ਦੇ ਸੰਥਾਪਕ ਪ੍ਰਸਿੱਧ ਗ਼ਜ਼ਲਗੋ ਗੁਰਦਿਆਲ ਰੌਸ਼ਨ ਵਲੋਂ ਭੇਜਿਆ ਕਲਾਤਮਿਕ ਤੋਹਫ਼ਾ ਵੀ ਸ਼ੇਰ ਸਜਾਵਲਪੁਰੀ ਅਤੇ ਉਹਨਾਂ ਦੀ ਪਤਨੀ ਨੂੰ ਪ੍ਰਦਾਨ ਕੀਤਾ ਗਿਆ।

ਮੰਚ ਤੋਂ ਵਿਚਾਰ ਸਾਂਝੇ ਕਰਨ ਵਾਲਿਆਂ ਵਿੱਚ ਪਟਵਾਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਦਵਿੰਦਰ ਬੇਗ਼ਮਪੁਰੀ, ਉੱਘੇ ਲੇਖਕ ਡਾ ਗੁਰਮੀਤ ਸਿੰਘ ਸਰਾਂ, ਅਧਿਆਪਕਾ ਹਰਬੰਸ ਕੌਰ ਆਦਿ ਵੀ ਸ਼ਾਮਲ ਸਨ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਰਜ਼ਨੀ ਸ਼ਰਮਾ, ਦਵਿੰਦਰ ਸਕੋਹਪੁਰੀ, ਹਰੀ ਕਿਸ਼ਨ ਪਟਵਾਰੀ, ਅਮਰਜੀਤ ਜਿੰਦ, ਦੇਸ ਰਾਜ ਬਾਲੀ, ਸੁੱਚਾ ਰਾਮ ਜਾਡਲਾ, ਰਾਮ ਨਾਥ ਕਟਾਰੀਆ ਨੇ ਗ਼ਜ਼ਲਾਂ/ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਕਸ਼ਮੀਰੀ ਲਾਲ ਕੈਂਥ, ਬਿੰਦਰ ਮੱਲ੍ਹਾ ਬੇਦੀਆਂ, ਨੰਬਰਦਾਰ ਸੂਬੇਦਾਰ ਬਿਸ਼ਨ ਦਾਸ, ਨੰਬਰਦਾਰ ਗੁਰਦੀਪ ਸਿੰਘ ਗਿੱਲ, ਪੰਚ ਜਸਵੀਰ ਕੌਰ, ਪੰਚ ਕੁਲਵੀਰ ਕੌਰ, ਪੰਚ ਜਸਵਿੰਦਰ ਕੌਰ, ਪੰਚ ਦਿਲਾਵਰ ਸਿੰਘ, ਪੰਚ ਜੋਗਾ ਸਿੰਘ, ਅਰਵਿੰਦ ਮਾਨ ਸਕੱਤਰ ਨੌਜ਼ਵਾਨ ਸਭਾ, ਸਾਬਕਾ ਸਰਪੰਚ ਜਸਪਾਲ ਸਿੰਘ, ਰਾਵਲ ਸਿੰਘ , ਅਨਿਲ ਕੁਮਾਰ ਸੀ ਐਚ ਟੀ, ਅਜੀਤ ਸਿੰਘ ਗਿੱਲ ਪ੍ਰਧਾਨ ਸਹਿਕਾਰੀ ਸਭਾ ਆਦਿ ਸ਼ਾਮਲ ਸਨ।

# ਮਿਸ਼ਨਪੇਅ ਬੈਕ ਟੂ ਸੋਸਾਇਟੀ ਅਤੇ ਆਲ ਐਸ ਸੀ/ਬੀ ਸੀ ਇੰਪਲਾਇਜ਼ ਫੈਡਰੇਸ਼ਨਜ ਨੇ ਪੂਨਾ ਪੈਕਟ ਧਿਕਾਰ ਦਿਵਸ ਮਨਾਇਆ

ਮਿਸ਼ਨ ਪੇਅਬੈਕ ਟੂ ਸੋਸਾਇਟੀ ਅਤੇ ਆਲ ਐਸ ਸੀ/ਬੀ ਸੀ ਇੰਪਲਾਇਜ਼ ਫੈਡਰੇਸ਼ਨਜ ਵਲੋਂ ਸ਼੍ਰੀ ਗੁਰੂ ਰਵਿਦਾਸ ਮੰਦਰ ਨਵਾਂ ਨੰਗਲ ਵਿੱਚ ਡੇਰਾ ਸ਼੍ਰੀ ਗੁਪਤਾ ਨੰਦ ਪਿੰਡ ਪੱਸੀਵਾਲ ਦੇ ਸੰਤਬਾਬਾ ਗੋਪਾਲਾ ਨੰਦ ਦੀ ਅਗਵਾਈ ਵਿੱਚ ਪੂਨਾ ਪੈਕਟ ਧਿਕਾਰ ਦਿਵਸ ਸਬੰਧੀ ਇੱਕ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿੱਚ ਅੰਤਰਰਾਸਟਰੀ ਮਿਸ਼ਨਰੀ ਸਤਵਿੰਦਰ ਮਦਾਰਾ ਵਿਸੇਸ ਤੋਰ ਤੇ ਪਹੁੰਚੇ। ਮੌਸਮ ਦੀਖਰਾਬੀਅਤੇ ਭਾਰੀ ਮੀਂਹ ਦੇ ਬਾਬਜੂਦ ਇਸ ਸਮਾਗਮ ਵਿੱਚ ਵੱਖ ਵੱਖ ਸਮਾਜਿਕ ਅਤੇ ਰਾਜਨੀਤਿਕ ਸੰਸਥਾਵਾਂ ਦੇ ਆਗੂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ। ਇਸ ਮੌਕੇ ਮਿਸ਼ਨਪੇਅ ਬੈਕ ਟੂ ਸੋਸਾਇਟੀ ਆਗੂ ਡਾਕਟਰ ਜੇ ਐਸ ਕਹਿਲ, ਕੁਲਦੀਪ ਚੰਦ ਦੋਭੇਟਾ, ਐਸ ਸੀ/ਬੀ ਸੀ ਇੰਪਲਾਇਜ਼ ਫੈਡਰੇਸ਼ਨਜ ਆਗੂ ਨਿਰਮਲਜੀਤ, ਬਲਬੀਰਭਾਟੀਆ, ਨਿਰਮਲ ਸਿੰਘ ਸੁਮਨ ਆਦਿ ਨੇ ਪੂਨਾ ਪੈਕਟ ਬਾਰੇ ਵਿਸਥਾਰ ਵਿੱਚ ਦੱਸਿਆ ਅਤੇ ਇਸ ਕਾਰਨ ਸਮਾਜ ਵਿੱਚ ਪੈਦਾ ਹੋਈ ਚਮਚਾਗਿਰੀ ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਬੇਸ਼ੱਕ ਸਰਕਾਰਾਂ ਨੇ ਰਾਜਨੀਤਿਕ ਅਹੁਦਿਆਂ ਐਮਐਲਏ, ਐਮਪੀ, ਮਿਉਂਸੀਪਲ ਕੌਂਸਲਰ ਆਦਿ ਲਈ ਰਿਜ਼ਰਵੇਸ਼ਨ ਲਾਗੂ ਕੀਤੀ ਹੈ ਪਰ ਕਈ ਸਰਕਾਰੀ ਅਦਾਰਿਆਂ ਅਤੇ ਉੱਚ ਸਿੱਖਿਆ ਅਦਾਰਿਆਂ ਵਿੱਚ ਇਹ ਪੂਰੀ ਤਰਾਂ ਲਾਗੂ ਨਹੀਂ ਕੀਤੀ ਗਈ ਹੈ ਜੋ ਕਿ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਮਾੜ੍ਹੀ ਨੀਤੀ ਕਾਰਨ ਅਨੁਸੂਚਿਤ ਵਰਗਾਂ ਨੂੰ ਸਿੱਖਿਆ ਲਈ ਮਿਲਣ ਵਾਲੀਆਂ ਸਹੂਲਤਾਂ ਵਿੱਚ ਘਪਲੇਬਾਜੀ ਹੋ ਰਹੀ ਹੈ ਅਤੇ ਲੋਕਾਂ ਦਾ ਸਮਾਜਿਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਸੋਸ਼ਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰਾਖਵਾਂਕਰਣ ਦਾ ਲਾਭ ਲੈ ਕੇ ਵੱਖ ਵੱਖ ਅਹੁਦਿਆਂ ਤੇ ਬੈਠੇ ਸਮਾਜ ਦੇ ਆਗੂ ਤਮਾਸ਼ਬੀਨ ਬਣੇ ਹੋਏ ਹਨ ਅਤੇ ਅਪਣੇ ਨਿੱਜੀ ਲਾਭਾਂ ਲਈ ਚੁੱਪ ਬੈਠੇ ਰਹਿੰਦੇ ਹਨ। ਅੰਤਰਰਾਸਟਰੀ ਮਿਸ਼ਨਰੀ ਸਤਵਿੰਦਰ ਮਦਾਰਾ ਨੇ ਪੂਨਾ ਪੈਕਟ ਦੇ ਪਿਛੋਕੜ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਿਹਾ ਕਿ ਪੂਨਾ ਪੈਕਟ ਕਾਰਨ ਸਮਾਜ ਦੇ ਵਿਕਾਸ ਅਤੇ ਭਲਾਈ ਲਈ ਤਿਆਰ ਕੀਤੇ ਗਏ ਕਮਿਊਨਲ ਐਵਾਰਡ ਨੂੰ ਖਤਮ ਕੀਤਾ ਗਿਆ ਜਿਸ ਕਾਰਨ ਅਜਾਦੀ ਤੋਂ 75 ਸਾਲਾਂ ਬਾਦਵੀ ਸਮਾਜ ਦੇ ਮੂਲ ਨਿਵਾਸੀ ਅਤੇ ਆਦਿਧਰਮੀਆਂ ਦੀ ਹਾਲਤ ਵਿੱਚ ਜਿਆਦਾ ਸੁਧਾਰ ਨਹੀਂ ਹੋਇਆ ਹੈ ਅਤੇ ਸਰਕਾਰਾਂ ਦੀਆਂ ਮਾੜੀਆਂ ਨੀਤੀਆਂ ਕਾਰਨ ਇਨ੍ਹਾਂ ਦੀਭਲਾਈਲਈਬਣੀਆਂ ਸਕੀਮਾਂ ਪੂਰੀ ਤਰਾਂ ਲਾਗੂ ਨਹੀਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨੇ ਪੂਨਾ ਪੈਕਟ ਕਾਰਨ ਹੋਏ ਨੁਕਸਾਨ ਦੀ ਪੂਰਤੀ ਲਈ ਸਮਾਜ ਦੇ ਆਗੂਆਂ ਨੂੰ ਅੱਗੇ ਚੱਲਕੇ ਮੁੰਹਿਮ ਚਲਾਉਣ ਦਾ ਸੁਨੇਹਾ ਦਿਤਾ ਅਤੇ ਸਮਾਜ ਨੂੰ ਵਰਗਲਾਉਣ ਅਤੇ ਵਿਕਾਊ ਬਣਾਉਣ ਵਾਲੇ ਆਗੂਆਂ ਤੋਂ ਸੁਚੇਤ ਹੋਣ ਲਈ ਕਿਹਾ। ਇਸ ਮੌਕੇ ਹਾਜਰ ਆਗੂਆਂ ਨੇ ਡਾਕਟਰ ਅੰਬੇਡਕਰ, ਬਾਬੂ ਮੰਗੂ ਰਾਮ ਮੁਗੋਵਾਲੀਆ ਆਦਿ ਵਲੋਂ ਦਰਸਾਏ ਮਿਸ਼ਨ ਤੇ ਚੱਲਕੇ ਸਮਾਜ ਦੇ ਵਿਕਾਸ ਲਈ ਕੰਮ ਕਰਨ ਦਾ ਵਾਅਦਾ ਕੀਤਾਅਤੇ ਮਿਸ਼ਨ ਦੇ ਨਾਮ ਤੇ ਸਮਾਜ ਨੂੰ ਵਰਗਲਾਉਣ ਤੇ ਵੇਚਣ ਵਾਲੇ ਆਗੂਆਂ ਦਾ ਚਿਹਰਾ ਸਮਾਜ ਸਾਹਮਣੇ ਲਿਆਉਣ ਦਾ ਫੈਸਲਾ ਕੀਤਾ ਤਾਂ ਜੋ ਅਜਿਹੇ ਦੋਗਲੇ ਆਗੂਆਂ ਨੂੰ ਸਮਾਜ ਕੋਈ ਸਹਿਯੋਗ ਨਾਂ ਦੇਵੇ। ਇਸ ਮੌਕੇ ਵਿਦਿਆਰਥੀਆਂ ਵਲੋਂ ਮੈਡਮਨੀਰਜ਼ ਬਾਲਾ ਦੀ ਅਗਵਾਈ ਵਿੱਚ ਜਾਗਰੁਕਤਾ ਸਬੰਧੀ ਪ੍ਰੋਗਰਾਮ ਪੇਸ ਕੀਤੇ ਗਏ। ਇਸ ਮੌਕੇ ਅਮਰਜੀਤ ਸਿੰਘ, ਸੁਰਿੰਦਰ ਕੁਮਾਰ, ਪ੍ਰੇਮ ਬੰਗਾ, ਦੋਲਤਰਾਮ, ਅਮਿਤ ਦੋਧੀ, ਬਲਰਾਮ ਮਹੇ, ਰਵੀ ਕਾਂਤ ਬਸੀ, ਤਰਸੇਮ ਸਹੋਤਾ, ਬਕਾਨੂੰ ਰਾਮ, ਅਸ਼ੋਕ ਕੁਮਾਰ, ਚੰਨਣ ਸਿੰਘ, ਯਸ਼ਪਾਲ, ਪਵਨ ਕੁਮਾਰ, ਸ਼ਸੀ ਕੁਮਾਰ, ਰਜਿੰਦਰ ਕੁਮਾਰ, ਸੁਰਿੰਦਰ ਸਿੰਘ, ਡਾਕਟਰ ਐਸ ਪੀ ਸੰਧੂ, ਸਤੀਸ ਕੁਮਾਰ, ਨਰਿੰਦਰ ਸਿੰਘ ਆਦਿ ਹਾਜਰ ਸਨ।



**– ਕੁਲਦੀਪ ਚੰਦ 9417563054**


# ਸ਼ਰਧਾਂਜਲੀ : ਸਿੱਖ ਕੌਮ ਦੇ ਵਿਦਵਾਨ ਸਨ ਪਾਲ ਸਿੰਘ ਪੁਰੇਵਾਲ

## ਹਿਜਰੀ ਕੈਲੰਡਰ ਅਤੇ ਪੰਜ ਸੌ ਸਾਲਾ ਜੰਤਰੀ ਤੋਂ ਨਾਨਕਸ਼ਾਹੀ ਕੈਲੰਡਰ ਤੱਕ ਦਾ ਸਫ਼ਰ

**ਡਾ ਗੁਰਵਿੰਦਰ ਸਿੰਘ**


ਨਾਨਕਸ਼ਾਹੀ ਕੈਲੰਡਰ ਤਿਆਰ ਕਰਨ ਵਾਲੇ ਸ ਪਾਲ ਸਿੰਘ ਪੁਰੇਵਾਲ 22 ਸਤੰਬਰ 2022 ਦਿਨ ਵੀਰਵਾਰ, ਸਵੇਰੇ ਦੇ ਸਮੇਂ ਐਡਮਿੰਟਨ ਸ਼ਹਿਰ ਵਿਖੇ ਅਕਾਲ ਚਲਾਣਾ ਕਰ ਗਏ ਹਨ। ਆਪ ਦੀ ਉਮਰ 90 ਸਾਲ ਦੇ ਕਰੀਬ ਸੀ ਅਤੇ ਪਿਛਲੇ ਕੁਝ ਦਿਨਾਂ ਤੋਂ ਹਸਪਤਾਲ ਵਿੱਚ ਦਾਖ਼ਲ ਸਨ। ਪਰਿਵਾਰਕ ਸੂਤਰਾਂ ਅਨੁਸਾਰ ਵੀਰਵਾਰ ਸਵੇਰੇ 1130 ਵਜੇ ਦੇ ਕਰੀਬ ਭਾਈ ਸਾਹਿਬ ਨੇ ਆਖ਼ਰੀ ਸੁਆਸ ਲਏ। ਪੰਜਾਬ ਦੀ ਜ਼ਿਲ੍ਹਾ ਜਲੰਧਰ ਨਾਲ ਸਬੰਧਤ ਪਿੰਡ ਸ਼ੰਕਰ (ਸ਼ੰਕਰ ਸ਼ਰੀਂਹ) ਵਿਖੇ ਆਪ ਦਾ ਜਨਮ 23 ਨਵੰਬਰ 1932 ਵਿੱਚ ਹੋਇਆ। ਪੰਜਾਬ 'ਚ ਵੱਖ- ਵੱਖ ਸੇਵਾਵਾਂ ਨਿਭਾਉਣ ਤੋਂ ਮਗਰੋਂ ਆਪ ਪਹਿਲਾਂ 1965 ਈਸਵੀ ਵਿਚ ਇੰਗਲੈਂਡ ਅਤੇ ਮਗਰੋਂ 1974 ਵਿਚ ਆ ਵਸੇ, ਜਿਥੇ ਅਧਿਆਪਨ ਅਤੇ ਇੰਜਨੀਅਰਿੰਗ ਖੇਤਰ ਵਿੱਚ ਲੰਮਾ ਸਮਾਂ ਸੇਵਾਵਾਂ ਕੀਤੀਆਂ।

ਵਿੱਦਿਆ ਖੇਤਰ ਦੇ ਮਾਹਰ ਸ। ਪਾਲ ਸਿੰਘ ਪੁਰੇਵਾਲ ਪੰਜਾਬੀ, ਅੰਗਰੇਜ਼ੀ, ਸੰਸਕ੍ਰਿਤ ਅਤੇ ਫ਼ਾਰਸੀ ਦੇ ਗਿਆਤਾ ਸਨ, ਜਿਨ੍ਹਾਂ ਨੇ ਈਸਾਈ, ਹਿੰਦੂ ਅਤੇ ਮੁਸਲਿਮ ਧਰਮ ਗ੍ਰੰਥਾਂ ਦਾ ਅਧਿਐਨ ਕੀਤਾ ਅਤੇ ਉਨ੍ਹਾਂ ਦੇ ਵਿਸ਼ਲੇਸ਼ਣ ਮਗਰੋਂ ਕੈਲੰਡਰ ਤਿਆਰ ਕੀਤੇ। ਇਸ ਦੌਰਾਨ ਆਪ ਨੇ ਮੁਸਲਿਮ ਭਾਈਚਾਰੇ ਦੀ ਮੰਗ 'ਤੇ ਹਿਜਰੀ ਕੈਲੰਡਰ ਤਿਆਰ ਕੀਤਾ, ਜੋ ਕਿ ਪਾਕਿਸਤਾਨ ਵਿਖੇ ਪੰਜਾਬ ਦੇ ਗਵਰਨਰ ਵੱਲੋਂ ਵੱਡੇ ਸਮਾਗਮ ਦੌਰਾਨ ਰਿਲੀਜ਼ ਕੀਤਾ ਗਿਆ। ਆਪ ਨੂੰ ਹਿਜਰੀ ਕੈਲੰਡਰ ਤਿਆਰ ਕਰਨ ਲਈ ਪਾਕਿਸਤਾਨ ਵਿੱਚ 'ਲਾਈਫ ਟਾਈਮ ਅਚੀਵਮੈਂਟ ਅਵਾਰਡ" ਭਾਵ ਜੀਵਨ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨ ਦਿੱਤਾ ਗਿਆ। ਸੰਨ 1994 ਵਿਚ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਮੰਗ ਤੇ ਆਪ ਵੱਲੋਂ ਪੰਜ ਸੌ ਸਾਲਾ ਜੰਤਰੀ ਤਿਆਰ ਕੀਤੀ ਗਈ।




ਸ। ਪਾਲ ਸਿੰਘ ਪੁਰੇਵਾਲ ਵੱਲੋਂ ਘਾਲਣਾ ਨਾਲ ਗਰਿਗੋਰੀਅਨ ਕੈਲੰਡਰ ਵਾਂਗ ਸੂਰਜ ਦੇ ਦੁਆਲੇ ਧਰਤੀ ਦੇ ਗੇੜੇ ਨੂੰ ਆਧਾਰ ਬਣਾ ਕੇ ਨਾਨਕਸ਼ਾਹੀ ਕੈਲੰਡਰ ਦਾ ਨਿਰਮਾਣ ਕੀਤਾ ਗਿਆ। 1999 ਤਿੰਨ ਸੌ ਸਾਲਾ ਖਾਲਸਾ ਸਾਜਨਾ ਦਿਹਾੜੇ ਮੌਕੇ ਆਪ ਵੱਲੋਂ ਤਿਆਰ ਕੀਤਾ ਗਿਆ ਨਾਨਕਸ਼ਾਹੀ ਕੈਲੰਡਰ ਅਕਾਲ ਤਖ਼ਤ ਨੂੰ ਪ੍ਰਵਾਨ ਕੀਤਾ ਗਿਆ, ਪਰ ਇਸ ਦੇ ਬਾਵਜੂਦ ਸਿੱਖ ਕੌਮ ਦੀ ਵੱਖਰੀ ਪਛਾਣ ਦੀ ਪ੍ਰਤੀਕ 'ਮੂਲ ਨਾਨਕਸ਼ਾਹੀ ਕੈਲੰਡਰ' ਲਾਗੂ ਕਰਨ ਮਗਰੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਹੀ ਫੈਸਲੇ ਤੋਂ ਪਿਛੇ ਹਟ ਕੇ, ਉਸ ਵਿੱਚ ਕਈ ਤਰ੍ਹਾਂ ਦੀਆਂ ਤਬਦੀਲੀਆਂ ਕਰ ਦਿੱਤੀਆਂ ਗਈਆਂ।

ਮੂਲ ਨਾਨਕਸ਼ਾਹੀ ਕੈਲੰਡਰ ਰੱਦ ਕਰਨ ਦੀ ਕਾਰਵਾਈ ਸ਼੍ਰੋਮਣੀ ਕਮੇਟੀ ਦੇ ਜਨਰਲ ਇਜਲਾਸ ਦੀ ਥਾਂ, ਵਿਸ਼ੇਸ਼ ਇਕੱਤਰਤਾ ਦੌਰਾਨ ਅਗਜੈਕਟਿਵ ਕਮੇਟੀ ਰਾਹੀਂ ਕੀਤੀ ਗਈ, ਜਿਸ ਦੇ ਬਾਰਾਂ ਮੈਂਬਰਾਂ ਚੋਂ ਚਾਰ ਮੈਂਬਰਾਂ ਨੇ ਇਸ ਦਾ ਵਿਰੋਧ ਵੀ ਕੀਤਾ, ਜਿਨ੍ਹਾਂ ਵਿਚ ਸ਼ਾਮਲ ਮੈਂਬਰਾਂ 'ਚੋਂ ਅੱਜ ਕੱਲ੍ਹ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਕਰਨੈਲ ਸਿੰਘ ਪੰਜੋਲੀ ਅਤੇ ਮੈਂਬਰ ਬੀਬੀ ਕਿਰਨਜੋਤ ਕੌਰ ਵੀ ਸ਼ਾਮਲ ਸਨ। 'ਉਨ੍ਹਾਂ ਅਨੁਸਾਰ' ਕੈਲੰਡਰ ਰੱਦ ਕਰਨ ਦਾ ਫ਼ੈਸਲਾ ਸੰਤ ਸਮਾਜ, ਡੇਰੇਦਾਰਾਂ, ਨਿਰਮਲਿਆਂ ਅਤੇ ਜੋਤਸ਼ੀਆਂ ਸਮੇਤ ਰਾਸ਼ਟਰੀ ਸੇਵਕ ਸੰਘ ਦੇ ਪ੍ਰਭਾਵ ਅਧੀਨ ਵੋਟ ਰਾਜਨੀਤੀ ਲਈ ਤਤਕਾਲੀ ਅਕਾਲੀ -ਭਾਜਪਾ ਸਰਕਾਰ ਦੇ ਗੱਠਜੋੜ ਦੀ ਸ਼ਹਿ 'ਤੇ ਲਿਆ ਗਿਆ, ਜੋ ਕਿ ਅਤਿ ਦੁਖਦਾਈ ਸੀ। ਇਉਂ ਸੂਰਜੀ ਕੈਲੰਡਰ ਅਨੁਸਾਰ ਸ। ਪੁਰੇਵਾਲ ਵਲੋਂ ਤਿਆਰ ਕੀਤੇ ਨਾਨਕਸ਼ਾਹੀ ਕੈਲੰਡਰ ਨੂੰ ਦਰਕਿਨਾਰ ਕਰਕੇ, ਮੁੜ ਚੰਦਰਮਾ ਕੈਲੰਡਰ ਮੁਤਾਬਕ ਬਿਕਰਮੀ ਕੈਲੰਡਰ ਦੀਆਂ ਤਾਰੀਖਾਂ ਸ਼੍ਰੋਮਣੀ




ਕਮੇਟੀ ਵੱਲੋਂ ਲਾਗੂ ਕਰ ਦਿੱਤੀਆਂ ਗਈਆਂ, ਪਰ ਗੁਮਰਾਹਕੁਨ ਤਰੀਕੇ ਨਾਲ ਕੈਲੰਡਰ ਦਾ ਨਾਂ 'ਨਾਨਕਸ਼ਾਹੀ ਕੈਲੰਡਰ' ਹੀ ਰੱਖਿਆ ਗਿਆ, ਜੋ ਕਿ ਭਾਈ ਪਾਲ ਸਿੰਘ ਪੁਰੇਵਾਲ ਨੇ ਦਿੱਤਾ ਸੀ।

ਇਸ ਸੱਚਾਈ ਨੂੰ ਬਿਆਨ ਕਰਦੀ ਸ।ਪਾਲ ਸਿੰਘ ਪੁਰੇਵਾਲ ਦੀ ਨਵੀਂ ਕਿਤਾਬ 'ਨਾਨਕਸ਼ਾਹੀ ਕੈਲੰਡਰ' ਹਾਲ ਹੀ ਵਿੱਚ ਛਪੀ ਹੈ, ਜੋ ਕਿ ਅੱਜ ਸਰੀ ਵਿਚ ਰਿਲੀਜ਼ ਹੋਣੀ ਹੈ। ਇਹ ਕਿਤਾਬ ਅੰਗਰੇਜ਼ੀ ਵਿੱਚ ਪ੍ਰਕਾਸ਼ਤ ਕੀਤੀ ਗਈ ਹੈ ਅਤੇ ਇਸ ਵਿੱਚ ਨਾਨਕਸ਼ਾਹੀ ਕੈਲੰਡਰ ਬਾਰੇ ਅਹਿਮ ਖੁਲਾਸੇ ਕੀਤੇ ਗਏ ਹਨ। ਉਨ੍ਹਾਂ ਦੇ ਜਿਊਂਦੇ ਜੀਅ, ਨਾਨਕਸ਼ਾਹੀ ਕੈਲੰਡਰ ਨੂੰ ਸਤਿਕਾਰ ਦੇ ਕੇ ਲਾਗੂ ਕੀਤੇ ਜਾਣਾ ਬਣਦਾ ਸੀ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਮੂਲ ਨਾਨਕਸ਼ਾਹੀ ਕੈਲੰਡਰ ਨੂੰ ਅਜੇ ਤਕ ਮੁਕੰਮਲ ਰੂਪ ਵਿੱਚ ਮਾਨਤਾ ਨਹੀਂ ਮਿਲੀ।

ਲੇਖਕ ਨੂੰ ਸੰਨ 2000 ਤੋਂ ਲੈ ਕੇ ਕਈ ਵਾਰ, ਸ। ਪੁਰੇਵਾਲ ਨਾਲ ਮੁਲਾਕਾਤ ਦਾ ਮੌਕਾ ਮਿਲਿਆ, ਜਿਨ੍ਹਾਂ ਹਮੇਸ਼ਾਂ ਹੀ ਇਸ ਗੱਲ 'ਤੇ ਦੁੱਖ ਪ੍ਰਗਟਾਇਆ ਕਿ ਸਿੱਖਾਂ ਵਿੱਚ ਧਰਮ ਦੇ ਉੱਪਰ ਸਿਆਸਤ ਭਾਰੂ ਹੋ ਚੁੱਕੀ ਹੈ, ਜਿਸ ਕਾਰਨ ਸਹੀ ਫ਼ੈਸਲੇ ਲੈਣ ਦੀ ਥਾਂ, ਸਿਆਸੀ ਹਿੱਤਾਂ ਨੂੰ ਹੀ ਵੇਖਿਆ ਜਾਂਦਾ ਹੈ। ਸਿੱਖ ਵਿਦਵਾਨ ਭਾਈ ਪੁਰੇਵਾਲ ਨੇ ਚਲਾਣੇ ਤੋਂ ਕੁਝ ਦਿਨ ਪਹਿਲਾਂ ਬੇਬਾਕੀ ਨਾਲ ਇਹ ਗੱਲ ਨਜ਼ਦੀਕੀਆਂ ਨੂੰ ਕਹੀ ਸੀ ਕਿ ਚਾਹੇ ਉਨ੍ਹਾਂ ਦੇ ਜਿਊਂਦੇ ਜੀਅ ਅਤੇ ਚਾਹੇ ਉਨ੍ਹਾਂ ਦੀ ਮੌਤ ਮਗਰੋਂ ਹੀ ਸਹੀ, ਪਰ ਇੱਕ ਦਿਨ ਸਿੱਖ ਕੌਮ ਨੂੰ ਨਾਨਕਸ਼ਾਹੀ ਕੈਲੰਡਰ ਮੁਕੰਮਲ ਰੂਪ 'ਚ ਕਰਨਾ ਹੀ ਪਵੇਗਾ, ਉਹ ਚਾਹੇ ਅੱਜ ਕਰ ਲੈਣ ਜਾਂ ਕੱਲ ਕਰ ਲੈਣ। ਵੇਖਣਾ ਇਹ ਹੈ ਕਿ ਸ ਪਾਲ ਸਿੰਘ ਪੁਰੇਵਾਲ ਦਾ ਇਹ ਕਥਨ ਕਦੋਂ ਸੱਚ ਹੁੰਦਾ ਹੈ।

ਸ। ਪਾਲ ਸਿੰਘ ਪੁਰੇਵਾਲ ਦਾ ਅੰਤਿਮ ਸੰਸਕਾਰ ਦਿਨ ਮੰਗਲਵਾਰ 27 ਸਤੰਬਰ ਦਪਿਹਰ 1 ਵਜੇ 6403 ਰੋਪੜ "623 76 ਵਿਖੇ ਹੋਵੇਗਾ। ਸਸਕਾਰ ਤੋਂ ਉਪਰੰਤ ਪਾਠ ਦੇ ਭੋਗ ਅਤੇ ਅਰਦਾਸ ਉਸੇ ਦਿਨ ਬਅਦ ਦੁਪਹਿਰ 3 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, 4504 ਮਿਲਵੁੱਡਜ਼ ਰੋਡ ਸਾਊਥ, ਐਡਮਿੰਟਨ ਵਿਖੇ ਹੋਵੇਗੀ। ਇਸ ਦੌਰਾਨ ਕੈਨੇਡੀਅਨ ਸਿੱਖ ਸਟੱਡੀਜ਼ ਐਂਡ ਟੀਚਿੰਗ ਸੁਸਾਇਟੀ ਸਮਸਤ ਬੀਸੀ ਦੀਆਂ ਸਿੱਖ ਸੰਸਥਾਵਾਂ ਵੱਲੋਂ ਸਰੀ ਸਖਿਤ ਯਾਰਕ ਸੈਂਟਰ ਵਿਖੇ ਸ ਪਾਲ ਸਿੰਘ ਪੁਰੇਵਾਲ ਨੂੰ ਅੱਜ ਸ਼ਰਧਾਂਜਲੀ ਭੇਟ ਕੀਤੀ ਜਾਏਗੀ ਅਤੇ ਉਨ੍ਹਾਂ ਦੀ ਲਿਖੀ ਕਿਤਾਬ ਲੋਕ ਅਰਪਣ ਕੀਤੀ ਜਾਏਗੀ। ਇਸ ਮੌਕੇ 'ਤੇ ਕਿਤਾਬ ਰਿਲੀਜ਼ ਸਮਾਰੋਹ ਦੀ ਅਗਵਾਈ ਡਾ ਬਲਵੰਤ ਸਿੰਘ ਢਿੱਲੋਂ ਕਰਨਗੇ, ਜੋ ਕਿ ਪਾਲ ਸਿੰਘ ਪੁਰੇਵਾਲ ਹੁਰਾਂ ਦੇ ਨਜ਼ਦੀਕੀਆਂ ਵਿੱਚੋਂ ਇੱਕ ਸਨ।

# ਖ਼ਾਲਸਾ ਕਾਲਜ ਡੁਮੇਲੀ ਦੇ ਐਥਲੀਟਾਂ ਨੇ 'ਖੇਡਾਂ ਵਤਨ ਪੰਜਾਬ ਦੀਆਂ' ਵਿਚ ਰਾਜ ਪੱਧਰ 'ਤੇ ਖੇਡਣ ਲਈ ਬਣਾਇਆ ਸਥਾਨ

## ਪ੍ਰਿੰਸੀਪਲ ਡਾ ਰਸੂਲਪੁਰ ਨੇ ਵਿਦਿਆਰਥੀਆਂ ਨੂੰ ਸ਼ਾਨਦਾਰ ਲਈ ਪ੍ਰਦਰਸ਼ਨ ਦਿੱਤੀਆਂ ਸ਼ੁਭਕਾਮਨਾਵਾਂ

**ਫਗਵਾੜਾ 26 ਸਤੰਬਰ (ਬੀਕੇ ਰੱਤੂ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਚੱਲ ਰਹੇ ਵਿਦਿਅਕ ਅਦਾਰੇ ਸੰਤ ਬਾਬਾ ਦਲੀਪ ਸਿੰਘ ਮੈਮੋਰੀਅਲ ਖ਼ਾਲਸਾ ਕਾਲਜ ਡੁਮੇਲੀ ਦੇ ਲੜਕੇ ਅਤੇ ਲੜਕੀਆਂ ਦੀਆਂ ਟੀਮਾਂ ਦੁਆਰਾ ਪੰਜਾਬ ਖੇਡ ਮੇਲਾ 2022 ਵੱਲੋਂ ਕਰਵਾਈਆਂ ਗਈਆਂ ਬਲਾਕ ਪੱਧਰ ਦੀਆਂ ਖੇਡਾਂ ਵਿੱਚੋਂ ਜਿੱਤ ਹਾਸਿਲ ਕਰਨ ਉਪਰੰਤ ਜਿਲ੍ਹਾ ਪੱਧਰ ਦੀਆਂ ਖੇਡਾਂ ਐਥਲੈਟਿਕਸ ਵਿਚ ਭਾਗ ਲਿਆ ਗਿਆ। ਇਹਨਾਂ ਖੇਡਾਂ ਵਿਚ ਕਾਲਜ ਦੀਆਂ ਵਿਦਿਅਰਥਣਾਂ ਰਣਦੀਪ ਕੌਰ ਦੁਆਰਾ 1500 ਮੀਟਰ ਦੌੜ੍ਹ ਅੰਡਰ-21 ਵਿਚ ਪਹਿਲਾ ਸਥਾਨ, ਉਮਰ ਵਰਗ 21-40 ਵਿਚ ਪਰਵੀਨ ਕੌਰ ਦੁਆਰਾ 400 ਮੀਟਰ ਦੌੜ ਵਿਚ ਦੂਸਰਾ ਸਥਾਨ, ਸੁਨੈਨਾ ਦੁਆਰਾ 100 ਮੀਟਰ ਵਿਚ ਪਹਿਲਾ ਸਥਾਨ, ਪਲਵੀ ਦੁਆਰਾ 800 ਮੀਟਰ ਦੂਸਰਾ ਸਥਾਨ, ਅਤੇ ਕਾਲਜ ਦਾ ਵਿਦਆਰਥੀ ਅੰਗਰੇਜ਼ ਸਿੰਘ



ਦੁਆਰਾ 400 ਮੀਟਰ ਦੌੜ੍ਹ ਵਿਚ ਦੂਸਰਾ ਸਥਾਨ ਹਾਸਿਲ ਕਰਕੇ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਕੇ ਰਾਜ ਪੱਧਰ ਦੀਆਂ ਖੇਡਾਂ ਲਈ ਆਪਣਾ ਸਥਾਨ ਬਣਾਇਆ।ਇਸ ਮੌਕੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ। ਰਮਨਪ੍ਰੀਤ ਸਿੰਘ ਦੁਆਰਾ ਕਿਹਾ ਗਿਆ ਕਿ ਇਹ ਜਿੱਤ ਪ੍ਰਾਪਤ ਕਰਨਾ ਕਾਲਜ ਪ੍ਰਿੰਸੀਪਲ ਸਾਹਿਬ ਵੱਲੋਂ ਵਿਦਿਆਰਥੀਆਂ ਨੂੰ ਦਿੱਤੇ ਗਏ ਮੌਕਿਆਂ ਸਦਕਾ ਅਤੇ ਟੀਮ ਮੈਂਬਰਾਂ ਦੁਆਰਾ ਦਿਨ ਰਾਤ ਮਿਹਨਤ ਸਦਕਾ ਹੀ ਹੈ।ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ ਗੁਰਨਾਮ ਸਿੰਘ ਰਸੂਲਪੁਰ ਦੁਆਰਾ ਵਿਦਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ ਅਤੇ ਵਿਦਿਆਰਥੀਆਂ ਦੀ ਹੌਂਸਲਾ-ਅਫ਼ਜਾਈ ਕਰਦੇ ਹੋਏ ਵਿਦਿਆਰਥੀਆਂ ਨੂੰ ਅਜਿਹੇ ਮੌਕਿਆਂ ਵਿਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਗਿਆ।ਇਸ ਮੌਕੇ ਸਮੂਹ ਕਾਲਜ ਸਟਾਫ਼ ਮੈਂਬਰ ਅਤੇ ਵਿਦਿਆਰਥੀ ਵੀ ਹਾਜ਼ਰ ਸਨ।

# ਮੀਰਾਪੁਰ ਦੇ ਨੌਜਵਾਨ ਦੀ ਲੇਬਨਾਨ ਤੋਂ ਸੁਰੱਖਿਅਤ ਵਾਪਸੀ ਲਈ ਜੋਗਿੰਦਰ ਸਿੰਘ ਮਾਨ ਨੇ ਕੇਂਦਰੀ ਮੰਤਰੀ ਨੂੰ ਦਿੱਤਾ ਮੰਗ ਪੱਤਰ

## ਕੇਂਦਰ ਸਰਕਾਰ ਨੌਜਵਾਨ ਨੂੰ ਘਰ ਵਾਪਸ ਲਿਆਉਣ ਲਈ ਹਰ ਸੰਭਵ ਉਪਰਾਲਾ ਕਰੇਗੀ - ਕੈਂਥ

**ਫਗਵਾੜਾ 26 ਸਤੰਬਰ (ਬੀਕੇ ਰੱਤੂ)-** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਹਲਕਾ ਫਗਵਾੜਾ ਦੇ ਇੰਚਾਰਜ ਜੋਗਿੰਦਰ ਸਿੰਘ ਮਾਨ ਨੇ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਕੈਂਥ ਨਾਲ ਉਨ੍ਹਾਂ ਦੇ ਗ੍ਰਹਿ ਵਿਖੇ ਮੁਲਾਕਾਤ ਕੀਤੀ। ਇਸ ਦੌਰਾਨ ਸ। ਮਾਨ ਨੇ ਉਨ੍ਹਾਂ ਨੂੰ ਮੰਗ ਪੱਤਰ ਦਿੰਦਿਆਂ ਪਿੰਡ ਮੀਰਾਪੁਰ ਦੇ ਦਵਿੰਦਰ ਸਿੰਘ ਨਾਂ ਦੇ ਨੌਜਵਾਨ ਦੀ ਲੇਬਨਾਨ ਤੋਂ ਸੁਰੱਖਿਅਤ ਵਾਪਸੀ ਯਕੀਨੀ ਬਣਾਉਣ ਦੀ ਮੰਗ ਕੀਤੀ। ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਕੇਂਦਰ ਸਰਕਾਰ ਇਸ ਨੌਜਵਾਨ ਨੂੰ ਸਹੀ ਸਲਾਮਤ ਘਰ ਵਾਪਸ ਲਿਆਉਣ ਦਾ ਹਰ ਸੰਭਵ ਉਪਰਾਲਾ ਕਰੇਗੀ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਜੋਗਿੰਦਰ ਸਿੰਘ ਮਾਨ ਨੇ ਦੱਸਿਆ ਕਿ ਦਵਿੰਦਰ ਸਿੰਘ ਨਾਮਕ ਉਕਤ ਨੌਜਵਾਨ ਦੇ ਪਰਿਵਾਰ ਨੇ ਉਨ੍ਹਾਂ ਨੂੰ ਅਪੀਲ ਕੀਤੀ ਸੀ ਕਿ ਉਨ੍ਹਾਂ ਦਾ ਲੜਕਾ ਕਰੀਬ 5 ਸਾਲ ਪਹਿਲਾਂ ਰੋਜ਼ੀ ਰੋਟੀ ਕਮਾਉਣ ਲਈ ਲੇਬਨਾਨ ਗਿਆ ਸੀ ਪਰ ਕੋਵਿਡ-19 ਕਾਰਨ ਉਸਦਾ ਰੁਜ਼ਗਾਰ ਖ਼ਤਰੇ ਵਿੱਚ ਸੀ ਅਤੇ ਪਿੱਛੇ ਮਾਪਿਆਂ ਦਾ ਗੁਜਾਰਾ ਵੀ ਮੁਸ਼ਕਲ ਹੋ ਗਿਆ ਸੀ। ਪਰਿਵਾਰ ਦੀ ਖ਼ਾਤਰ ਉਸ ਨੇ ਆਪਣੇ ਮਾਲਕਾਂ ਨੂੰ ਦੱਸੇ



ਬਿਨਾਂ ਕਿਤੇ ਹੋਰ ਕੰਮ ਕਰਨਾ ਸ਼ੁਰੂ ਕਰ ਦਿੱਤਾ। ਹੁਣ ਉਹ ਬਿਮਾਰ ਹੈ, ਪਰ ਜਿਸ ਕੰਪਨੀ ਤੋਂ ਉਸ ਨੇ ਬਿਨਾਂ ਦੱਸੇ ਨੌਕਰੀ ਛੱਡ ਦਿੱਤੀ ਸੀ, ਉਸ ਦਾ ਪਾਸਪੋਰਟ ਉੱਥੇ ਹੀ ਹੈ ਅਤੇ ਪੁਰਾਣੇ ਮਾਲਕ ਪਾਸਪੋਰਟ ਵਾਪਸ ਨਹੀਂ ਕਰ ਰਹੇ, ਜਿਸ ਕਰਕੇ ਉਹ ਆਪਣੇ ਵਤਨ ਪਰਤਣ ਦੇ ਯੋਗ ਨਹੀਂ ਹੈ।

ਮਾਨ ਨੇ ਦੱਸਿਆ ਕਿ ਇਸ ਪਰਿਵਾਰ ਦੀ ਆਰਥਿਕ ਹਾਲਤ ਬਹੁਤ ਮਾੜੀ ਹੈ, ਇਸ ਲਈ ਉਹਨਾਂ ਦਾ ਪੁੱਤਰ ਹੀ ਜਾਇਦਾਦ ਹੈ। ਜਿਸ ਕਾਰਨ ਅੱਜ ਉਨ੍ਹਾਂ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਨੂੰ ਮੰਗ ਪੱਤਰ ਦੇ ਕੇ ਇਸ ਪਰਿਵਾਰ ਦੇ ਬੱਚੇ ਦੀ ਸੁਰੱਖਿਅਤ ਵਾਪਸੀ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ। ਇਸ ਦੌਰਾਨ ਉਨ੍ਹਾਂ ਨਾਲ ਦਲਜੀਤ ਸਿੰਘ ਰਾਜੂ ਸਮੇਤ 'ਆਪ' ਦੇ ਹੋਰ ਆਗੂ ਵੀ ਹਾਜਰ ਸਨ।

ਪਠਾਨਕੋਟ ਖਬਰਨਾਮਾ / - ਰਾਜਿੰਦਰ ਸਿੰਘ ਪਠਾਨਕੋਟ

# 30 ਲੱਖ ਰੁਪਏ ਦੀ ਲਾਗਤ ਨਾਲ ਮਹਾਰਾਜਾ ਰਣਜੀਤ ਸਿੰਘ ਲਾਈਬ੍ਰੇਰੀ ਦੀ ਕੀਤੀ ਜਾਵੇਗੀ ਕਾਇਆਕਲਪ-ਸ੍ਰੀ ਲਾਲ ਚੰਦ ਕਟਾਰੂਚੱਕ

**ਪਠਾਨਕੋਟ–** ਜਿਲ੍ਹਾ ਪਠਾਨਕੋਟ ਵਿੱਚ ਸਿਮਲਾ ਪਹਾੜੀ ਸਥਿਤ ਮਹਾਰਾਜਾ ਰਣਜੀਤ ਸਿੰਘ ਲਾਈਬ੍ਰੇਰੀ ਤੇ 30 ਲੱਖ ਰੁਪਏ ਖਰਚ ਕਰਕੇ ਕਾਇਆ ਕਲਪ ਕੀਤੀ ਜਾਵੇਗੀ, ਲਾਈਬ੍ਰੇਰੀ ਦੀ ਹਾਲਤ ਚੋਂ ਸੁਧਾਰ ਕੀਤਾ ਜਾਵੇਗਾ ਤਾਂ ਜੋ ਲੋਕਾਂ ਨੂੰ ਇੱਕ ਵਧੀਆ ਸਹੂਲਤ ਮਿਲ ਸਕੇ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਨਗਰ ਨਿਗਮ ਪਠਾਨਕੋਟ ਵਿਖੇ ਵਿਸੇਸ ਦੋਰੇ ਦੋਰਾਨ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ, ਵਿਭੂਤੀ ਸਰਮਾ ਚੇਅਰਮੈਨ ਪੀ।ਟੀ।ਡੀ।ਸੀ।, ਪੰਨਾ ਲਾਲ ਭਾਟੀਆ ਮੇਅਰ ਨਗਰ ਨਿਗਮ ਪਠਾਨਕੋਟ, ਰੋਹਿਤ ਸਿਆਲ ਜਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਮਨੋਹਰ ਠਾਕੁਰ ਚੇਅਰਮੈਨ ਨਗਰ ਸੁਧਾਰ ਟਰੱਸਟ ਪਠਾਨਕੋਟ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜਰ ਸਨ। ਇਸ ਮੋਕੇ ਤੇ ਸ੍ਰੀ ਪੰਨਾ ਲਾਲ ਭਾਟੀਆ ਮੇਅਰ ਨਗਰ ਨਿਗਮ ਪਠਾਨਕੋਟ ਵੱਲੋਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਦਾ ਫੁੱਲਾਂ ਦਾ ਗੁਲਦ–ਸਤਾ ਭੇਂਟ ਕਰਕੇ ਸਵਾਗਤ ਕੀਤਾ। ਨਗਰ ਨਿਗਮ ਅਧਿਕਾਰੀਆਂ ਨਾਲ ਗੱਲਬਾਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਲਾਈਬ੍ਰੇਰੀ ਜਿਲ੍ਹਾ ਪਠਾਨਕੋਟ ਦੀ ਸਭ ਤੋਂ ਪੁਰਾਣੀ ਲਾਈਬ੍ਰੇਰੀ ਹੈ ਅਤੇ ਅੱਜ ਵੀ ਕਿਤਾਬਾਂ ਪੜਨ ਦੇ ਦੀ–ਵਾਨੇ ਅਕਸਰ ਲਾਈਬ੍ਰੇਰੀ ਵਿੱਚ ਆਉਂਦੇ ਹਨ। ਲਾਈਬ੍ਰੇਰੀ ਦੀ ਹਾਲਤ ਨੂੰ ਦੇਖਦਿਆਂ ਹੋਇਆ ਇਹ ਫੈਂਸਲਾ ਕੀਤਾ ਗਿਆ ਹੈ ਕਿ 30 ਲੱਖ ਰੁਪਏ ਦੀ ਲਾਗਤ ਨਾਲ ਮਹਾਰਾਜਾ ਰਣਜੀਤ ਸਿੰਘ ਲਾਈਬ੍ਰੇਰੀ ਦੀ ਹਾਲਤ ਵਿੱਚ ਸੁਧਾਰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਦਾ ਪੂਰਨ ਤੋਰ ਤੇ ਵਿਕਾਸ ਕੀਤਾ ਜਾਵੇਗਾ ਅਤੇ ਜੋ ਵੀ ਸਮੱਸਿਆਵਾਂ ਹਨ ਉਨ੍ਹਾਂ ਨੂੰ ਪਹਿਲ ਦੇ ਅਧਾਰ ਤੇ ਹੱਲ ਕੀਤਾ ਜਾਵੇਗਾ।





ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸ। ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੀ ਯੋਗ ਅਗਵਾਈ ਵਿੱਚ ਲੋਕਾਂ ਨਾਲ ਕੀਤਾ ਹਰੇਕ ਵਾਅਦਾ ਪੂਰਾ ਕਰ ਰਹੀ ਹੈ । ਉਨ੍ਹਾਂ ਕਿਹਾ ਕਿ ਹੁਣ ਤੱਕ ਸਰਕਾਰ ਵੱਲੋਂ ਜੋ ਵੀ ਕਾਰਜ ਕੀਤੇ ਗਏ ਹਨ ਮਾਨਵਤਾ ਦੀ ਸੇਵਾ ਲਈ ਕੀਤੇ ਗਏ ਹਨ ਜਨ ਭਲਾਈ ਲਈ ਕੀਤੇ ਗਏ ਹਨ ਤਾਂ ਜੋ ਲੋਕਾਂ ਨਾਲ ਜੋ ਵੀ ਵਾਅਦੇ ਕੀਤੇ ਹਨ ਉਹ ਪੂਰੇ ਕੀਤੇ ਜਾ ਸਕਣ।

ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਸ੍ਰੀ ਲਾਲ ਚੰਦ ਕਟਾਰੂਚੱਕ ਦਾ ਧੰਨਵਾਦ ਕਰਦਿਆਂ ਮੇਅਰ ਸ੍ਰੀ ਪੰਨਾ ਲਾਲ ਭਾਟੀਆਂ ਨੇ ਕਿਹਾ ਕਿ ਅਸੀਂ ਬਹੁਤ ਧੰਨਵਾਦੀ ਹਾਂ ਕਿ ਕੈਬਨਿਟ ਮੰਤਰੀ ਪੰਜਾਬ ਨੇ ਨਗਰ ਨਿਗਮ ਪਠਾਨਕੋਟ ਦੇ ਵਿਕਾਸ ਕਾਰਜਾਂ ਦੇ ਲਈ ਹਰ ਤਰ੍ਹਾਂ ਦਾ ਸਹਿਯੋਗ ਦੇ ਲਈ ਭਰੋਸਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਲਾਈਬ੍ਰੇਰੀ ਦੀ ਕਾਇਆਕਲਪ ਕਰਨ ਲਈ ਦਿੱਤੇ 30 ਲੱਖ ਰੁਪਏ ਦੇ ਸਹਿਯੋਗ ਲਈ ਵੀ ਧੰਨਵਾਦੀ ਹਨ। ਉਨ੍ਹਾਂ ਇਸ ਮੋਕੇ ਤੇ ਹਾਜਰ ਹੋਰ ਵੀ ਅਧਿਕਾਰੀਆਂ ਅਤੇ ਪਾਰਟੀ ਕਾਰਜ ਕਰਤਾਵਾਂ ਦਾ ਧੰਨਵਾਦ ਕੀਤਾ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੀਰਥਲ ਦੀ ਟੀਮ ਨੇ ਅੰਡਰ-17 ਜ਼ਿਲ੍ਹਾ ਪੱਧਰੀ ਵਾਲੀਵਾਲ ਮੁਕਾਬਲਿਆਂ ਵਿੱਚ ਜਿੱਤਿਆ ਗੋਲਡ ਮੈਡਲ





**ਪਠਾਨਕੋਟ**–ਵਿਦਿਆਰਥੀ ਜੀਵਨ ਵਿੱਚ ਅਕਾਦਮਿਕ ਪੜ੍ਹਾਈ ਦੇ ਨਾਲ–ਨਾਲ ਸੱਭਿਆਚਾਰਕ ਤੇ ਖੇਡ ਸਰਗਰਮੀਆਂ ਦਾ ਆਪਣਾ ਮਹੱਤਵਪੂਰਨ ਸਥਾਨ ਹੈ। ਪੜ੍ਹਾਈ ਦੇ ਨਾਲ ਖੇਡਾਂ ਵਿਦਿਆਰਥੀਆਂ ਜੀਵਨ ਵਿਚ ਆਪਣਾ ਅਹਿਮ ਕਿਰਦਾਰ ਨਿਭਾਉਂਦੀਆਂ ਹਨ। ਖੇਡਾਂ ਵਿਦਿਆਰਥੀਆਂ ਅੰਦਰ ਨੈਤਿਕ ਗੁਣਾਂ, ਜਿਵੇਂ ਸਹਿਣਸ਼ੀਲਤਾ, ਅਨੁਸ਼ਾਸਨ, ਸਦਾਚਾਰ, ਜਿੱਤਣ ਦੀ ਤਾਂਘ, ਆਪਸੀ ਪ੍ਰੇਮ ਪਿਆਰ, ਇਕਜੁੱਟਤਾ, ਸਬਰ ਆਦਿ ਕੁੱਟ–ਕੁੱਟ ਕੇ ਭਰਦੀਆਂ ਹਨ। ਖਿਡਾਰੀ ਕਿਸੇ ਵੀ ਦੇਸ਼ ਜਾਂ ਕੌਮ ਦੇ ਕੀਮਤੀ ਗਹਿਣੇ ਹੁੰਦੇ ਹਨ। ਜਦੋਂ ਉਹ ਆਪਣੀ ਖੇਡ ਜ਼ਰੀਏ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਜਿੱਤ ਦੇ ਝੰਡੇ ਗੱਡਦੇ ਹਨ ਤਾਂ ਸਮੁੱਚੇ ਦੇਸ਼–ਵਾਸੀਆਂ ਦਾ ਸੀਨਾ ਚੌੜਾ ਹੋ ਜਾਂਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸ਼ਹੀਦ ਫੌਜੀ ਹਵਾਲਦਾਰ ਜਵਾਹਰ ਲਾਲ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੀਰਥਲ ਦੇ ਪ੍ਰਿੰਸੀਪਲ ਸੁਰੇਸ਼ ਸੈਣੀ ਨੇ ਜ਼ਿਲ੍ਹਾ ਪੱਧਰੀ ਵਾਲੀਵਾਲ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਹਾਸਲ ਕਰ ਗੋਲਡ ਮੈਡਲ ਜਿੱਤਣ ਵਾਲੇ ਸਕੂਲ ਦੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਕੀਤਾ। ਇਸ ਮੌਕੇ ਪ੍ਰਿੰਸੀਪਲ ਸੁਰੇਸ਼ ਸੈਣੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕੂਲ ਦੀ ਅੰਡਰ –17 ਵਾਲੀਵਾਲ ਟੀਮ ਨੇ ਪਹਿਲਾ ਬਲਾਕ ਪੱਧਰੀ ਮੁਕਾਬਲੇ ਵਿੱਚ ਪਹਿਲਾਂ ਸਥਾਨ ਹਾਸਲ ਕੀਤਾ ਸੀ ਅਤੇ ਹੁਣ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕਰ ਗੋਲਡ ਮੈਡਲ ਤੇ ਕਬਜ਼ਾ ਕੀਤਾ ਹੈ ਅਤੇ ਇਨ੍ਹਾਂ ਖਿਡਾਰੀਆਂ ਵਿੱਚੋਂ ਪੰਜ ਖਿਡਾਰੀ ਰਾਜ ਪੱਧਰੀ ਅੰਤਰ ਜ਼ਿਲ੍ਹਾ ਮੁਕਾਬਲਿਆਂ ਵਿੱਚ ਭਾਗ ਲੈਣਗੇ। ਸਕੂਲ ਸਟਾਫ਼ ਵੱਲੋਂ ਜਿਥੇ ਸਕੂਲ ਦਾ ਨਾਂ ਰੌਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਸਨਮਾਨ ਚਿੰਨ੍ਹ ਨਾਲ ਸਨ–ਮਾਨਿਤ ਕੀਤਾ ਗਿਆ ਉਥੇ ਹੀ ਇਨ੍ਹਾਂ ਖਿਡਾਰੀਆਂ ਨੂੰ ਇਸ ਮੁਕਾਮ ਤੱਕ ਲੈਕੇ ਜਾਣ ਲਈ ਤਿਆਰੀ ਕਰਵਾਉਣ ਵਾਲੇ ਅਧਿਆਪਕ ਰਵੀਨ ਕਮਲ ਅਤੇ ਰਾਮ ਕਿਸ਼ੋਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਤੇ ਲੈਕਚਰਾਰ ਵਿਮਲ ਕੁਮਾਰ, ਦਿਨੇਸ਼ ਕੁਮਾਰ, ਸਰਵਜੀਤ ਸਿੰਘ, ਨਰਿੰਦਰ ਸਿੰਘ, ਸੁਨੀਤਾ ਅੱਤਰੀ, ਪ੍ਰਭਜੀਤ, ਯਸ਼ੋਦਾ ਸ਼ਰਮਾ, ਰਵਿੰਦਰ ਸ਼ਰਮਾ, ਰਣਵੀਰ ਸਿੰਘ, ਜਤਿਨ, ਨਿਖਿਲ, ਗਗਨਦੀਪ, ਵਿਕਾਸ, ਮੋਹਿਤ ਆਦਿ ਹਾਜਰ ਸਨ।

# ਪਠਾਨਕੋਟ ਵਿੱਚ ਰਾਮ ਲੀਲਾ ਸ਼ੁਰੂ



**ਪਠਾਨਕੋਟ–** ਰਾਮ ਡ੍ਰਾਮਾ ਕਲੱਬ ਤਲਾਬ ਕਾਲੀ ਮਾਤਾ ਮੰਦਰ ਪਠਾਨਕੋਟ ਵੱਲੋਂ ਸ਼੍ਰੀ ਰਾਮ ਲੀਲਾ ਦੇ ਸਬੰਧ ਵਿੱਚ ਵਿਸ਼ੇਸ਼ ਬੈਠਕ ਕਲੱਬ ਦੇ ਡਾਇਰੇਕਟਰ ਪ੍ਰਦੀਪ ਮਹੇਂਦਰੂ ਅਤੇ ਪ੍ਰਧਾਨ ਸ਼ੰਮੀ ਚੌਧਰੀ ਦੀ ਪ੍ਰਧਾਨਗੀ ਹੇਠ ਹੋਈ। ਇਸ ਮੌਕੇ ਆਗੂਆ ਦੱਸਿਆ ਕਿ 26 ਤਰੀਕ ਦੁਪਹਿਰ 1 ਵਜੇ ਮੰਚ ਪੂਜਨ ਅਤੇ ਝੰਡਾ ਪੂਜਨ ਦੀ ਰਸਮ ਅਦਾ ਕਰਕੇ ਰਾਤ 9 ਵਜੇ ਸ਼੍ਰੀ ਰਾਮ ਲੀਲਾ ਦੀ ਪਹਿਲੀ ਨਾਈਟ ਅਰੰਭ ਹੋਈ। ਰਾਮਾ ਡਰਾਮੇਟਿਕ ਕਲੱਬ ਵੱਲੋਂ ਸੰਗਤਾਂ ਨੂੰ ਰਾਤ 9 ਵਜੇ ਕਾਲੀ ਮਾਤਾ ਮੰਦਿਰ ਵਿਖੇ ਪਹੁੰਚਣ ਦੀ ਅਪੀਲ ਕੀਤੀ। ਉਨ੍ਹਾਂ ਸੰਗਤਾ ਨੂੰ ਅਪੀਲ ਕੀਤੀ ਕਿ ਆਪਣੇ ਸਾਰੇ–ਪਰਿਵਾਰ ਨਾਲ ਰਾਮ ਲੀਲਾ ਵਿੱਚ ਪੁੱਜ ਕੇ ਭਗਵਾਨ ਸ਼੍ਰੀ ਰਾਮਚੰਦਰ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ ਜਾਵੇ। ਇਸ ਮੌਕੇ ਵਿਨੈ ਜੋਸ਼ੀ, ਗਗਨਦੀਪ ਗੁੱਗੂ, ਵਿਕਰਮ ਪਾਲ, ਵਿਕਾਸ ਸ਼ਰਮਾ, ਮੁਨੀਸ਼ ਸ਼ਰਮਾ, ਜਯੰਤ ਨੰਦਾ, ਸ਼ਿਵਾਂਗ, ਮਾਨਵੀ ਬਸੀਨ, ਅਨੁਭਵ ਸ਼ਰਮਾ, ਆਸ਼ੀਸ਼ ਸ਼ਰਮਾ, ਵਿਕਰਾਂਤ ਸ਼ਰਮਾ, ਸੋਨੂੰ ਵਰਮਾ, ਰਣਬੀਰ ਬਖਸ਼ੀ, ਸੰਜੀਵ ਬਖਸ਼ੀ, ਭਾਰਤ ਭੂਸ਼ਣ, ਪੰਕਜ ਮਾਲਾ, ਕਰਨ ਸਿੰਘ, ਨਰੇਸ਼ ਸ਼ਰਮਾ, ਰਾਘਵ ਸ਼ਰਮਾ, ਮਨਪ੍ਰੀਤ ਕੌਰ, ਪਿਯੂਸ਼ ਪਰਾਸ਼ਰ ਆਦਿ ਹਾਜ਼ਰ ਸਨ।

# ਵਰਲਡ ਟੂਰਿਜਮ ਡੇ ਤੇ ਚਮਰੋਡ ਅਤੇ ਫੰਗੋਤਾ ਨਾਲ ਲਗਦੀ ਝੀਲ ਅੰਦਰ ਸਪੀਡ ਵੋਟਿੰਗ ਦੀ ਸੁਰੂਆਤ

**ਪਠਾਨਕੋਟ–** ਅੱਜ ਵਲਡ ਟੂਰਿਜਮ ਡੇ ਤੇ ਜਿਲ੍ਹਾ ਪਠਾਨਕੋਟ ਵਿਖੇ ਵੱਖ ਵੱਖ ਸਥਾਨਾਂ ਤੇ ਕਈ ਤਰ੍ਹਾਂ ਦੇ ਪ੍ਰੋਗਰਾਮ ਆਯੋਜਿਤ ਕੀਤੇ ਜਾ ਰਹੇ ਹਨ ਜਿਸ ਅਧੀਨ ਜਿਲ੍ਹੇ ਵਿੱਚ ਹੈਰੀਟੇਜ ਸਥਾਨਾਂ ਨੂੰ ਵੱਖਰੀ ਦਿੱਖ ਦਿੱਤੀ ਗਈ ਹੈ, ਧਾਰ ਖੇਤਰ ਅੰਦਰ ਸਥਿਤ ਬਾਉਲੀਆਂ ਨੂੰ ਇੱਕ ਪਹਿਚਾਣ ਦਿੱਤੀ ਗਈ ਹੈ ਅਤੇ ਇਸ ਤਰ੍ਹਾਂ ਹੀ ਜਿਲ੍ਹੇ ਅੰਦਰ ਅੱਜ ਫੰਗੋਤਾ ਅਤੇ ਚਮਰੋਡ ਵਿਖੇ ਸਥਿਤ ਝੀਲ ਅੰਦਰ ਸਪੀਡ ਵੋਟ ਅਤੇ ਸਧਾਰਨ ਕਸਤੀਆਂ ਚਲਾਉਂਣ ਦੀ ਸੁਰੂਆਤ ਕੀਤੀ ਗਈ ਹੈ। ਇਹ ਪ੍ਰਗਟਾਵਾ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਅੱਜ ਧਾਰ ਬਲਾਕ ਦੇ ਚਮਰੋਡ ਅਤੇ ਫੰਗੋਤਾ ਦੇ ਨਾਲ ਲਗਦੀ ਝੀਲ ਅੰਦਰ ਸਪੀਡ ਵੋਟ ਦੀ ਸੁਰੂਆਤ ਕਰਨ ਦੋਰਾਨ ਕੀਤਾ।

ਜਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਜਿਲ੍ਹਾ ਪਠਾਨਕੋਟ ਦੇ ਚਮਰੋਡ ਅਤੇ ਫੰਗੋਤਾ ਨੂੰ ਟੂਰਿਸਟ ਹੱਬ ਵੱਜੋਂ ਵਿਕਸਿਤ ਕੀਤੇ ਜਾਣ ਤੋਂ ਬਾਅਦ ਟੂਰਿਸਟ ਦਾ ਆਉਂਣਾ ਜਾਣਾ ਉਪਰੋਕਤ ਸਥਾਨਾਂ ਤੇ ਕਾਫੀ ਜਿਆਦਾ ਹੋ ਰਿਹਾ ਹੈ ਅਤੇ ਬਹੁਤ ਹੀ ਘੱਟ ਸਮੇਂ ਅੰਦਰ ਪਠਾਨਕੋਟ ਨੇ ਪੰਜਾਬ ਅੰਦਰ ਵੱਖਰੀ ਪਹਿਚਾਣ ਬਣਾਈ ਹੈ ਇਸ ਦੇ ਨਾਲ ਹੀ ਆਉਂਣ ਵਾਲੇ ਸਮੇਂ ਦੋਰਾਨ ਪਠਾਨਕੋਟ ਦੀ ਪਹਿਚਾਣ ਭਾਰਤ ਅਤੇ ਪੂਰੀ ਦੁਨੀਆ ਅੰਦਰ ਵੱਖਰੀ ਹੀ ਨਜਰ ਆਵੇਗੀ। ਇਸ ਲੜੀ ਨੂੰ ਅੱਗੇ ਤੋਰਦਿਆਂ ਅੱਜ ਚਮਰੋਡ ਅਤੇ ਫੰਗੋਤਾ ਵਿਖੇ ਝੀਲ ਅੰਦਰ ਸਪੀਡ ਵੋਟ ਚਲਾਉਂਣ ਦੀ ਸੁਰੂਆਤ ਕੀਤੀ ਗਈ ਹੈ। ਇਸ ਮੋਕੇ ਤੇ ਸ। ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਨੇ ਕਿਹਾ ਕਿ ਇਹ ਪੂਰੇ ਜਿਲ੍ਹਾ ਪਠਾਨਕੋਟ ਦੇ ਬਹੁਤ ਹੀ ਮਾਣ ਦੀ ਗੱਲ ਹੈ ਕਿ ਹੁਣ ਪਠਾਨਕੋਟ ਅੰਦਰ ਹੀ ਟੂਰਿਸਟ ਸਪੀਡ ਵੋਟ ਚਲਾਉਂਣ ਦਾ ਅਨੰਦ ਲੈ ਪਾਉਂਣਗੇ। ਉਨ੍ਹਾਂ ਦੱਸਿਆ ਕਿ ਜਿਲ੍ਹਾ ਪ੍ਰਸਾਸਨ ਵੱਲੋਂ ਝੀਲ ਅੰਦਰ ਵੋਟਿੰਗ ਲਈ ਬੋਲੀ ਕਰਵਾਈ ਗਈ ਸੀ ਜੋ ਇਸ ਖੇਤਰ ਦੇ ਰਿਜੋਰਟ ਦੇ ਮਾਲਕ ਪੁਨੀਤ ਪਿੰਟਾ ਵੱਲੋਂ ਲਈ ਗਈ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਝੀਲ ਅੰਦਰ ਸਪੀਡ ਵੋਟ ਦੀ ਸੁਰੂ–ਆਤ ਕੀਤੀ ਹੈ ਜਿਸ ਦੇ ਨਾਲ ਹੁਣ ਪਹਿਲਾ ਤੋਂ ਵੀ ਜਿਆਦਾ ਟੂਰਿਸਟ ਇਸ ਖੇਤਰ ਅੰਦਰ ਆਉਂਣਗੇ ਅਤੇ ਜਿਲ੍ਹਾ ਪਠਾਨਕੋਟ ਦੀ ਵੱਖਰੀ ਪਹਿਚਾਣ ਬਣੇਗੀ। ਉਨ੍ਹਾਂ ਦੱਸਿਆ ਕਿ ਪਹਿਲਾ ਇਹ ਖੇਤਰ ਦੇ ਬਾਰੇ ਜਿਆਦਾ ਲੋਕਾਂ ਨੂੰ ਇੰਨਾ ਜਿਆਦਾ ਪਤਾ ਨਹੀਂ ਸੀ ਅਤੇ ਹੋਲੀ ਹੋਲੀ ਟੂਰਿਸਟ ਇਸ ਖੇਤਰ ਵੱਖ ਵੱਧ ਰਹੇ ਹਨ ਅਜਿਹੇ ਸਮੇਂ ਦੋਰਾਨ ਪਠਾਨਕੋਟ ਵਿੱਚ ਹਾਈ ਸਪੀਡ ਵੋਟ ਚਲਾਉਂਣ ਦਾ ਅਨੰਦ ਟੂਰਿਸਟ ਦਾ ਧਿਆਨ ਇਸ ਖੇਤਰ ਵੱਖ ਖਿੱਚੇਗਾ ਅਤੇ ਆਉਂਣ ਵਾਲੇ ਸਮੇਂ ਵਿੱਚ ਇਸ ਸਥਾਨ ਟੂਰਿਸਟ ਹੱਬ ਵੱਜੋਂ ਅਪਣੀ ਇੱਕ ਵੱਖਰੀ ਪਹਿਚਾਣ ਬਣਾਏਗੀ।



ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਜੀਵਪਾਲ ਸਿੰਘ ਚੀਮਾ ਸਕੱਤਰ ਜਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਪਠਾਨਕੋਟ, ਅੰਕੁਰ–ਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਮੇਜਰ ਡਾ ਸੁਮਿਤ ਮੁਧ ਸਹਾਇਕ ਕਮਿਸਨਰ ਪਠਾਨਕੋਟ, ਧਰਮਵੀਰ ਸਿੰਘ ਵਣ ਮੰਡਲ ਅਧਿਕਾਰੀ ਪਠਾਨਕੋਟ, ਕਾਲਾ ਰਾਮ ਕਾਂਸਲ ਐਸ।ਡੀ।ਐਮ। ਪਠਾਨਕੋਟ/ਧਾਰ, ਅਰਵਿੰਦਰ ਪਾਲ ਸਿੰਘ ਜਿਲ੍ਹਾ ਮਾਲ ਅਫਸਰ, ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ, ਗੁਰਪ੍ਰੀਤ ਸਿੰਘ ਭੂਮੀ ਰੱਖਿਆ ਅਫਸਰ ਪਠਾਨਕੋਟ, ਪੁਨੀਤ ਪਿੰਟਾਂ, ਏਅਰ ਫੋਰਸ ਪਠਾਨਕੋਟ ਦੇ ਉੱਚ ਅਧਿਕਾਰੀ, ਮਾਮੂਨ ਆਰਮੀ ਕੈਂਟ ਤੋਂ ਉੱਚ ਅਧਿਕਾਰੀ ਅਤੇ ਹੋਰ ਖੇਤਰ ਨਿਵਾਸੀ ਵੀ ਭਾਰੀ ਸੰਖਿਆ ਵਿੱਚ ਹਾਜ਼ਰ ਸਨ।

# 47 ਸਾਲ ਪਹਿਲਾਂ ਲਾਪਤਾ ਹੋਈ ਲੜਕੀ ਦੀ ਲਾਸ਼ ਦੀ ਸ਼ਨਾਖਤ ਡੀ ਐਨ ਏ ਰਾਹੀਂ ਹੋਈ



**ਸੈਕਰਾਮੈਂਟੋ 28 ਸਤੰਬਰ (ਹੁਸਨ ਲੜੋਆ ਬੰਗਾ)–** ਵਿਰਜੀਨੀਆ ਪੁਲਿਸ ਨੇ 47 ਸਾਲ ਤੋਂ ਵੀ ਵਧ ਸਮਾਂ ਪਹਿਲਾਂ ਲਾਪਤਾ ਹੋਈ 17 ਸਾਲਾ ਲੜਕੀ ਦੀ ਲਾਸ਼ ਦੀ ਸ਼ਨਾਖਤ ਕਰ ਲਈ ਹੈ। ਹਾਲਾਂ ਕਿ ਫੇਅਰਫੈਕਸ ਕਾਊਂਟੀ ਦੀ ਵਸਨੀਕ ਪੈਟਰੀਸੀਆ ਏਜਨਸ ਗਿਲਡਾਵੀ ਜੋ 8 ਫਰਵਰੀ 1975 ਨੂੰ ਲਾਪਤਾ ਹੋਈ ਸੀ, ਦੀ ਲਾਸ਼ ਜੋ ਬੁਰੀ ਤਰਾਂ ਗਲੀਸੜੀ ਹੋਈ ਸੀ, 26 ਸਾਲਾ ਤੋਂ ਵਧ ਸਮਾਂ ਪਹਿਲਾਂ ਇਕ ਡਰੇਨ ਵਿਚੋਂ ਬਰਾਮਦ ਕਰ ਲਈ ਸੀ ਪਰੰਤੂ ਲਾਸ਼ ਦੀ ਸ਼ਨਾਖਤ ਹੁਣ ਆ ਕੇ ਐਡਵਾਂਸ ਡੀ ਐਨ ਏ ਤਕਨੀਕ ਰਾਹੀਂ ਕੀਤੀ ਗਈ ਹੈ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਲੜਕੀ ਜੋ ਚੌਬੀ ਗਿਲਡਾਵੀ ਦੇ ਨਾਂ ਨਾਲ ਜਾਣੀ ਜਾਂਦੀ ਸੀ, ਦਾ ਗਲਿਆ ਸੜਿਆ ਪਿੰਜਰ 27 ਸਤੰਬਰ,2001 ਨੂੰ ਮਿਲਿਆ ਸੀ। ਸ਼ੁਰੂ ਵਿਚ ਜਾਂਚਕਾਰਾਂ ਨੇ ਸਮਝਿਆ ਸੀ ਕਿ ਇਹ ਲਾਸ਼ ਇਕ ਅਫਰੀਕਨ ਅਮੈਰੀਕਨ ਲੜਕੀ ਦੀ ਹੈ ਜਿਸ ਦੀ ਮੌਤ ਸਿਰ ਵਿਚ ਗੋਲੀ ਲੱਗਣ ਕਾਰਨ ਹੋਈ ਸੀ। ਹੁਣ ਆ ਕੇ ਟੈਕਸਾਸ ਦੀ ਓਥਰਮ ਇਕ ਲੈਬਾਰਟਰੀ ਨੇ ਐਡਵਾਂਸ ਡੀ ਐਨ ਏ ਤਕਨੀਕ ਰਾਹੀਂ ਪਤਾ ਲਾਇਆ ਕਿ ਇਹ ਲਾਸ਼ ਗਿਲਡਾਵੀ ਦੀ ਹੈ। ਗਿਲਡਾਵੀ ਦੇ ਰਿਸ਼ਤੇਦਾਰਾਂ ਨੇ ਡੀ ਐਨ ਏ ਰਾਹੀਂ ਨਿਕਲੇ ਸਿੱਟੇ ਉਪਰ ਤਸੱਲੀ ਪ੍ਰਗਟ ਕੀਤੀ ਹੈ।

# ਫਿਲਾਡੈਲਫੀਆ ਦੇ ਇਕ ਹਾਈ ਸਕੂਲ ਦੇ ਪਿਛਵਾੜੇ ਚੱਲੀਆਂ ਗੋਲੀਆਂ, ਇਕ ਨਬਾਲਗ ਦੀ ਮੌਤ-3 ਜ਼ਖਮੀ

**ਸੈਕਰਾਮੈਂਟੋ 28 ਸਤੰਬਰ (ਹੁਸਨ ਲੜੋਆ ਬੰਗਾ)–** ਫਿਲਾਡੈਲਫੀਆ ਰਾਜ ਦੇ ਇਕ ਹਾਈ ਸਕੂਲ ਦੇ ਪਿਛਲੇ ਪਾਸੇ ਅਣਪਛਾਤੇ ਵਿਅਕਤੀਆਂ ਵੱਲੋਂ ਕੀਤੀ ਗੋਲੀਬਾਰੀ ਵਿਚ ਇਕ 14 ਸਾਲਾ ਲੜਕੇ ਦੀ ਮੌਤ ਹੋ ਗਈ ਤੇ 3 ਹੋਰ ਜ਼ਖਮੀ ਹੋ ਗਏ। ਪੁਲਿਸ ਅਨੁਸਾਰ ਰੌਕਸਬਰਗ ਹਾਈ ਸਕੂਲ ਦੇ ਪਿਛਵਾੜੇ ਸ਼ਾਮ ਵੇਲੇ ਤਕਰੀਬਨ 4।41 ਵਜੇ ਫੁੱਟਬਾਲ ਖਿਡਾਰੀਆਂ ਨਾਲ ਕੁਝ ਲੋਕਾਂ ਦਾ ਝਗੜਾ ਹੋਇਆ। ਏਨੇ ਨੂੰ ਇਕ ਕਾਰ ਵਿਚ ਕੁਝ ਅਣਪਛਾਤੇ ਵਿਅਕਤੀ ਆਏ ਤੇ ਉਹ ਗੋਲੀਆਂ ਚਲਾ ਕੇ ਫਰਾਰ ਹੋ ਗਏ। ਫਿਲਾਡੈਲਫੀਆ ਪੁਲਿਸ ਦੇ ਅਫਸਰ ਤਾਨੀਆ ਲਿਟਲ ਨੇ ਕਿਹਾ ਹੈ ਕਿ ਉਨਾਂ ਦਾ ਵਿਸ਼ਵਾਸ਼ ਹੈ ਕਿ ਮ੍ਰਿਤਕ ਤੇ ਜ਼ਖਮੀ ਹੋਏ ਸਾਰੇ ਲੋਕ ਨਬਾਲਗ ਸਨ ਤੇ ਉਹ ਫੁੱਟਬਾਲ ਟੀਮ ਦੇ ਮੈਂਬਰ ਸਨ। ਇਕ 14 ਸਾਲਾ ਲੜਕੇ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ ਜਦ ਕਿ ਦੋ ਹੋਰ 14 ਸਾਲਾ ਤੇ 17 ਸਾਲਾ ਲੜਕੇ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨਾਂ ਦੀ ਹਾਲਤ ਸਥਿੱਰ ਹੈ। ਇਕ ਹੋਰ ਲੜਕੇ ਨੂੰ ਹਸਪਤਾਲ ਲਿਜਾਇਆ ਗਿਆ ਹੈ ਪਰੰਤੂ ਉਸ ਦੀ ਹਾਲਤ ਬਾਰੇ ਕੋਈ ਜਾਣਕਾਰੀ ਨਹੀਂ ਹੈ। ਪੁਲਿਸ ਨੇ ਹੋਰ ਕਿਹਾ ਹੈ ਕਿ ਮਾਮਲਾ ਜਾਂਚ ਅਧੀਨ ਹੈ ਤੇ ਅਜੇ ਤੱਕ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਹੋਈ।

# ਸ਼ੇਰ ਸਜਾਵਲਪੁਰੀ ਦੇ ਵਿਹੜੇ ਜੁੜਿਆ ਸਾਹਿਤਕ ਸਮਾਗਮ ਨਵਜੋਤ ਸਾਹਿਤ ਸੰਸਥਾ ਔੜ ਵਲੋਂ ਸਨਮਾਨ



**ਨਵਾਂ ਸ਼ਹਿਰ, (ਰੇਸ਼ਮ ਕਰਨਾਣਵੀ)** ਨਵਜੋਤ ਸਾਹਿਤ ਸੰਸਥਾ (ਰਜਿ) ਔੜ ਵਲੋਂ ਪਿੰਡ ਸਜਾਵਲਪੁਰ ਵਿਖੇ ਲੇਖਕ ਸ਼ੇਰ ਸਜਾਵਲਪੁਰੀ ਦੇ ਵਿਹੜੇ ਸਾਹਿਤਕ ਇਕੱਠ ਕੀਤਾ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਆਈ ਐਮ ਏ ਦੇ ਸੂਬਾ ਪ੍ਰਧਾਨ ਡਾ। ਪਰਮਜੀਤ ਮਾਨ, ਕੇਂਦਰੀ ਲੇਖਕ ਸਭਾ ਦੇ ਕਾਰਜਕਾਰੀ ਪ੍ਰਧਾਨ ਪ੍ਰੋ ਸੰਧੂ ਵਰਿਆਣਵੀ, ਪਿੰਡ ਸਜਾਵਲਪੁਰ ਦੇ ਸਰਪੰਚ ਨਿਰਮਲਜੀਤ ਕੌਰ, ਨਵਜੋਤ ਸਾਹਿਤ ਸੰਸਥਾ ਔੜ ਦੇ ਪ੍ਰਧਾਨ ਸਤਪਾਲ ਸਾਹਲੋਂ ਸ਼ਾਮਲ ਸਨ। ਇਹਨਾਂ ਨੇ ਸਾਂਝੇ ਤੌਰ ’ਤੇ ਸ਼ਮਾਂ ਰੌਸ਼ਨ ਦੀ ਰਸਮ ਨਿਭਾਈ।

ਡਾ ਪਰਮਜੀਤ ਮਾਨ ਅਤੇ ਪ੍ਰੋ ਸੰਧੂ ਵਰਿਆਣਵੀ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਵਕਤੀ ਝਲਕਾਰਿਆਂ, ਮਾਰੂ ਤਾਕਤਾਂ ਤੋਂ ਬਚਣ ਅਤੇ ਸਾਂਝ ਦੀਆਂ ਤੰਦਾਂ ਮਜ਼ਬੂਤ ਕਰਨ ਲਈ ਸਾਹਿਤ ਨਾਲ ਜੁੜਣ ਦੀ ਲੋੜ ਹੈ। ਉਹਨਾਂ ਲੇਖਕ ਵਰਗ ਨੂੰ ਸਮਾਜ ਦਾ ਪ੍ਰੇਰਨਾਸ੍ਰੋਤ ਦੱਸਦਿਆਂ ਲੋਕਾਂ ਨੂੰ ਲੇਖਕ ਵਰਗ ਦੇ ਸਹਿਯੋਗ ਦੀ ਅਪੀਲ ਵੀ ਕੀਤੀ। ਸਮਾਗਮ ਵਿੱਚ ਨਵਜੋਤ ਸਾਹਿਤ ਸੰਸਥਾ ਵਲੋਂ ਸ਼ੇਰ ਸਜਾਵਲਪੁਰੀ ਤੇ ਉਹਨਾਂ ਦੀ ਪਤਨੀ ਬੀਬੀ ਬਲਵੀਰ ਕੌਰ ਨੂੰ ਸਨਮਾਨਿਤ ਕੀਤਾ ਗਿਆ। ਲੇਖਕ ਸ਼ੇਰ ਸਜਾਵਲਪੁਰੀ ਨੇ ਆਪਣੀਆਂ ਰਚਨਾਵਾਂ ਦੀ ਸਾਂਝ ਵੀ ਪਾਈ ਅਤੇ ਆਪਣੇ ਬਹੁਪੱਖੀ ਜੀਵਨ ਸਫ਼ਰ ਬਾਰੇ ਚਾਨਣਾ ਵੀ ਪਾਇਆ। ਉਹਨਾਂ ਦੇ ਘਰ ਦੇ ਵਿਹੜੇ ਵਿੱਚ ਜਨ ਜੀਵਨ ਨਾਲ ਸਬੰਧ ਸਾਂਭੀਆਂ ਪੁਰਾਣੀਆਂ ਵਸਤਾਂ ਅਤੇ ਉਹਨਾਂ ’ਤੇ ਲਿਖੀਆਂ ਵੰਨ-ਗੀਆਂ ਦੀ ਵੀ ਹਾਜ਼ਰੀਨ ਵਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਮੰਚ ਤੋਂ ਵਿਚਾਰ ਸਾਂਝੇ ਕਰਨ ਵਾਲਿਆਂ ਵਿੱਚ ਪਟਵਾਰ ਯੂਨੀਅਨ ਦੇ ਸੂਬਾ ਮੀਤ ਪ੍ਰਧਾਨ ਦਵਿੰਦਰ ਬੇਗ਼ਮਪੁਰੀ, ਉੱਘੇ ਲੇਖਕ ਡਾ। ਗੁਰਮੀਤ ਸਿੰਘ ਸਰਾਂ, ਅਧਿਆਪਕਾ ਹਰਬੰਸ ਕੌਰ ਆਦਿ ਵੀ ਸ਼ਾਮਲ ਸਨ। ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਰਜ਼ਨੀ ਸ਼ਰਮਾ, ਦਵਿੰਦਰ ਸਕੋਹਪੁਰੀ, ਹਰੀ ਕਿਸ਼ਨ ਪਟਵਾਰੀ, ਅਮਰਜੀਤ ਜਿੰਦ, ਦੇਸ ਰਾਜ ਬਾਲੀ, ਸੁੱਚਾ ਰਾਮ ਜਾਡਲਾ, ਰਾਮ ਨਾਥ ਕਟਾਰੀਆ ਨੇ ਗ਼ਜ਼ਲਾਂ/ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਕਸ਼ਮੀਰੀ ਲਾਲ ਕੈਂਥ, ਬਿੰਦਰ ਮੱਲ੍ਹਾ ਬੇਦੀਆਂ, ਨੰਬਰਦਾਰ ਸੂਬੇਦਾਰ ਬਿਸ਼ਨ ਦਾਸ, ਨੰਬਰਦਾਰ ਗੁਰਦੀਪ ਸਿੰਘ ਗਿੱਲ, ਪੰਚ ਜਸਵੀਰ ਕੌਰ, ਪੰਚ ਕੁਲਵੀਰ ਕੌਰ, ਪੰਚ ਜਸਵਿੰਦਰ ਕੌਰ, ਪੰਚ ਦਿਲਾਵਰ ਸਿੰਘ, ਪੰਚ ਜੋਗਾ ਸਿੰਘ, ਅਰਵਿੰਦ ਮਾਨ ਸਕੱਤਰ ਨੌਜ਼ਵਾਨ ਸਭਾ, ਸਾਬਕਾ ਸਰਪੰਚ ਜਸਪਾਲ ਸਿੰਘ, ਰਾਵਲ ਸਿੰਘ, ਅਨਿਲ ਕੁਮਾਰ ਸੀ ਐਚ ਟੀ, ਅਜੀਤ ਸਿੰਘ ਗਿੱਲ ਪ੍ਰਧਾਨ ਸਹਿਕਾਰੀ ਸਭਾ ਆਦਿ ਸ਼ਾਮਲ ਸਨ।

# ‘ਆਪ’ ਤੇ ਭਾਜਪਾ ਦੀ ਇਕੋ ਸਾਂਝੀ ਨੀਤੀ: ਬਸਪਾ

**ਚੰਡੀਗੜ੍ਹ–** ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਕਿ ਦੋਵੇਂ ਪਾਰਟੀਆਂ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭੜਕਾ ਰਹੀਆਂ ਹਨ। ਅੱਜ ਇਥੋਂ ਜਾਰੀ ਇਕ ਬਿਆਨ ਵਿੱਚ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਭਾਜਪਾ ਅਤੇ ਆਮ ਆਦਮੀ ਪਾਰਟੀ ਇਕ ਸਾਂਝੀ ਨੀਤੀ ਉਤੇ ਕੰਮ ਕਰ ਰਹੀਆਂ ਹਨ, ਇਸ ਲਈ ਸੜਕਾਂ ਅਤੇ ਮੀਡੀਆ ਵਿੱਚ ਨਾਟਕ ਕਰਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਉਤੋਂ ਭੜਕਾਉਣਾ ਚਾਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਲੋਕ ਪੰਜਾਬ ਦੀ ‘ਆਪ’ ਸਰਕਾਰ ਅਤੇ ਭਾਜਪਾ ਦੀ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਤੋਂ ਤੰਗ ਆ ਚੁੱਕੇ ਹਨ। ਹੁਣ ਦੋਵੇਂ ਪਾਰਟੀਆਂ ਲੋਕਾਂ ਦਾ ਧਿਆਨ ਇਸ ਤੋਂ ਭੜਕਾਉਣ ਲਈ ਇਕ ਫਰੈਂਡਲੀ ਮੈਚ ਖੇਡ ਰਹੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ‘ਆਪ’ ਦੇ ਵਿਧਾਇਕ ਸਰਕਾਰ ਨਾਲ ਖੜ੍ਹੇ ਹਨ ਤਾਂ ਇਹ ਡਰਾਮੇ ਕਰਨ ਦੀ ਬਜਾਏ ਲੋਕਾਂ ਦੇ ਕੰਮ ਕਰੇ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਹੁਣ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਤੋਂ ਭਜਣ ਲਈ ਇਹ ਚਾਲ ਚੱਲ ਰਹੀ ਹੈ। ਉਨ੍ਹਾਂ ਸਮੂਹ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਦੋਵਾਂ ਪਾਰਟੀਆਂ ਦੀਆਂ ਚਾਲਾਂ ਨੂੰ ਬੇਨਕਾਬ ਕਰਦੇ ਹੋਏ ਆਪਣੇ ਹੱਕਾਂ ਲਈ ਲਾਮਬੰਦ ਹੋਣ।


‘ਦੇਸ਼ ਦੁਆਬਾ’

‘ਅੰਬੇਦਕਰ ਟਾਈਮਜ਼’

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com

www.ambedkartimes.com


# ਅੰਮ੍ਰਿਤਸਰ ਵਿਕਾਸ ਮੰਚ ਨੇ ਗ੍ਰੀਨ ਟ੍ਰਿਬਿਊਨਲ ਵੱਲੋਂ ਕੀਤੇ ਗਏ 2000 ਕਰੋੜ ਰੁਪਏ ਜੁਰਮਾਨੇ ਦੀ ਜ਼ੁੰਮੇਵਾਰੀ ਤੈਅ ਕਰਨ ਦੀ ਕੀਤੀ ਮੰਗ

**ਅੰਮ੍ਰਿਤਸਰ–** ਅੰਮ੍ਰਿਤਸਰ ਵਿਕਾਸ ਮੰਚ ਨੇ ਗ੍ਰੀਨ ਟ੍ਰਿਬਿਊਨਲ ਵੱਲੋਂ ਪੰਜਾਬ ਸਰਕਾਰ ਨੂੰ ਕੀਤੇ ਗਏ2000 ਕਰੋੜ ਰੁਪਏ ਜੁਰਮਾਨੇ ਦੀ ਜ਼ੁੰਮੇਵਾਰੀ ਤੈਅ ਕਰਨ ਦੀ ਮੰਗ ਕੀਤੀ ਹੈ। ਅੱਜ ਸੁਣਾਏ ਗਏ ਹੁਕਮਾਂ ਵਿੱਚ ਟ੍ਰਿਬਿਊਨਲ ਦੇ ਚੇਅਰਪ੍ਰਸਨ ਜਸਟਿਸ ਏ ਕੇ ਗੋਇਲ ਨੇ ਕਿਹਾ ਹੈ ਕਿ ਸਿਹਤ ਨਾਲ ਜੁੜੇ ਮਾਮਲਿਆਂ ਨੂੰ ਲੰਮੇ ਸਮੇਂ ਤੀਕ ਲਟਕਾਇਆ ਨਹੀਂ ਜਾ ਸਕਦਾ, ਇਸ ਲਈ ਟ੍ਰਿਬਿਊਨਲ ਨੇ ਪੰਜਾਬ ਸਰਕਾਰ ਨੂੰ 2000 ਕ੍ਰੋੜ ਰੁਪਏ ਜੁਰਮਾਨਾ ਕੀਤਾ ਹੈ॥ਮੁੱਖ ਮੰਤਰੀ ਸ। ਭਗਵੰਤ ਸਿੰਘ ਮਾਨ ਨੂੰ ਭੇਜੀ ਈ-ਮੇਲ ਵਿੱਚ ਮੰਚ ਦੇ ਸਰਪ੍ਰਸਤ ਡਾ ਚਰਨਜੀਤ ਸਿੰਘ ਗੁਮਟਾਲਾ ਤੇ ਪ੍ਰਧਾਨ ਹਰਦੀਪ ਸਿੰਘ ਚਾਹਲ ਨੇ ਨਕਲ ਦੀ ਕਾਪੀ ਪ੍ਰੈਸ ਨੂੰ ਜਾਰੀ ਕਰਦਿਆਂ ਕਿਹਾ ਕਿ ਇਸ ਤੋਂ ਪਤਾ ਲੱਗਦਾ ਹੈ ਕਿ ਪੰਜਾਬ ਦੇ ਮੰਤਰੀ ਤੇ ਅਫ਼ਸਰ ਬਣਦੀ ਜ਼ੁੰਮੇਵਾਰੀ ਨਹੀਂ ਨਿਭਾਅ ਰਹੇ। ਪੰਜਾਬ ਜੋ ਕਿ ਪਹਿਲਾਂ ਹੀ ਕਰਜੇ ਵਿੱਚ ਡੁਬਿਆ ਹੋਇਆ ਹੈ, ਉਹ ਜੁਰਮਾਨੇ ਦੀ ਏਡੀ ਵੱਡੀ ਰਕਮ ਕਿੱਥੋਂ ਤਾਰੇਗਾ ? ਇਹ ਇੱਕ ਬਹੁਤ ਵੱਡਾ ਸੁਆਲ ਹੈ। ਇਸ ਲਈ ਸੰਬੰਧਿਤ ਮੰਤਰੀਆਂ ਅਤੇ ਉਚ ਅਧਿਕਾਰੀਆਂ ਦੀ ਜ਼ੁੰਮੇਵਾਰੀ ਤੈਅ ਕੀਤੀ ਜਾਵੇ ਤੇ ਉਨ੍ਹਾਂ ਦੇ ਨਾਂ ਜਨਤਕ ਕੀਤੇ ਜਾਣ ਤਾਂ ਜੁ ਉਨ੍ਹਾਂ ਦੀ ਮਾੜੀ ਕਾਰਗੁਜਾਰੀ ਲੋਕਾਂ ਨੂੰ ਪਤਾ ਲੱਗੇ। ਜ਼ੁੰਮੇਵਾਰੀ ਤੈਅ ਹੋਣ ਨਾਲ ਮੰਤਰੀ ਤੇ ਅਫ਼ਸਰ ਲਾਪ੍ਰਵਾਈ ਨਹੀਂ ਕਰਨਗੇ।

# ਮੁਲਾਜ਼ਮਾਂ ਦੇ ਹੱਕ ’ਚ ਸਰਕਾਰ ਦਾ ਐਕਸ਼ਨ, ਖ਼ਤਮ ਹੋ ਸਕਦੀ ਹੈ ਪੈਨਸ਼ਨ ਦੀ ਟੈਨਸ਼ਨ

ਪੰਜਾਬ ਦੇ ਸਰਕਾਰੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਪ੍ਰਣਾਲੀ ਮੁੜ ਲਾਗੂ ਹੋ ਸਕਦੀ ਹੈ। ਮੁੱਖ ਮੰਤਰੀ ਭਗਵੰਤ ਮਾਨ ਇਸ ਸਬੰਧੀ ਐਲਾਨ ਵੀ ਕਰ ਚੁੱਕੇ ਹਨ ਕਿ ਉਸ ਪ੍ਰਣਾਲੀ ਦੀਆਂ ਸਾਰੀਆਂ ਵਾਧਾਂ-ਘਾਟਾਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਪੁਰਾਣੀ ਪ੍ਰਣਾਲੀ ਮੁਤਾਬਕ ਪੈਨਸ਼ਨਰ ਨੂੰ ਹਰ ਮਹੀਨੇ ਤਨਖ਼ਾਹ ਵਾਂਗ ਅਦਾਇਗੀ ਹੁੰਦੀ ਹੈ ਤੇ ਵਧਦੀ ਮਹਿੰਗਾਈ ਦਾ ਵੀ ਪੂਰਾ ਖ਼ਿਆਲ ਰੱਖਿਆ ਜਾਂਦਾ ਹੈ। ਦੁਨੀਆ ਦੇ ਬਹੁਤੇ ਦੇਸ਼ ਉਸ ਪੁਰਾਣੀ ਪ੍ਰਣਾਲੀ ਨੂੰ ਅਲਵਿਦਾ ਆਖ ਚੁੱਕੇ ਹਨ। ਸਾਲ 2001-02 ਦੇ ਕੇਂਦਰੀ ਬਜਟ ’ਚ ਭਾਰਤ ਸਰਕਾਰ ਨੇ ਪਹਿਲੀ ਵਾਰ ਪੈਨਸ਼ਨ ਦੀ ਅਦਾਇਗੀ ’ਤੇ ਚਿੰਤਾ ਪ੍ਰਗਟਾਈ ਸੀ। ਸਾਲ 1993-94 ’ਚ ਪੈਨਸ਼ਨਾਂ ਦੇ ਭੁਗਤਾਨ ਕੁੱਲ ਘਰੇਲੂ ਉਤਪਾਦਨ (ਜੀਡੀਪੀ) ਦਾ 0।6 ਫ਼ੀਸਦੀ ਸਨ, ਜੋ 2002-03 ’ਚ ਇਹ ਰਕਮ ਵਧ ਕੇ ਜੀਡੀਪੀ ਦਾ 1।7 ਫ਼ੀਸਦੀ ਹੋ ਗਈ ਸੀ। ਇਸੇ ਲਈ ਸਰਕਾਰ ਨੇ ਸਰਕਾਰੀ ਮੁਲਾਜ਼ਮਾਂ ਨੂੰ ਪੁਰਾਣੀ ਪੈਨਸ਼ਨ ਪ੍ਰਣਾਲੀ ਤੋਂ ‘ਰਾਸ਼ਟਰੀ ਪੈਨਸ਼ਨ ਪ੍ਰਣਾਲੀ’ ’ਤੇ ਲਿਆਂਦਾ ਸੀ। ਇਸ ਨਵੀਂ ਪ੍ਰਣਾਲੀ ਤਹਿਤ ਮੁਲਾਜ਼ਮ ਦੀ ਤਨਖ਼ਾਹ ’ਚੋਂ ਹਰ ਮਹੀਨੇ ਕਟੌਤੀ ਕੀਤੀ ਜਾਂਦੀ ਹੈ ਪਰ ਸੇਵਾ-ਮੁਕਤੀ ਸਮੇਂ ਉਸ ਨੂੰ ਉਸ ਦੇ ਮਾਸਿਕ ਅੰਸ਼ਦਾਨ ਤੋਂ ਹੋਣ ਵਾਲੇ ਬਾਜ਼ਾਰੀ ਮੁਨਾਫ਼ੇ ਦੇ ਹਿਸਾਬ ਨਾਲ ਅਦਾਇਗੀ ਕੀਤੀ ਜਾਂਦੀ ਹੈ। ਸਾਲ 2004 ’ਚ ਭਰਤੀ ਹੋਣ ਵਾਲੇ ਮੁਲਾਜ਼ਮਾਂ ਲਈ ਇਹ ਨਵੀਂ ਪ੍ਰਣਾਲੀ ਲਾਗੂ ਹੈ। ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਉਦੋਂ ਦੀ ਪੰਜਾਬ ਸਰਕਾਰ ਨੇ ਸਭ ਤੋਂ ਪਹਿਲਾਂ ਇਹ ਪ੍ਰਣਾਲੀ ਲਾਗੂ ਕੀਤੀ ਸੀ। ਉਦੋਂ ਰਾਜਸਥਾਨ ਤੇ ਛੱਤੀਸਗੜ੍ਹ ਵੀ ਪੰਜਾਬ ਵਾਂਗ ਪਹਿਲੇ ਅਜਿਹੇ ਸੂਬੇ ਸਨ, ਜਿਨ੍ਹਾਂ ਨੇ ਨਵੀਂ ਪੈਨਸ਼ਨ ਪ੍ਰਣਾਲੀ ਲਾਗੂ ਕੀਤੀ ਸੀ ਪਰ ਹੁਣ ਉਨ੍ਹਾਂ ਦੋਵੇਂ ਰਾਜਾਂ ਨੇ ਮੁੜ ਪੁਰਾਣੀ ਪੈਨਸ਼ਨ ਪ੍ਰਣਾਲੀ ਲਾਗੂ ਕਰ ਦਿੱਤੀ ਹੈ। ਜੇ ਵਿਰੋਧੀ ਧਿਰ ਦੀ ਸਰਕਾਰ ਵਾਲੇ ਰਾਜਾਂ ਨੇ ‘ਪੁਰਾਣੀ ਪੈਨਸ਼ਨ ਪ੍ਰਣਾਲੀ’ ਨੂੰ ਭਾਰਤੀ ਜਨਤਾ ਪਾਰਟੀ ਵਿਰੁੱਧ ਇੱਕ ਟੂਲ ਵਜੋਂ ਵਰਤਣਾ ਹੈ ਤਾਂ ਇਹ ਕੋਈ ਬਹੁਤੀ ਅਕਲਮੰਦੀ ਨਹੀਂ ਹੈ। ਅੰਕੜਿਆਂ ਮੁਤਾਬਕ ਸਮੁੱਚੇ ਦੇਸ਼ ਦੇ ਰਾਜਾਂ ਦੇ ਸਿਰਫ਼ 31 ਲੱਖ ਮੁਲਾਜ਼ਮ ਹੀ ਨਵੀਂ ਪੈਨਸ਼ਨ ਪ੍ਰਣਾਲੀ ਨਾਲ ਜੁੜੇ ਹਨ।



ਰੱਖਿਆ ਮਾਮਲਿਆਂ ਦੇ ਥਿੰਕ-ਟੈਂਕ ਆਈਡੀਐੱਸਏ ਦਾ ਅਧਿਐਨ ਦਰਸਾਉਂਦਾ ਹੈ ਕਿ 2011-12 ’ਚ ਦੇਸ਼ ਦੇ ਰੱਖਿਆ ਬਜਟ ਦਾ 49 ਫ਼ੀਸਦੀ ਤਨਖ਼ਾਹਾਂ ਤੇ ਪੈਨਸ਼ਨਾਂ ਉੱਤੇ ਅਤੇ 27 ਫ਼ੀਸਦੀ ਹਥਿਆਰਾਂ ਦੀ ਖ਼ਰੀਦ ’ਤੇ ਖ਼ਰਚ ਹੁੰਦਾ ਸੀ ਤੇ ਉਸ ਦੇ ਇਕ ਦਹਾਕੇ ਬਾਅਦ ਹੁਣ ਜਦੋਂ ‘ਵਨ ਰੈਂਕ ਵਨ ਪੈਨਸ਼ਨ’ ਸਿਸਟਮ ਲਾਗੂ ਹੋ ਚੁੱਕਾ ਹੈ ਤਾਂ ਰੱਖਿਆ ਬਜਟ ਦਾ 61 ਫ਼ੀਸਦੀ ਤਨਖ਼ਾਹਾਂ ਤੇ ਪੈਨਸ਼ਨਾਂ ’ਤੇ ਅਤੇ 19 ਫ਼ੀਸਦੀ ਹਥਿਆਰਾਂ ਦੀ ਖ਼ਰੀਦ ’ਤੇ ਖ਼ਰਚ ਹੁੰਦਾ ਹੈ। ਇਸ ਸਾਰੇ ਮਾਮਲੇ ਦਾ ਕੇਂਦਰੀ ਨੁਕਤਾ ਇਹੋ ਹੈ ਕਿ ਭਾਰਤ ਹੁਣ ਵਿੱਤੀ ਲਾਪਰਵਾਹੀ ਬਰਦਾਸ਼ਤ ਨਹੀਂ ਕਰ ਸਕਦਾ। ਕਿਸੇ ਤਰ੍ਹਾਂ ਦੇ ਵਿੱਤੀ ਸੰਕਟ ਤੋਂ ਬਚਾਅ ਲਈ ਸਰਕਾਰਾਂ ਨੂੰ ਸਮਾਜ ਦੇ ਕਿਸੇ ਵੀ ਵਰਗ ਦੀਆਂ ਫ਼ਾਲਤੂ ਮੰਗਾਂ ਨੂੰ ਅੱਖੋਂ-ਪਰੋਖੇ ਕਰਨਾ ਹੋਵੇਗਾ ਕਿਉਂਕਿ ਅਜਿਹੀਆਂ ਮੰਗਾਂ ਦੀ ਪੂਰਤੀ ਸਿਰਫ਼ ਹੋਰਨਾਂ ਉੱਤੇ ਵਾਧੂ ਬੋਝ ਪਾ ਕੇ ਹੀ ਕੀਤੀ ਜਾ ਸਕਦੀ ਹੈ। ਇਸੇ ਲਈ ਵਿਰੋਧੀ ਧਿਰ ਦੀਆਂ ਰਾਜ ਸਰਕਾਰਾਂ ਨੂੰ ਆਪਣੇ ਮੁਲਾਜ਼ਮ ਨਵੀਂ ਪੈਨਸ਼ਨ ਪ੍ਰਣਾਲੀ ਨਾਲ ਹੀ ਜੋੜਨੇ ਚਾਹੀਦੇ ਹਨ। ਇਹ ਨਵੀਂ ਪ੍ਰਣਾਲੀ ਬੀਮਾ ਕੰਪਨੀ ਨਾਲ ਜੁੜੀ ਹੁੰਦੀ ਹੈ ਤੇ ਮੁਲਾਜ਼ਮਾਂ ਦਾ ਜੇ ਕੋਈ ਰੇੜਕਾ ਹੁੰਦਾ ਹੈ ਤਾਂ ਉਸ ਕੰਪਨੀ ਨੇ ਹੀ ਨਿਬੇੜਨਾ ਹੁੰਦਾ ਹੈ। ਪੰਜਾਬ ਪਹਿਲਾਂ ਹੀ ਤਿੰਨ ਲੱਖ ਕਰੋੜ ਦੇ ਕਰਜ਼ੇ ਦਾ ਵੱਡਾ ਬੋਝ ਝੱਲ ਰਿਹਾ ਹੈ। ਇੰਨੇ ਜ਼ਿਆਦਾ ਕਰਜ਼ੇ ਦਾ ਵਿਆਜ ਮੋੜਨ ਲਈ ਵੀ ਰਾਜ ਸਰਕਾਰ ਨੂੰ ਕਰਜ਼ਾ ਲੈਣਾ ਪੈਂਦਾ ਹੈ। ਇਸੇ ਲਈ ਰਾਜ ਸਰਕਾਰ ਨੂੰ ਤਾਂ ਪੁਰਾਣੀ ਪ੍ਰਣਾਲੀ ਲਾਗੂ ਕਰਦੇ ਸਮੇਂ ਸੌ ਵਾਰ ਸੋਚ-ਵਿਚਾਰ ਕਰਨਾ ਚਾਹੀਦਾ ਹੈ।

ਸੰਗਰੂਰ (ਪੰਜਾਬ) ਖਬਰਨਾਮਾ (ਦਲਜੀਤ ਕੌਰ ਭਵਾਨੀਗੜ੍ਹ )

# ਸਾਬਕਾ ਤੇ ਮੌਜੂਦਾ ਮੁੱਖ ਮੰਤਰੀ ਵਿਚਕਾਰ ਬਿਆਨਬਾਜ਼ੀ ਨੇ ਭਖਾਈ ਪੰਜਾਬ ਦੀ ਸਿਆਸਤ







**ਜਲੰਧਰ–** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਅਤੇ ਮੌਜੂਦਾ ਮੁੱਖ ਮੰਤਰੀ ਭਗਵੰਤ ਮਾਨ ਵਿਚਕਾਰ ਬਿਆਨਬਾਜ਼ੀ ਨੇ ਪੰਜਾਬ ਦੀ ਸਿਆਸਤ ਭਖਾ ਦਿੱਤੀ ਹੈ। ਵਿਧਾਨ ਸਭਾ ਚੋਣਾਂ 'ਚ ਹੋਈ ਵੱਡੀ ਹਾਰ ਤੋਂ ਬਾਅਦ ਚੰਨੀ ਪਹਿਲੀ ਵਾਰ ਖੁੱਲ੍ਹ ਕੇ ਸਾਹਮਣੇ ਆਏ ਹਨ।

ਉਨ੍ਹਾਂ ਨੇ ਵਿਦੇਸ਼ ਤੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਮੋੜਵਾਂ ਜਵਾਬ ਦਿੰਦਿਆਂ ਕਿਹਾ ਹੈ ਕਿ, ਮੁੱਖ ਮੰਤਰੀ ਜਦੋਂ ਮਰਜ਼ੀ ਉਸ ਨਾਲ ਸੰਪਰਕ ਕਰ ਸਕਦੇ ਹਨ, ਕਿਉਂਕਿ ਉਨ੍ਹਾਂ ਦਾ ਮੋਬਾਈਲ ਫ਼ੋਨ 24 ਘੰਟੇ ਖੁੱਲ੍ਹਾ ਰਹਿੰਦਾ ਹੈ ਅਤੇ ਉਹ ਕਿਸੇ ਵੀ ਸਵਾਲ ਦਾ ਜਵਾਬ ਦੇਣ ਲਈ ਤਿਆਰ ਹਨ। ਪੰਜਾਬ ਵਿਧਾਨ ਸਭਾ ਦੇ ਵਿਸ਼ੇਸ਼ ਸੈਸ਼ਨ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਵਿਅੰਗਮਈ ਲਹਿਜ਼ੇ ਵਿੱਚ ਕਿਹਾ ਸੀ ਕਿ ਬਹੁਤ ਸਾਰੀਆਂ ਫ਼ਾਈਲਾਂ ਤੇ ਚੰਨੀ ਦੇ ਦਸਤਖ਼ਤ ਹਨ, ਜਿਨ੍ਹਾਂ ਫ਼ੈਸਲਿਆਂ ਬਾਰੇ ਉਹ ਚੰਨੀ ਤੋਂ ਪੁੱਛਣਾ ਚਾਹੁੰਦੇ, ਪਰ ਚੰਨੀ ਪਤਾ ਨਹੀਂ ਕਿੱਥੇ ਗਵਾਚ ਗਏ ਹਨ।

ਮੀਡੀਆ ਰਿਪੋਰਟਾਂ ਅਨੁਸਾਰ, ਭਗਵੰਤ ਮਾਨ ਦੇ ਇਸ ਵਿਅੰਗਮਈ ਲਹਿਜ਼ੇ ਦਾ ਜਵਾਬ ਦਿੰਦਿਆਂ ਸਾਬਕਾ ਮੁੱਖ ਮੰਤਰੀ ਚੰਨੀ ਨੇ ਕਿਹਾ ਕਿ ਉਨ੍ਹਾਂ ਨੂੰ ਸਰਕਾਰ ਵੱਲੋਂ ਜਾਂ ਫਿਰ ਮੁੱਖ ਮੰਤਰੀ ਵੱਲੋਂ ਕੋਈ ਅਜਿਹਾ ਸੁਨੇਹਾ ਜਾਂ ਲਿਖਤੀ ਸੰਦੇਸ਼ ਨਹੀਂ ਮਿਲਿਆ, ਜਿਸ ਰਾਹੀਂ ਕਿਸੇ ਫ਼ਾਈਲ ਬਾਰੇ ਕੋਈ ਜਾਣਕਾਰੀ ਮੰਗੀ ਗਈ ਹੋਵੇ।


ਚੰਨੀ ਨੇ ਕਿਹਾ ਕਿ, ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੇ ਭਲੇ ਲਈ 150 ਤੋਂ ਵੱਧ ਫਾਈਲਾਂ 'ਤੇ ਦਸਤਖ਼ਤ ਕਰ ਕੇ ਫ਼ੈਸਲੇ ਕੀਤੇ, ਜਿਨ੍ਹਾਂ ਵਿੱਚੋਂ ਬਿਜਲੀ ਦੇ ਤਿੰਨ ਰੁਪਏ ਪ੍ਰਤੀ ਯੂਨਿਟ ਦਰਾਂ ਘਟਾਉਣ ਦਾ ਵੀ ਸ਼ਾਮਲ ਸੀ। ਹੁਣ ਉਨ੍ਹਾਂ ਨੂੰ ਨਹੀਂ ਪਤਾ ਕਿ, ਭਗਵੰਤ ਮਾਨ ਕਿਹੜੀ ਫ਼ਾਈਲ ਦੇ ਬਾਰੇ ਜਾਣਕਾਰੀ ਲੈਣੀ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ, ਉਨ੍ਹਾਂ ਦਾ ਫ਼ੋਨ 24 ਘੰਟੇ ਖੁੱਲ੍ਹਾ ਹੈ, ਜਦੋਂ ਮਰਜ਼ੀ ਸੰਪਰਕ ਕਰ ਕੇ ਕੋਈ ਵੀ ਜਾਣਕਾਰੀ ਭਗਵੰਤ ਮਾਨ ਜਾਂ ਸਰਕਾਰ ਲੈ ਸਕਦੀ ਹੈ।

ਚੰਨੀ ਨੇ ਇਹ ਵੀ ਦੋਸ਼ ਲਾਇਆ ਕਿ, ਉਨ੍ਹਾਂ ਦੀ ਸਰਕਾਰ ਵਲੋਂ ਲਏ ਗਏ ਕੁੱਝ ਲੋਕ ਹਿੱਤ ਫ਼ੈਸਲੇ ਵਾਪਸ ਲੈ ਲਏ ਅਤੇ ਕੁੱਝ ਕੁ ਦੀ ਚੰਗੀ ਤਰ੍ਹਾਂ ਪੈਰਵੀ ਨਹੀਂ ਕੀਤੀ।

# ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ’ਤੇ ਵਿਦਿਆਰਥੀ ਮੁਕਾਬਲੇ ਕਰਵਾਏ

**ਲਹਿਰਾਗਾਗਾ/ ਸੰਗਰੂਰ, 28 ਸਤੰਬਰ, 2022:** ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੰਗਤਪੁਰਾ ਵਿਖੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ । ਪ੍ਰਿੰਸੀਪਲ ਜਗਦੀਸ਼ ਸਿੰਘ ਦੀ ਅਗਵਾਈ ਨਾਲ ਇਸ ਪ੍ਰੋਗਰਾਮ ਵਿੱਚ ਸਕੂਲ ਦੇ ਸਮੂਹ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਭਾਗ ਲਿਆ। ਵਿਦਿਆਰਥੀਆਂ ਨੇ ਭਗਤ ਸਿੰਘ ਦੇ ਬਾਰੇ ਆਪਣੇ ਵਿਚਾਰਾਂ ਨੂੰ ਲੇਖ ਦੇ ਜ਼ਰੀਏ ਪ੍ਰਗਟ ਕੀਤਾ ਗਿਆ ਅਤੇ ਕਵਿਤਾਵਾਂ ਅਤੇ ਗੀਤਾਂ ਰਾਹੀਂ ਉਹਨਾਂ ਦੀ ਕੁਰਬਾਨੀ ਨੂੰ ਯਾਦ ਕੀਤਾ।





ਸਕੂਲ ਦੇ ਵਿਦਿਆਰਥੀ ਸੋਨੀ ਸਿੰਘ ਨੇ ਭਗਤ ਸਿੰਘ ਦੀ ਵਾਰ ਨੂੰ ਬਹੁਤ ਵਧੀਆ ਤਰੀਕੇ ਦੇ ਨਾਲ ਪੇਸ਼ ਕੀਤਾ। ਵਿਦਿਆਰਥੀ ਕੁਲਦੀਪ ਸਿੰਘ ਅਤੇ ਸਾਥੀਆਂ ਨੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ। ਸਰਵੋਤਮ ਲੇਖ ਲਿਖਣ ਦੇ ਮੁਕਾਬਲਿਆਂ ਵਿੱਚ ਮਿਡਲ ਵਰਗ ਵਿੱਚ ਜਸਪ੍ਰੀਤ ਕੌਰ ਕਲਾਸ 8ਵੀਂ ਅਤੇ ਸੈਕੰਡਰੀ ਵਰਗ ਵਿੱਚ 9ਵੀਂ ਦੇ ਕਲਾਸ ਦੀ ਵਿਦਿਆਰਥਣ ਖੁਸ਼ਦੀਪ ਕੌਰ ਨੇ ਪਹਿਲੇ ਸਥਾਨ ਪ੍ਰਾਪਤ ਕੀਤੇ। ਵਿਦਿਆਰਥੀਆਂ ਨੇ ਪੇਂਟਿੰਗ ਅਤੇ ਪਹਿਰਾਵੇ ਦੇ ਮਾਧਿਅਮ ਨਾਲ ਵੀ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕੀਤਾ।

ਇਸ ਮੌਕੇ ਸਕੂਲ ਦੇ ਅਧਿਆਪਕ ਨਰਿੰਦਰ ਸਿੰਘ, ਹਰਜੀਤ ਕੌਰ, ਰਿੰਕੂ ਸ਼ਰਮਾ, ਦਲਵਿੰਦਰ ਸਿੰਘ, ਮਨੀ ਮਹੇਸ਼, ਅਸ਼ੋਕ ਕੁਮਾਰ, ਅਰੁਣ ਵਿਜੇ, ਹਰਦੀਪ ਕੌਰ, ਸੰਦੀਪ ਕੌਰ, ਮਨਿੰਦਰਜੀਤ ਕੌਰ, ਸ਼ੈਫੀ ਗੁਪਤਾ,ਕੋਮਲ ਰਾਣੀ, ਜਸਵੀਰ ਸਿੰਘ, ਮਮਤਾ ਰਾਣੀ ਨੇ ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਆਪਣੇ ਸ਼ਬਦਾਂ ਵਿੱਚ ਜਾਣਕਾਰੀ ਦਿੱਤੀ ਮੰਚ ਸੰਚਾਲਨ ਨਵਦੀਪ ਕੌਰ ਨੇ ਕੀਤਾ। ਅਖ਼ੀਰ ਵਿੱਚ ਪ੍ਰਿੰਸੀਪਲ ਜਗਦੀਸ਼ ਸਿੰਘ ਵੱਲੋਂ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਦਿੱਤੇ ਗਏ।

# ਤਿਰੰਗੇ ਵਿੱਚ ਪਰਤੇ ਏ ਐਸ ਆਈ ਸ਼ਿੰਗਾਰਾ ਸਿੰਘ ਦਾ ਫੌਜੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ

## ਸੈਂਕੜੇ ਲੋਕਾਂ ਨੇ ਨਮ ਅੱਖਾਂ ਨਾਲ ਇਲਾਕੇ ਦੇ ਪਿਆਰੇ ਨੂੰ ਵਿਦਾਈ ਦਿੱਤੀ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)–** ਅਸਾਮ ਦੇ ਇੰਫਾਲ 'ਚ ਪੈਂਦੇ ਮਿਆਂਮਾਰ ਸਰਹੱਦ 'ਤੇ ਮੁਸਤੈਦੀ ਨਾਲ






ਡਿਊਟੀ 'ਤੇ ਤਾਇਨਾਤ ਸੀ।ਆਰ।ਪੀ।ਐਫ ਦੀ 32 ਬਟਾਲੀਅਨ ਦੇ ਏਐਸਆਈ ਸ਼ਿੰਗਾਰਾ ਸਿੰਘ ਦੀ ਇਸ ਦੌਰਾਨ ਅਚਾਨਕ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜਿਸ ਦਾ ਅੱਜ ਨੇੜਲੇ ਪਿੰਡ ਅਲੀਖਾਂ ਵਿਖੇ ਪੂਰੇ ਫੌਜੀ ਸਨਮਾਨਾਂ ਨਾਲ ਸਸਕਾਰ ਕਰ ਦਿੱਤਾ ਗਿਆ। ਸੀ।ਆਰ।ਪੀ।ਐਫ ਦੇ ਗਰੁੱਪ ਸੈਂਟਰ ਜਲੰਧਰ ਤੋਂ ਇੰਸਪੈਕਟਰ ਅਵਤਾਰ ਸਿੰਘ ਦੀ ਅਗਵਾਈ ਵਾਲੀ ਫੌਜ ਦੀ ਟੁਕੜੀ ਨੇ ਹਥਿਆਰ ਉਲਟੇ ਕਰਕੇ, ਹਵਾ ਵਿੱਚ ਗੋਲੀਆਂ ਚਲਾ ਕੇ, ਬਿਗਲ ਦੀ ਸ਼ਾਨਦਾਰ ਧੁਨ ਨਾਲ ਸ਼ਹੀਦ ਹੋਏ ਸਿਪਾਹੀ ਨੂੰ ਸਲਾਮੀ ਦਿੱਤੀ। ਇਸ ਤੋਂ ਪਹਿਲਾਂ ਸ਼ਹੀਦ ਏ ਐਸ ਆਈ ਸ਼ਿੰਗਾਰਾ ਸਿੰਘ ਦੀ ਮ੍ਰਿਤਕ ਦੇਹ ਨੂੰ ਇੰਫਾਲ ਤੋਂ ਅੰਮ੍ਰਿਤਸਰ ਦੇ ਸ੍ਰੀ ਗੁਰੂ ਰਾਮਦਾਸ ਹਵਾਈ ਅੱਡੇ ਲਈ ਏਅਰਲਿਫਟ ਕੀਤਾ ਗਿਆ, ਜਿੱਥੋਂ ਸੀਆਰਪੀਐਫ ਦੇ ਜਵਾਨ ਫੌਜੀ ਵਾਹਨ ਨੂੰ ਪਿੰਡ ਅਲੀਖਾਨ ਲੈ ਗਏ। ਤਿਰੰਗੇ ਵਿੱਚ ਲਪੇਟੀ ਹੋਈ ਸ਼ਿੰਗਾਰਾ ਸਿੰਘ ਦੀ ਮ੍ਰਿਤਕ ਦੇਹ ਜਦੋਂ ਪਿੰਡ ਪੁੱਜੀ ਤਾਂ ਮਾਹੌਲ ਬਹੁਤ ਹੀ ਗਮਗੀਨ ਹੋ ਗਿਆ, ਹਰ ਪਿੰਡ ਵਾਸੀ ਦੀਆਂ ਅੱਖਾਂ ਨਮ ਹੋ ਗਈਆਂ ਕਿਉਂਕਿ ਸ਼ਿੰਗਾਰਾ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਪਿਛਲੇ ਦੋ ਦਿਨਾਂ ਤੋਂ ਕਿਸੇ ਦੇ ਘਰ ਦਾ ਚੁੱਲਾ ਨਹੀ ਜਲਿਆਂ।

ਤਿਰੰਗੇ ਵਿੱਚ ਲਪੇਟੀ ਪੁੱਤਰ ਦੀ ਲਾਸ਼ ਨੂੰ ਦੇਖ ਕੇ ਮਾਤਾ ਕਸ਼ਮੀਰ ਕੌਰ, ਪਤਨੀ ਅਮਰਜੀਤ ਕੌਰ ਅਤੇ ਧੀ ਸੁਖਜੀਤ ਕੌਰ ਦੀਆਂ ਤਰਸ ਭਰੀਆਂ ਚੀਕਾਂ ਦਿਲ ਪੱਥਰਾਂ ਨੂੰ ਟੁੰਬ ਰਹੀਆਂ ਸਨ। ਸ਼ਹੀਦ ਦੇ 26 ਸਾਲਾ ਪੁੱਤਰ ਲਵਜੀਤ ਸਿੰਘ ਨੇ ਪਿਤਾ ਦੀ ਚਿਖਾ ਨੂੰ ਅਗਨ ਭੇਟ ਕੀਤਾ ਤਾਂ ਅੰਤਿਮ ਸੰਸਕਾਰ ਮੌਕੇ ਹਾਜ਼ਰ ਸੈਂਕੜੇ ਲੋਕਾਂ ਨੇ ਨਮ ਅੱਖਾਂ ਨਾਲ ਏ।ਐਸ।ਆਈ ਸ਼ਿੰਗਾਰਾ ਸਿੰਘ ਅਮਰ ਰਹੇ ਦੇ ਜੈਕਾਰੇ ਲਗਾ ਕੇ ਇਲਾਕੇ ਦੇ ਲਾਡਲੇ ਨੂੰ ਅੰਤਿਮ ਵਿਦਾਇਗੀ ਦਿੱਤੀ । ਇਸ ਮੌਕੇ ਇੰਸਪੈਕਟਰ ਅਵਤਾਰ ਸਿੰਘ, ਹੌਲਦਾਰ ਕੁਲਦੀਪ ਰਾਜ, ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ, ਮਰਹੂਮ ਸੈਨਿਕ ਲਵਜੀਤ ਕੌਰ ਦੀ ਪਤਨੀ, ਪੁੱਤਰੀ ਸੁਖਜੀਤ ਕੌਰ, ਪੁੱਤਰ ਲਵਜੀਤ ਸਿੰਘ, ਭਰਾ ਕੈਪਟਨ ਦਲਵੀਰ ਸਿੰਘ ਨੇ ਸ਼ਰਧਾਂਜਲੀਆ ਭੇਟ ਕੀਤੀਆ।

**ਮਾਂ ਨੇ ਕਿਹਾ– ਮੈਨੂੰ ਕੀ ਪਤਾ ਅੱਠ ਦਿਨਾਂ ਬਾਅਦ ਪੁੱਤਰ ਤਿਰੰਗੇ ਵਿੱਚ ਵਾਪਸ ਆਵੇਗਾ**

ਏ।ਐਸ।ਆਈ ਸ਼ਿੰਗਾਰਾ ਸਿੰਘ ਦੀ ਮਾਤਾ ਕਸ਼ਮੀਰ ਕੌਰ, ਪਤਨੀ ਅਮਰਜੀਤ ਕੌਰ ਅਤੇ ਭਰਾ ਕੈਪਟਨ ਦਲਵੀਰ ਸਿੰਘ ਨੇ ਭਰੀਆਂ ਅੱਖਾਂ ਨਾਲ ਦੱਸਿਆ ਕਿ ਸ਼ਿੰਗਾਰਾ ਸਿੰਘ ਦੋ ਮਹੀਨੇ ਦੀ ਛੁੱਟੀ ਲੈ ਕੇ ਅੱਠ ਦਿਨ ਪਹਿਲਾਂ ਹੀ ਡਿਊਟੀ ’ਤੇ ਵਾਪਸ ਆਇਆ ਸੀ, ਸਾਨੂੰ ਕੀ ਪਤਾ ਸੀ ਕਿ ਅੱਠ ਦਿਨਾਂ ਬਾਅਦ ਤਿਰੰਗੇ ਵਿੱਚ ਵਾਪਸ ਆਵੇਗਾ।

**ਪ੍ਰੀਸ਼ਦ ਪਰਿਵਾਰ ਦਾ ਮਨੋਬਲ ਟੁੱਟਣ ਨਹੀਂ ਦੇਵੇਗਾ: ਕੁੰਵਰ ਵਿੱਕੀ**

ਇਸ ਮੌਕੇ ਸ਼ਹੀਦ ਸੈਨਿਕ ਪਰਿਵਾਰ ਸੁਰੱਖਿਆ ਪ੍ਰੀਸ਼ਦ ਦੇ ਜਨਰਲ ਸਕੱਤਰ ਕੁੰਵਰ ਰਵਿੰਦਰ ਸਿੰਘ ਵਿੱਕੀ ਨੇ ਪਰਿਵਾਰ ਨਾਲ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸਭਾ ਇਸ ਦੁੱਖ ਦੀ ਘੜੀ ਵਿੱਚ ਪਰਿਵਾਰ ਨਾਲ ਖੜੀ ਹੈ ਅਤੇ ਅਸੀਂ ਉਨ੍ਹਾਂ ਦਾ ਮਨੋਬਲ ਟੁੱਟਣ ਨਹੀਂ ਦੇਵਾਂਗੇ। ਇਸ ਮੌਕੇ ਸ਼ਹੀਦ ਦੇ ਪਿਤਾ ਸੂਬੇਦਾਰ ਜੋਗਾ ਸਿੰਘ, ਚਾਚਾ ਸਲੋਵਰ ਸਿੰਘ, ਭਰਾ ਕੈਪਟਨ ਦਲਵੀਰ ਸਿੰਘ, ਸੁਰਜੀਤ ਸਿੰਘ, ਓਮਕਾਰ ਸਿੰਘ, ਬਲਕਾਰ ਸਿੰਘ, ਭੈਣਾਂ ਹਰਜੀਤ ਕੌਰ ਤੇ ਹਰਦੀਪ ਕੌਰ, ਸ਼ਹੀਦ ਯੂਨਿਟ ਦੇ ਹੌਲਦਾਰ ਕੁਲਦੀਪ ਰਾਜ, ਹਰਦਿਆਲ ਸਿੰਘ ਗਜ਼ਨੀਪੁਰ, ਸਰਪੰਚ ਕ੍ਰਿਸ਼ਨ। ਚੰਦ, ਰਾਮੇਸ਼ਵਰ ਸਿੰਘ, ਇੰਸਪੈਕਟਰ ਕਮਲ ਸਿੰਘ, ਉੱਤਮ ਸਿੰਘ, ਜਸਨੂਰ ਸਿੰਘ, ਕਮਲਜੀਤ ਕੌਰ, ਪਲਵਿੰਦਰ ਕੌਰ, ਨਾਨਕ ਚੰਦ, ਬਲਬੀਰ ਸਿੰਘ, ਰਾਮ ਸਰਨ ਆਦਿ ਹਾਜ਼ਰ ਸਨ।

# ਰਾਮਗੜ੍ਹੀਆ ਕਾਲਜ ਫਗਵਾੜਾ ਵਿਖੇ ਕਰਵਾਇਆ ਤਾਈਕਵਾਂਡੋ ਫੈਡਰੇਸ਼ਨ ਕੱਪ, ਪੰਜਾਬ ਨੇ ਕੀਤਾ ਓਵਰਆਲ ਟਰਾਫੀ ਤੇ ਕਬਜਾ

## ਮੋਦੀ ਸਰਕਾਰ ਪ੍ਰਤਿਭਾ ਵਾਲੇ ਖਿਡਾਰੀਆਂ ਨੂੰ ਕਰਦੀ ਹੈ ਉਤਸ਼ਾਹਤ - ਅਨੀਤਾ ਕੈਂਥ

**ਫਗਵਾੜਾ 25 ਸਤੰਬਰ (ਬੀਕੇ ਰੱਤੂ)** ਨੈਸ਼ਨਲ ਤਾਈਕਵਾਂਡੋ ਫੈਡਰੇਸ਼ਨ ਇੰਡੀਆ ਤੋਂ ਮਾਨਤਾ ਪ੍ਰਾਪਤ ਚੈਂਪ ਤਾਈਕਵਾਂਡੋ ਐਂਡ ਸਪੋਰਟਸ ਕਲੱਬ (ਰਜਿ) ਵੱਲੋਂ ਫੈਡਰੇਸ਼ਨ ਕੱਪ 2022 ਰਾਮਗੜ੍ਹੀਆ ਕਾਲਜ ਫਗਵਾੜਾ ਵਿਖੇ ਕਰਵਾਇਆ ਗਿਆ। ਜਿਸ ਵਿੱਚ ਅੱਠ ਰਾਜਾਂ ਦੇ ਪੰਜ ਸੌ ਤੋਂ ਵੱਧ ਖਿਡਾਰੀਆਂ ਨੇ ਭਾਗ ਲਿਆ। ਵੱਖ-ਵੱਖ ਵਰਗਾਂ ਵਿੱਚ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਪੰਜਾਬ ਨੇ ਓਵਰਆਲ ਟਰਾਫੀ ਤੇ ਕਬਜਾ ਕੀਤਾ। ਹਰਿਆਣਾ ਨੇ ਦੂਸਰਾ ਅਤੇ ਦਿੱਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਉਦਘਾਟਨ ਦੀ ਰਸਮ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਦੀ ਚੇਅਰਪਰਸਨ ਸ੍ਰੀਮਤੀ ਮਨਪ੍ਰੀਤ ਕੌਰ ਭੋਗਲ ਨੇ ਨਿਭਾਈ। ਉਨ੍ਹਾਂ ਕਲੱਬ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਜੇਤੂ ਖਿਡਾਰੀਆਂ ਨੂੰ ਇਨਾਮ ਵੰਡਣ ਲਈ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਕੈਂਥ ਦੀ ਪਤਨੀ ਅਤੇ ਸਮਾਜ ਸੇਵਿਕਾ ਅਨੀਤਾ ਕੈਂਥ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਸਾਰੇ ਜੇਤੂ ਖਿਡਾਰੀਆਂ ਨੂੰ ਸ਼ੁਭ ਇੱਛਾਵਾਂ ਦਿੰਦਿਆਂ ਦੱਸਿਆ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਪ੍ਰਤਿਭਾ ਵਾਲੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ। ਇਹੀ ਕਾਰਨ ਹੈ ਕਿ ਓਲੰਪਿਕ ਤੋਂ ਲੈ ਕੇ ਰਾਸ਼ਟਰਮੰਡਲ ਖੇਡਾਂ ਤੱਕ ਭਾਰਤ ਦੇ ਖਿਡਾਰੀਆਂ ਦਾ ਡੰਕਾ ਵੱਜਣਾ ਸ਼ੁਰੂ ਹੋ ਗਿਆ ਹੈ ਅਤੇ ਅੰਤਰਰਾਸ਼ਟਰੀ ਮੁਕਾਬਲਿਆਂ 'ਚ ਭਾਰਤ ਦਾ ਪ੍ਰਦਰਸ਼ਨ ਪਹਿਲਾਂ ਦੇ ਮੁਕਾਬਲੇ ਕਾਫੀ ਸੁਧਰ ਰਿਹਾ ਹੈ। ਕਲੱਬ ਦੇ ਪ੍ਰਧਾਨ ਰਾਜਵੀਰ ਸਿੰਘ ਅਤੇ ਜਨਰਲ ਸਕੱਤਰ ਵਿਜੇ ਕੁਮਾਰ ਨੇ ਸਾਰਿਆਂ ਦਾ ਸਹਿਯੋਗ ਲਈ ਧੰਨਵਾਦ ਕਰਦਿਆਂ ਦੱਸਿਆ ਕਿ ਫੈਡਰੇਸ਼ਨ ਕੱਪ ਵਿਚ ਜੂਨੀਅਰ, ਸਬ-ਜੂਨੀਅਰ ਅਤੇ ਓਪਨ ਵਰਗ ਦੇ ਮੁਕਾਬਲੇ ਕਰਵਾਏ ਗਏ। ਜੇਤੂ ਖਿਡਾਰੀਆਂ ਨੂੰ ਅਮਰੀਕਾ ਵਿੱਚ ਹੋਣ ਵਾਲੀ ਅੰਤਰਰਾਸ਼ਟਰੀ ਤਾਈਕਵਾਂਡੋ ਚੈਂਪੀਅਨਸ਼ਿਪ ਵਿੱਚ ਚੁਣੇ ਜਾਣ ਦਾ ਮੌਕਾ ਮਿਲੇਗਾ। ਇਸ ਮੌਕੇ ਡਾ: ਵਿਓਮਾ ਭੋਗਲ ਢੱਟ ਡਾਇਰੈਕਟਰ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ, ਸ਼੍ਰੀਮਤੀ ਨਵਨੀਤ ਭੋਗਲ ਕਾਲੜਾ ਕੋ-ਡਾਇਰੈਕਟਰ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ, ਸ਼੍ਰੀ ਮੁਕੇਸ਼ ਕਾਂਤ ਚੀਫ ਅਕਾਊਂਟੈਂਟ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ, ਸ਼੍ਰੀ ਰਾਜਕੁਮਾਰ ਮਹਾਜਨ ਦਫਤਰ ਸੁਪਰਡੈਂਟ ਰਾਮਗੜ੍ਹੀਆ ਪੋਲੀਟੈਕਨਿਕ ਕਾਲਜ, ਜਸਬੀਰ ਸਿੰਘ ਖਾਸਰੀਆ ਪ੍ਰਿੰਸੀਪਲ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ, ਤੋਂ ਇਲਾਵਾ ਸਾਬਕਾ ਮੇਅਰ ਅਰੁਣ ਖੋਸਲਾ, ਸਾਬਕਾ ਮਹਿਲਾ ਕੌਂਸਲਰ ਜਸਵਿੰਦਰ ਕੌਰ, ਮਨਿੰਦਰ ਸ਼ਿਵਪੁਰੀ, ਨਿਤਿਨ ਚੱਢਾ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।





# ਫਗਵਾੜਾ ਪੁਲਿਸ ਨੇ ਕੀਤਾ ਨੇਕ ਉਪਰਾਲਾ ! ਵਿਦਿਆਰਥੀਆਂ ਨੂੰ ਵੰਡੀਆਂ ਸਪੋਰਟਸ ਸ਼ਰਟਾਂ

**ਫਗਵਾੜਾ 25 ਸਤੰਬਰ (ਬੀਕੇ ਰੱਤੂ)** ਮਾਣਯੋਗ ਵਧੀਕ ਡਾਇਰੈਕਟਰ ਜਨਰਲ ਪੁਲਿਸ (ਕਮਿਊਨਿਟੀ ਅਫੇਅਰ ਡਿਵੀਜਨ), ਐਸਐਸਪੀ ਕਪੂਰਥਲਾ ਨਵਨੀਤ ਸਿੰਘ ਬੈਂਸ, ਐਸ।ਪੀ। ਹੈਡ ਕੁਆਰਟਰ ਕਮ ਡੀਸੀਪੀਓ। ਕਪੂਰਥਲਾ ਹਰਪ੍ਰੀਤ ਸਿੰਘ ਅਤੇ ਇੰਸਪੈਕਟਰ ਕੈਲਾਸ਼ ਕੌਰ ਇੰਚਾਰਜ ਸਬ-ਡਿਵੀਜਨ ਫਗਵਾੜਾ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਅਮਨਦੀਪ ਨਾਹਰ ਐਸਐਚਓ। ਸਿਟੀ ਫਗਵਾੜਾ, ਏਐਸਆਈ ਰਸ਼ਪਾਲ ਸਿੰਘ, ਏਐਸਆਈ ਇਕਬਾਲ ਸਿੰਘ, ਲੇਡੀ ਕਾਂਸਟੇਬਲ ਰਮਨਦੀਪ ਕੌਰ ਅਤੇ ਅਮਨਦੀਪ ਕੌਰ, ਮਹਿਲਾ ਮਿੱਤਰ ਥਾਣਾ ਫਗਵਾੜਾ ਵਲੋਂ ਸਰਕਾਰੀ ਸੀਸੈ ਸਕੂਲ (ਲੜਕੇ) ਪੁਰਾਣਾ ਡਾਕਖਾਨਾ ਰੋਡ ਵਿਖੇ ਵਿਦਿਆਰਥੀਆਂ ਅਤੇ



ਖਿਡਾਰੀਆਂ ਨੂੰ ਸਪੋਰਟਸ ਸ਼ਰਟਾਂ ਵੰਡੀਆਂ ਗਈਆਂ। ਇਸ ਮੌਕੇ ਸ੍ਰੀ ਅਮਨਦੀਪ ਨਾਹਰ ਐਸਐਚਓ।

ਸਿਟੀ ਥਾਣਾ ਫਗਵਾੜਾ ਨੇ ਕਿਹਾ ਕਿ ਪੰਜਾਬ ਪੁਲਿਸ ਵਲੋਂ ਸਮਾਜ ਸੇਵਾ ਦੇ ਕੰਮ ਜਾਰੀ ਰਹਿਣਗੇ ਅਤੇ ਖਿਡਾਰੀਆਂ ਨੂੰ ਹਰ ਸੰਭਵ ਮੱਦਦ ਕੀਤੀ ਜਾਵੇਗੀ। ਸਕੂਲ ਪ੍ਰਿੰਸੀਪਲ ਰਣਜੀਤ ਕੁਮਾਰ ਗੋਗਨਾ ਨੇ ਪੰਜਾਬ ਪੁਲਿਸ ਦੇ ਸਮਾਜ ਸੇਵੀ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਸਮੂਹ ਪਤਵੰਤਿਆਂ ਦਾ ਸਕੂਲ ਪਹੁੰਚਣ ਲਈ ਧੰਨਵਾਦ ਕੀਤਾ। ਇਸ ਮੌਕੇ ਸਤਨਾਮ ਸਿੰਘ ਰੰਧਾਵਾ, ਰਵਿੰਦਰ ਸਿੰਘ ਰਾਏ ਰਿਟਾ ਬੈਂਕ ਅਧਿਕਾਰੀ ਐਸਬੀਆਈ ਤੋਂ ਇਲਾਵਾ ਸਮੂਹ ਸਕੂਲ ਸਟਾਫ ਅਤੇ ਵਿਦਿਆਰਥੀ ਹਾਜਰ ਸਨ।

# ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦੇ ਜਨਮ ਦਿਨ 'ਤੇ ਯੂਨੀਵਰਸਿਟੀ ਕਾਲਜ ਬੇਨੜਾ 'ਚ ਵਿਸ਼ੇਸ਼ ਪ੍ਰੋਗਰਾਮ

**ਧੂਰੀ, 28 ਸਤੰਬਰ, 2022-** ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਦਾ 115ਵਾਂ ਜਨਮ ਦਿਨ ਪ੍ਰਿੰਸੀਪਲ ਡਾ ਬਾਲ ਕ੍ਰਿਸ਼ਨ ਦੀ ਅਗਵਾਈ ਵਿੱਚ ਐਨ ਐਸ ਐਸ ਵਿਭਾਗ ਦੇ ਸਹਿਯੋਗ ਨਾਲ ਮਨਾਇਆ ਗਿਆ। ਇਸ ਪ੍ਰੋਗਰਾਮ ਵਿੱਚ ਤਹਿਸੀਲਦਾਰ ਧੂਰੀ ਸ। ਕੁਲਦੀਪ ਸਿੰਘ ਨੇ ਬਤੌਰ ਮੁੱਖ ਮਹਿਮਾਨ ਅਤੇ ਮੁੱਖ ਵਕਤਾ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਇਤਿਹਾਸਿਕ ਤੱਥਾਂ ਦੇ ਆਧਾਰ ਤੇ ਬੋਲਦੇ ਹੋਏ ਸਮੇਂ-ਸਮੇਂ ਸ਼ੁਰੂ ਹੋਏ ਵੱਖ-ਵੱਖ ਅੰਦੋਲਨਾਂ ਬਾਰੇ ਜਿਕਰ ਕਰਦੇ ਹੋਏ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਵੱਲੋਂ ਸੁਤੰਤਰਤਾ ਸੰਗਰਾਮ ਵਿੱਚ ਪਾਏ ਅਹਿਮ ਯੋਗਦਾਨ ਅਤੇ ਉਨ੍ਹਾਂ ਦੀ ਲਾਸਾਨੀ ਸ਼ਹਾਦਤ ਬਾਰੇ ਵਿਸਥਾਰ ਸਹਿਤ



ਵਿਦਿਆਰਥੀਆਂ ਨੂੰ ਜਾਣੂ ਕਰਵਾਇਆ।

ਜਨਮ ਦਿਨ 'ਤੇ ਵਿਸ਼ੇਸ਼ ਤੌਰ ਤੇ ਇਤਿਹਾਸ ਵਿਭਾਗ ਦੇ ਵਿਦਿਆਰਥੀਆਂ ਨੇ ਸਰਦਾਰ ਭਗਤ ਸਿੰਘ ਦੇ ਜੀਵਨ ਅਤੇ ਵਿਚਾਰਧਾਰਾ ਨਾਲ ਸਬੰਧਤ ਕਿਤਾਬਾਂ ਕਾਲਜ ਲਾਇਬ੍ਰੇਰੀ ਨੂੰ ਦਾਨ ਕੀਤੀਆਂ ਗਈਆਂ ਅਤੇ ਸ਼ਹੀਦ ਭਗਤ ਸਿੰਘ ਦੇ ਜੀਵਨ ਨਾਲ ਸਬੰਧਤ ਫ਼ਿਲਮ ਵਿਦਿਆਰਥੀਆਂ ਨੂੰ ਦਿਖਾਈ ਗਈ। ਇਸ ਮੌਕੇ ਕਾਲਜ ਪ੍ਰਿੰਸੀਪਲ ਨੇ ਵਿਦਿਆਥੀਆਂ ਨੂੰ ਸ਼ਹੀਦ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਜੁੜਨ ਲਈ ਪ੍ਰੇਰਿਤ ਕੀਤਾ ਅਤੇ ਆਏ ਮਾਹਿਮਾਨਾਂ ਦਾ ਰਸਮੀ ਤੌਰ 'ਤੇ ਧੰਨਵਾਦ ਕੀਤਾ। ਸਟੇਜ ਸੰ-ਚਾਲਨ ਦੀ ਭੂਮਿਕਾ ਪ੍ਰੋ ਰਜਿੰਦਰ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਐਨ ਐਸ ਐਸ ਯੂਨਿਟਾਂ ਦੇ ਪ੍ਰੋਗਰਾਮ ਅਫ਼ਸਰ ਡਾ ਗਗਨਦੀਪ ਸਿੰਘ ਤੇ ਡਾ ਊਸ਼ਾ ਰਾਣੀ ਤੋਂ ਇਲਾਵਾ ਡਾ ਜਸਬੀਰ ਸਿੰਘ, ਵਰਿੰਦਰਪਾਲ ਸਿੰਘ ਪਟਾਵਰੀ ਧੂਰੀ ਸਮੇਤ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ। **-ਦਲਜੀਤ ਕੌਰ ਭਵਾਨੀਗੜ੍ਹ**

# ਸਮਾਜਸੇਵੀ ਸੰਸਥਾਵਾਂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਲੋਕਾਂ ਦੀ ਭਲਾਈ ਲਈ ਕੰਮ ਕਰਨ: ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ

**ਦਿੜ੍ਹਬਾ/ਸੰਗਰੂਰ-** ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਮਾਜਸੇਵੀ ਸੰਸਥਾਵਾਂ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਲੋਕਾਂ ਦੀ ਭਲਾਈ ਲਈ ਕੰਮ ਕਰਨ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਉਨਾਂ ਨੂੰ ਹਰ ਸੰਭਵ ਮਦਦ ਮੁਹੱਈਆ ਕਰਵਾਈ ਜਾਵੇਗੀ। ਕੈਬਨਿਟ ਮੰਤਰੀ ਚੀਮਾ ਅੱਜ ਇੱਥੇ ਪਿੰਡ ਗੁੱਜਰਾਂ ਵਿਖੇ ਲਗਵਾਏ ਗਏ ਅੱਖਾਂ ਦੇ ਮੈਡੀਕਲ ਚੈਕਅੱਪ ਕੈਂਪ 'ਚ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਣ ਲਈ ਪਹੁੰਚੇ ਹੋਏ ਸਨ। ਉਨਾਂ ਕਿਹਾ ਕਿ ਗੁੱਜਰਾਂ ਪਿੰਡ ਦੇ ਕਲੱਬ ਵੱਲੋਂ ਵੀ ਨਿਰੰਤਰ ਸਮਾਜ ਭਲਾਈ ਦੇ ਖੇਤਰ 'ਚ ਸ਼ਲਾਘਾਯੋਗ ਕੰਮ ਕੀਤਾ ਜਾ ਰਿਹਾ ਹੈ ਅਤੇ ਅੱਜ ਕਲੱਬ ਵੱਲੋਂ ਚੁੱਕੀਆਂ ਗਈਆਂ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਵਿਚਾਰਿਆ ਜਾਵੇਗਾ।



ਇਸ ਮੌਕੇ ਬੋਲਦਿਆਂ ਕੈਬਨਿਟ ਮੰਤਰੀ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਸੱਦ ਕੇ ਲਗਾਤਾਰ ਵਿਰੋਧੀ ਧਿਰਾਂ ਨੂੰ ਮੌਕਾ ਦਿੱਤਾ ਜਾ ਰਿਹਾ ਹੈ ਕਿ ਸੂਬੇ ਦੇ ਲੋਕਾਂ ਦੀਆਂ ਮੰਗਾਂ 'ਤੇ ਵਿਚਾਰ ਕਰਕੇ ਉਨਾਂ ਦੇ ਮਸਲੇ ਹੱਲ ਕੀਤੇ ਜਾਣ। ਉਨਾਂ ਕਿਹਾ ਕਿ ਬਹੁਤ ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਦੀਆਂ ਵਿਰੋਧੀ ਧਿਰਾਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ। ਉਨਾਂ ਕਿਹਾ ਕਿ ਲੋਕਾਂ ਵੱਲੋਂ ਚੁਣ ਕੇ ਵਿਧਾਨ ਸਭਾ 'ਚ ਭੇਜੇ ਗਏ ਸਮੂਹ ਨੁਮਾਇੰਦਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਇਸ ਪਵਿੱਤਰ ਸਦਨ 'ਚ ਲੋਕਾਂ ਦੀ ਆਵਾਜ਼ ਬਣ ਕੇ ਉਨਾਂ ਦੇ ਮਸਲੇ ਹੱਲ ਕਰਵਾਉਣ। ਉਨਾਂ ਕਿਹਾ ਕਿ ਇਸ ਦੇ ਉਲਟ ਵਿਰੋਧੀ ਪਾਰਟੀਆਂ ਦੇ ਲੀਡਰ ਵਿਧਾਨ ਸਭਾ ਦੇ ਬਾਹਰ ਡਰਾਮੇਬਾਜ਼ੀ ਕਰ ਰਹੇ ਹਨ ਜਿਸਦਾ ਸਮਾਂ ਆਉਣ 'ਤੇ ਲੋਕ ਮੂੰਹ ਤੋੜ ਜਵਾਬ ਦੇਣਗੇ। ਇਸ ਮੌਕੇ ਐਸਡੀਐਮ ਦਿੜ੍ਹਬਾ ਰਾਜੇਸ਼ ਸ਼ਰਮਾ, ਡੀ।ਐਸ।ਪੀ। ਪ੍ਰਿਥਵੀ ਸਿੰਘ ਚਾਹਲ, ਕਲੱਬ ਦੇ ਅਹੁਦੇਦਾਰ ਤੇ ਮੈਂਬਰ ਅਤੇ ਵੱਡੀ ਗਿਣਤੀ 'ਚ ਜ਼ਿਲਾ ਵਾਸੀ ਹਾਜ਼ਰ ਸਨ।

**-ਦਲਜੀਤ ਕੌਰ ਭਵਾਨੀਗੜ੍ਹ**

# ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਸੰਗਰੂਰ ਵਾਸੀਆਂ ਨੇ ਪੂਰੇ ਉਤਸ਼ਾਹ ਨਾਲ ਲਿਆ 'ਹਾਫ਼ ਮੈਰਾਥਨ' 'ਚ ਹਿੱਸਾ

**ਸੰਗਰੂਰ-** ਦੇਸ਼ ਦੀ ਆਜ਼ਾਦੀ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਮਹਾਨ ਯੋਧੇ ਸ਼ਹੀਦ ਸਰਦਾਰ ਭਗਤ ਸਿੰਘ ਦੇ 115ਵੇਂ ਜਨਮ ਦਿਹਾੜੇ ਮੌਕੇ ਅੱਜ ਜ਼ਿਲਾ ਪ੍ਰਸ਼ਾਸਨ ਸੰਗਰੂਰ ਵੱਲੋਂ ਸਥਾਨਕ ਵਾਰ ਹੀਰੋਜ਼ ਸਟੇਡੀਅਮ ਤੋਂ 'ਹਾਫ਼ ਮੈਰਾਥਨ' ਦੌੜ ਕਰਵਾਈ ਗਈ। ਇਸ ਦੌੜ ਨੂੰ ਡਿਪਟੀ ਕਮਿਸ਼ਨਰ ਸੰਗਰੂਰ ਸ਼੍ਰੀ ਜਤਿੰਦਰ ਜੋਰਵਾਲ ਵੱਲੋਂ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ ਜਿਸ ਵਿੱਚ ਵਿਦਿਆਰਥੀਆਂ, ਨੌਜਵਾਨਾਂ ਅਤੇ ਸ਼ਹਿਰ ਵਾਸੀਆਂ ਨੇ ਪੂਰੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਸੰਗਰੂਰ ਜ਼ਿਲਾ ਪੁਲਿਸ ਦੀ ਇੱਕ ਟੁਕੜੀ ਵੱਲੋਂ ਪਰੇਡ ਕਮਾਂਡਰ ਡੀ।ਐਸ।ਪੀ। ਪ੍ਰਿਥਵੀ ਸਿੰਘ ਚਾਹਲ ਦੀ ਅਗਵਾਈ 'ਚ ਸ਼ਹੀਦ ਭਗਤ ਸਿੰਘ ਜੀ ਨੂੰ ਸਲਾਮੀ ਵੀ ਦਿੱਤੀ ਗਈ। ਸਲਾਮੀ ਤੋਂ ਬਾਅਦ ਮੁੱਖ ਮੰਤਰੀ ਪੰਜਾਬ ਸ। ਭਗਵੰਤ ਮਾਨ ਦਾ ਸੂਬਾ ਵਾਸੀਆਂ ਦੇ ਨਾਮ ਸੰਦੇਸ਼ ਵੀ ਵੀਡਿਓ ਸਕਰੀਨ 'ਤੇ ਜ਼ਿਲਾ ਵਾਸੀਆਂ ਨਾਲ ਸਾਂਝਾ ਕੀਤਾ ਗਿਆ।


ਇਸ ਮੌਕੇ ਬੋਲਦਿਆਂ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਅੱਜ ਸਾਡੇ ਦੇਸ਼ ਲਈ ਬੜੇ ਮਾਣ ਵਾਲਾ ਦਿਨ ਹੈ ਜਦੋਂ ਪੰਜਾਬ ਦੇ ਮਹਾਨ ਕਰਾਂਤੀਕਾਰੀ ਸਪੂਤ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ ਦਿਵਸ ਪੂਰੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ 23 ਸਾਲਾਂ ਦੀ ਉਮਰ 'ਚ ਹੱਸਦਿਆਂ ਹੋਇਆਂ ਫ਼ਾਂਸੀ ਦੇ ਰੱਸੇ ਨੂੰ ਚੁੰਮਣ ਵਾਲੇ ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਉਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਰਦਾਰ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਸਿਰਜਣ ਲਈ ਕਵਾਇਦ ਸ਼ੁਰੂ ਕੀਤੀ ਗਈ ਹੈ ਜਿਸਨੂੰ ਜ਼ਿਲਾ ਪ੍ਰਸ਼ਾਸਨ ਵੱਲੋਂ ਪੂਰੀ ਤਨਦੇਹੀ ਨਾਲ ਨਿਭਾਇਆ ਜਾਵੇਗਾ। ਉਨਾਂ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਅੱਜ ਪੂਰੇ ਜ਼ਿਲੇ 'ਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੇ ਜਨਮ ਦਿਹਾੜੇ ਮੌਕੇ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ ਤਾਂ ਜੋ ਇਹ ਦਿਹਾੜਾ ਪੂਰੇ ਉਤਸ਼ਾਹ ਨਾਲ ਮਨਾਇਆ ਜਾ ਸਕੇ। ਉਨਾਂ ਕਿਹਾ 'ਹਾਫ਼ ਮੈਰ-ਾਥਨ' ਤੋਂ ਬਾਅਦ ਅੱਜ ਸੰਗਰੂਰ 'ਚ ਸ਼ਾਮ ਨੂੰ ਕੈਂਡਲ ਮਾਰਚ ਕੱਢਿਆ ਜਾ ਰਿਹਾ ਹੈ।



ਸ੍ਰੀ ਜਤਿੰਦਰ ਜੋਰਵਾਲ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਦੀ ਕੁਰਬਾਨੀ ਨੂੰ ਸਜਦਾ ਕਰਨ ਲਈ ਬਨਾਸਰ ਬਾਗ 'ਚ ਸਥਿਤ ਵਿਰਾਸਤੀ ਇਮਾਰਤਾਂ ਨੂੰ ਰੰਗ-ਬਿਰੰਗੀਆਂ ਲਾਇਟਾਂ ਨਾਲ ਸਜਾਇਆ ਗਿਆ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਵਰਜੀਤ ਵਾਲੀਆ, ਐਸ।ਡੀ।ਐਮ। ਸੰਗਰੂਰ ਨਵਰੀਤ ਕੌਰ ਸੇਖੋਂ, ਸਹਾਇਕ ਕਮਿਸ਼ਨਰ ਦੇਵਦਰਸ਼ਦੀਪ ਸਿੰਘ, ਜ਼ਿਲਾ ਖੇਡ ਅਫ਼ਸਰ ਰਣਬੀਰ ਸਿੰਘ, ਜ਼ਿਲਾ ਸਿੱਖਿਆ ਅਫ਼ਸਰ ਕੁਲਤਰਨ-ਜੀਤ ਸਿੰਘ, ਵੱਖ-ਵੱਖ ਸਕੂਲਾਂ-ਕਾਲਜਾਂ ਦੇ ਵਿਦਿਆਰਥੀ ਅਤੇ ਵੱਡੀ ਗਿਣਤੀ 'ਚ ਜ਼ਿਲਾ ਵਾਸੀ ਹਾਜ਼ਰ ਸਨ।


**-ਦਲਜੀਤ ਕੌਰ ਭਵਾਨੀਗੜ੍ਹ**





Book Available

http://www.unistarbooks.com/home/5512-pagrhi-sambhal-lehar-to-samyukt-kisan-morcha.html

http://www.unistarbooks.com/home/5512-pagrhi-sambhal-lehar-to-samyukt-kisan-morcha.html




My Struggle in Life:

Das Pawar, Ishwar: 9781682131558:

Amazon.com: Book

https://www.amazon.com/Struggle-Life-Ishwar-Das-Pawar/dp/1682131556


# "ਦਰਦ - ਏ - ਦਾਸਤਾਨ" ਦੁਖੜੇ ਸਮਾਜ ਦੇ

ਇਤਹਾਸ ਦੀ ਗਾਥਾ ਬੇਇੱਜ਼ਤੀ ਅਤੇ ਨਮੋਸ਼ੀ ਭਰੇ ਮਾਹੌਲ ਚੋਂ, ਭਾਰਤ ਦੇਸ਼ ਦੇ ਪੰਜਾਬ ਸੂਬੇ ਦੇ, ਜਲੰਧਰ ਜ਼ਿਲ੍ਹੇ ਦੇ, ਥਾਣਾ ਕਰਤਾਰ ਪੁਰ ਦੇ ਇਕ ਨਿੱਕੇ ਜਿਹੇ ਪਿੰਡ ਮੁਸਤਫਾ ਪੁਰ ਤੋਂ ਸ਼ੁਰੂ ਹੁੰਦੀ ਹੈ।

ਅੱਖੀਂ ਦੇਖੀ, ਕੰਨੀ ਸੁਣੀ, ਅਤੇ ਸਰੀਰਕ ਤੌਰ ਤੇ ਸਾਹਮਣਾ ਕੀਤੇ ਦੀ : ਇਹ ਸੱਚੀ ਕਹਾਣੀ ਹੈ , ਜਾਂ ਆਪ ਇਸ ਘਟਨਾ ਨੂੰ ਇਕ ਸੋਚੀ - ਸਮਝੀ ਅਤੇ ਗਿਣੀ - ਮਿਥੀ ਵੱਡੀ ਸਾਜਸ਼ ਦੇ ਤਹਿਤ ਕਰਵਾਇਆ ਗਿਆ ਹਮਲਾ ਵੀ ਕਹਿ ਲਓ ਤਾਂ ਕੋਈ ਗਲਤ ਨਹੀਂ ਹੋਵੇਗਾ । ਵਿਵੇਕ ਬੁੱਧੀ ਹਮੇਸ਼ਾ ਹੀ ਸੱਚ ਦੀ ਖੋਜ ਚੋਂ ਤੜਫਦੀ ਹੈ ਅਤੇ ਇਨਸਾਫ਼ ਦੀ ਭਾਲ ਚੋਂ ਕੁਝ ਵੀ ਕਰਨ ਲਈ ਤਤਪਰ ਰਹਿੰਦੀ ਹੈ : ਸਮੇਂ ਦੇ ਬਲਵਾਨ ਪੰਨੇ ਆਪਣੇ ਆਪ ਹੀ ਪਲਟਦੇ ਰਹਿੰਦੇ ਹਨ :-

ਪਿੰਡ ਮੁਸਤਫਾ ਪੁਰ ਨੂੰ ਕਿੰਨੇ ਨਾਵਾਂ ਨਾਲ ਜਾਣਿਆ ਜਾਂਦਾ ਹੈ ਜਿਵੇਂ ਕਿ ਮੁਸਤਾਪੁਰ, ਮੁਸਤਫ਼ਾਪੁਰ ਮੁਸਤਾਫਾ ਪੁਰ, ਮੁਸਤਾ ਪੁਰ ਚਕਰਾਲਾ ਅਤੇ ਕਦੀ ਕਦਾਈਂ ਲੋਕ ਗ੍ਰਿਹ ਮੰਤਰੀ (Home Minster) ਦਾ ਪਿੰਡ ਵੀ ਕਹਿ ਦਿੰਦੇ ਹਨ। ਸਰਦਾਰ ਬੂਟਾ ਸਿੰਘ ਕੇਂਦਰੀ ਗ੍ਰਿਹ ਮੰਤਰੀ (Home Minster Government of Inida) ਭਾਰਤ ਸਰਕਾਰ ਦੇ ਕੈਬੀਨਟ ਮੰਤਰੀ (Caibnet iMinster) ਇਸੀ ਪਿੰਡ ਦੇ ਜੰਮ-ਪਲ ਸਨ ।

ਸੰਨ 1970, ਜੂਨ ਦਾ ਮਹੀਨਾ ਸੀ । ਮਜ਼ਬੀ ਸਿੱਖ - ਵਾਲਮੀਕਿ ਸਮਾਜ ਦੇ ਇਕ ਗਰੀਬ ਪਰਵਾਰ ਚੋਂ , ਠਾਕਰ ਸਿੰਘ ਅਤੇ ਬੰਤੀ ਦੀ ਸਪੁੱਤਰੀ ਮਹਿੰਗੋ ਦੀ ਸ਼ਾਦੀ ਸੀ। ਬਰਾਤ ਪਿੰਡ ਸਰਾਂਵਾਂ ਤੋਂ ਆਈ ਸੀ, ਸਰਾਂਵਾਂ ਪਿੰਡ, ਕਰਤਾਰ ਪੁਰ ਦੇ ਨਜ਼ਦੀਕ ਹੈ। ਇਹ ਪਿੰਡ ਸਰਾਏ ਖਾਸ ਕਰਕੇ ਵੀ ਜਾਣਿਆ ਜਾਂਦਾ ਹੈ। ਸਰਾਂਵਾਂ ਪਿੰਡ ਦੇ ਵਸਨੀਕ ਹਰੀ ਸਿੰਘ (ਹਰੀਆ) ਅਤੇ ਸੰਤੀ ਦੇ ਪੋਤਰੇ , ਗੁਰਮੀਤ ਸਿੰਘ ਦੀ ਬਰਾਤ ਸੀ। ਗੁਰਮੀਤ ਸਿੰਘ ਦੇ ਪਿਤਾ ਦਾ ਨਾਮ ਸਾਧੂ ਸਿੰਘ ਅਤੇ ਮਾਤਾ ਦਾ ਨਾਮ ਕਰਮੀ। ਗੁਰਮੀਤ ਸਿੰਘ ਦੇ ਪਿਤਾ ਦੇ ਦੋ ਭਾਈ ਹੋਰ ਸਨ - ਬਾਵਾ ਸਿੰਘ ਅਤੇ ਕਰਮ ਸਿੰਘ । ਪਿੰਡ ਮੁਸਤਫ਼ਾ ਪੁਰ ਦੀ ਪੰਚਾਇਤ ਦੀ ਮਨਜ਼ੂਰੀ ਤੋਂ ਬਾਦ ਬਰਾਤ ਦਾ ਉਤਾਰਾ ਪਿੰਡ ਦੇ ਗੌਰਮਿੰਟ ਪ੍ਰਾਇਮਰੀ ਸਕੂਲ ਮੁਸਤਫਾ ਪੁਰ ਚੋਂ ਕੀਤਾ ਗਿਆ। ਉਨ੍ਹਾਂ ਦਿਨਾਂ ਚੋਂ ਬਰਾਤਾਂ 2-2 , 3-3 ਦਿਨ ਰੁਕਿਆ ਕਰਦੀਆਂ ਸਨ । ਮੈਰਿਜ ਪੈਲਸ ਜਾਂ ਵੱਡੇ ਵੱਡੇ ਹਾਲ ਨਹੀਂ ਹੁੰਦੇ ਸਨ। ਬਰਾਤਾਂ ਦੇ ਖਾਣੇ ਦਾਣੇ ਦਾ ਪ੍ਰਬੰਧ ਘਰਾਂ ਦੇ ਵਿਹੜਿਆਂ ਚੋਂ ਹੀ,ਕਰ ਲਿਆ ਜਾਂਦਾ ਸੀ। ਅਤੇ ਅਕਸਰ, ਚਾਹ ਪਾਣੀ ਜਾਂ ਸ਼ਰਬਤ ਦਾ ਪ੍ਰਬੰਧ ਬਰਾਤ ਦੇ ਉਤਾਰੇ ਵਾਲੀ ਥਾਂ ਤੇ ਹੀ ਕਰ ਲਿਆ ਜਾਂਦਾ ਸੀ। ਬੜਾ ਸੁਖਾਵਾਂ ਮਹੌਲ ਹੋਇਆ ਕਰਦਾ ਸੀ। ਇਕ ਦੂਜੇ ਨੂੰ ਬੜਾ ਨਜ਼ਦੀਕ ਤੋਂ ਜਾਨਣ ਸਮਝਣ ਦਾ ਅਵਸਰ ਪ੍ਰਾਪਤ ਹੁੰਦਾ ਸੀ। ਰਾਤ ਦੇ ਖਾਣੇ ਤੋਂ ਬਾਦ ਖੁਸ਼ਨੁਮਾ ਵਾਤਾਵਰਣ ਚੋਂ ਹੱਸਦੇ ਖੇਲਦੇ ਸਾਰੇ ਬਰਾਤੀ ਆਪਣੇ ਆਪਣੇ ਮੰਜਿਆਂ ਤੇ ਲੰਮੇ ਪੈ ਗਏ । ਰਾਤ ਸੁੱਖ ਸ਼ਾਂਤੀ ਨਾਲ ਬੀਤੀ , ਮੇਲ੍ਹੀ ਬਰਾਤੀ ਸਭ ਖੁਸ਼ ਸਨ । ਸਵੇਰ ਹੋਈ, ਚਾਹ ਪਾਣੀ ਦੀ ਸੇਵਾ ਵਾਸਤੇ ਬਰਾਤੀਆਂ ਦੇ ਕੋਲ ਸੇਵਾਦਾਰ ਹਾਜ਼ਰ ਹੋਏ ਜਿਹਨਾ ਚੋਂ ਮੈਂ (ਕੇਬਾ) ਵੀ ਇਕ ਸੀ । ਅਸੀਂ ਸਾਰੇ ਸੇਵਾਦਾਰ, ਬਰਾਤੀਆਂ ਦੀ ਖ਼ਿਦਮਤ ਕਰ ਰਹੇ ਸੀ । ਚਾਹ ਦੀ ਸੇਵਾ ਦੇ ਨਾਲ ਨਾਲ ਮਿੱਠੀ ਅਤੇ ਨਮਕੀਨ ਸ਼ੀਰਨੀ ਵੀ ਪਰੋਸੀ ਜਾ ਰਹੀ ਸੀ । ਚੰਦ ਬਰਾਤੀ ਸਿਗਰਟ ਪੀਣ ਦੇ ਆਦੀ ਸਨ । ਦਿਲ ਟੁੰਬਣ ਵਾਲਾ ਨਜ਼ਾਰਾ ਅਤੇ ਵਾਲਮੀਕਿ ਸਮਾਜ ਦੀ ਇੱਜ਼ਤ ਦੀਆਂ ਧੱਜੀਆਂ, ਪੂਰਬ ਸਰਪੰਚ ਸੋਹਣ ਸਿੰਘ ਨੇ ਜੋ ਉਡਾਈਆਂ, ਸਾਡੇ ਸਾਰਿਆਂ ਵਾਸਤੇ ਮਰ ਜਾਣ ਵਾਲੀ ਘਟਨਾ ਤੋਂ ਘੱਟ ਨਹੀਂ ਸੀ।

ਜਦੋਂ ਸਵੇਰੇ ਸਵੇਰੇ ਚਾਹ ਪਾਣੀ ਦੀ ਸੇਵਾ ਅਜੇ ਚੱਲ ਹੀ ਰਹੀ ਸੀ ਤੇ ਅਚਾਨਕ ਪਿੰਡ ਦੇ ਪੂਰਬ ਸਰਪੰਚ ਸੋਹਣ ਸਿੰਘ ਆ ਧਮਕੇ ! ਬਿਨਾ ਕੁਛ ਦੱਸਿਆਂ ਪੁੱਛਿਆਂ, ਬਰਾਤੀਆਂ ਸਮੇਤ ਮੰਜੇ ਮੂਧੇ ਕਰਨ ਲੱਗ ਪਿਆ। ਉਮਰ ਦਾ ਲਿਹਾਜ਼ ਵੀ ਨਹੀਂ ਕੀਤਾ । ਬਜ਼ੁਰਗ ਅਤੇ ਜਵਾਨ ਸਭ ਨੂੰ ਮੰਜਿਆਂ ਸਮੇਤ ਪਲਟ ਰਿਹਾ ਸੀ। ਇਸ ਹਰਕਤ ਕਾਰਨ ਬਹੁਤ ਸਾਰੇ ਬਰਾਤੀਆਂ ਨੂੰ ਸੱਟਾਂ ਵੀ ਲੱਗੀਆਂ, ਪਰ ਕੀ ਕੀਤਾ ਜਾ ਸਕਦਾ ਸੀ, ਜੋਰਾਵਰਾ ਦਾ ਸੱਤੀ ਵੀਹੀ ਸੌ!! ਸਮਾਜ ਚੋਂ ਗਰੀਬ, ਤੇ ਉਹ ਵੀ ਅਛੂਤ, ਦਾ ਜੀਵਨ ਕਿੰਨਾ ਕਠਨ ਹੁੰਦਾ ਹੈ। ਇਕ ਗਰੀਬ ਹੀ ਸਮਝ ਸਕਦਾ ਹੈ ਕਿ ਲੜਕੀ ਦੇ ਮਾਤਾ - ਪਿਤਾ ਦਾ ਦਿਲ ਅੰਦਰ ਹੀ ਅੰਦਰ ਕਿੰਨਾ ਰੋਂਦਾ ਹੋਵੇਗਾ। ਸੋਹਣ ਸਿੰਘ ਨੂੰ ਜਦੋਂ ਪੁੱਛਿਆ ਗਿਆ ਕਿ ਇਸ ਤਰਾਂ ਦੀ ਬੇਜ਼ਮੀਰ ਅਤੇ ਸਾਡੀ ਇੱਜ਼ਤ ਨੂੰ ਮਿੱਟੀ ਚੋਂ ਮਿਲਾਣ ਵਾਲੀ ਹਰਕਤ ਕਿਉਂ ਕਰ ਰਿਹਾ ਹੈਂ : ਸਾਡਾ ਦਿਲ ਅੰਦਰ ਹੀ ਅੰਦਰ ਰੋਹ ਰਿਹਾ ਹੈ - ਤੂੰ ਕਿਉਂ ਸਾਡੀ ਇੱਜ਼ਤ ਦੀ ਜ਼ਰਾ ਵੀ ਪ੍ਰਵਾਹ ਨਾ ਕੀਤੀ ! ਤੈਨੂੰ ਜ਼ਰਾ ਵੀ ਤਰਸ ਨਾ ਆਇਆ!! ਕਿ ਇਸੀ ਨਗਰ ਦੀ ਇਕ ਗਰੀਬ ਦੀ ਬੇਟੀ ਦੀ ਬਰਾਤ ਹੈ। ਸੋਹਣ ਸਿੰਘ ਕਹਿੰਦਾ "ਕਸੂਰ ਕੋਈ ਨਹੀਂ - ਇਹ ਸਿਗਰਟਾਂ ਪੀ ਰਹੇ ਸਨ ਸਕੂਲ ਚੋਂ, ਮੈਨੂੰ ਤਾਰਾ ਸਿੰਘ ਨੇ ਦੱਸਿਆ, ਤਾਂ ਮੈਂ ਆਇਆ ਹਾਂ, ਹੁਣੇ ਹੀ ਤੁਸੀਂ ਆਪਣੇ ਮੰਜੇ ਬਿਸਤਰੇ ਚੁੱਕੋ ਤੇ ਸਕੂਲੋਂ ਬਾਹਰ ਨਿਕਲੋ। ਇਕ ਘੰਟੇ ਚੋਂ ਸਕੂਲ ਖਾਲੀ ਹੋਣਾ ਚਾਹੀਦਾ ਹੈ", ਅਤੇ ਧਮਕੀ ਸਹਿਤ ਤਾੜਨਾ ਕੀਤੀ, "ਮੈਂ ਘੰਟੇ ਬਾਦ ਫਿਰ ਗੇੜਾ ਮਾਰਾਂਗਾ, ਜੇ ਨਾ ਗਏ ਤਾਂ ਆਪਣਾ ਪੜ੍ਹਿਆ ਵਿਚਾਰ ਲੈਣਾ - ਕਿ ਹੋਰ ਕੀ ਕੀ ਹੋ ਸਕਦਾ ਹੈ ਤੇ ਹਸ਼ਰ ਵਾਸਤੇ ਤਿਆਰ ਰਹਿਣਾ , ਫਿਰ ਨਾ ਕਹਿਣਾ ਦੱਸਿਆ ਨਹੀਂ ਸੀ, ਚੇਤੇ ਰੱਖਣਾ ਇਕ ਘੰਟਾ ਸਮਾਂ ਹੈ "।

ਇਸ ਵਾਰਦਾਤ ਦੀ ਖਬਰ ਪਿੰਡ ਦੇ ਘਰ ਘਰ ਚੋਂ, ਅੱਗ ਵਾਂਗ ਫੈਲ ਗਈ ਅਤੇ ਇਲਾਕੇ ਦੇ ਕਈ ਹੋਰ ਲਾਗਲੇ ਪਿੰਡਾਂ ਚੋਂ ਵੀ , ਇਸ ਘਿਨੌਣੀ ਹਰਕਤ ਦੀ, ਲੋਕ ਨਿੰਦਾ ਕਰ ਰਹੇ ਸਨ। ਗਰੀਬ ਪਰਵਾਰ ਨਾਲ, ਪਿੰਡ ਅਤੇ ਇਲਾਕੇ ਦੇ ਲੋਕਾਂ ਦੀ ਬਹੁਤ ਹਮਦਰਦੀ ਸੀ।

ਹੁਣ ਕੀ ਹੋ ਸਕਦਾ ਹੈ? ਅਸੀਂ ਸਾਰੇ ਜਣੇ ਸੋਚਾਂ - ਵਿਚਾਰਾਂ ਚੋਂ ਪੈ ਗਏ ਕਿ ਬਰਾਤ ਦਾ ਉਤਾਰਾ ਹੁਣ ਕਿੱਥੇ ਕਰੀਏ? ਮੌਜੂਦਾ ਸਰਪੰਚ ਮਹਿੰਦਰ ਸਿੰਘ ਕੂਕਿਆਂ ਦੀ ਹਵੇਲੀ ਦੇ ਬਾਰੇ ਮਨ ਚੋਂ ਵਿਚਾਰ ਕੀਤੀ । ਇਕ ਆਸ ਦੀ ਕਿਰਨ ਨਜ਼ਰ ਆਈ । ਭਲੇ ਲੋਕ ਵੀ ਦੁਨੀਆ ਚੋਂ ਬਹੁਤ ਵੱਸਦੇ ਹਨ । ਅਸੀਂ ਛੇ ਬੰਦਿਆਂ ਨੇ ਲੜਕੀ ਦੇ ਵੀਰ ਨੂੰ ਨਾਲ ਲੈ ਕੇ ਪਿੰਡ ਦੇ ਜ਼ਿਮੀਂਦਾਰ ਸ਼ੰਕਰ ਸਿੰਘ ਦੀ ਹਵੇਲੀ ਜਾ ਫ਼ਰਿਆਦ ਕੀਤੀ ਅਤੇ ਘਟਨਾ ਦੀ ਸਾਰਾ ਵਾਰਤਾ ਬਿਆਨ ਕਰ ਦਿੱਤੀ । ਸ਼ੰਕਰ ਸਿੰਘ ਅਤੇ ਉਸ ਦੇ ਦੋ ਭਤੀਜੇ ਨਿਰਮਲ ਸਿੰਘ ਅਤੇ ਮਹਿੰਦਰ ਸਿੰਘ ਸਰਪੰਚ ਸਾਨੂੰ ਘਰੇ ਮਿਲ ਗਏ । ਇਨ੍ਹਾਂ ਦਾ ਪਰਵਾਰ 'ਕੂਕਿਆਂ' ਕਰਕੇ ਵੀ ਜਾਣਿਆ ਜਾਂਦਾ ਹੈ - ਜਿਵੇਂ ਕਿ ਮਹਿੰਦਰ ਕਿਹੜਾ? ਕੂਕਿਆਂ ਦਾ ਮਹਿੰਦਰ ਸਰਪੰਚ; ਮਹਿੰਦਰ ਨਾਮ ਦੇ ਕਈ ਹੋਰ ਵਿਅਕਤੀ ਵੀ ਪਿੰਡ ਚੋਂ ਵੱਸਦੇ ਸਨ । ਕੂਕਿਆਂ ਦੇ ਪਰਿਵਾਰ ਨੂੰ ਬੇਨਤੀ ਕੀਤੀ ਜੇ ਸੰਭਵ ਹੋ ਸਕੇ ਤਾਂ ਜਨੇਤ ਦਾ ਉਤਾਰਾ ਪ੍ਰਾਇਮਰੀ ਸਕੂਲ ਤੋਂ ਉਨ੍ਹਾਂ ਦੀ ਹਵੇਲੀ ਚੋਂ ਕਰ ਲਿਆ ਜਾਵੇ। ਉਨ੍ਹਾਂ ਨੂੰ ਪਹਿਲਾਂ ਹੀ ਇਸ ਘਟਨਾ ਦੀ ਖਬਰ ਮਿਲ ਚੁੱਕੀ ਸੀ, ਸਾਡੇ ਕੋ.ਲੋਂ ਵਿਸਤਾਰ ਨਾਲ ਕੁਝ ਹੋਰ ਪੁੱਛਣ ਤੋਂ ਉਨ੍ਹਾਂ ਸੰਕੋਚ ਕੀਤਾ । ਧੰਨਵਾਦ ਕੂਕਿਆ ਦੇ ਪਰਵਾਰ ਦਾ - ਉਨ੍ਹਾਂ ਨੇ ਹਾਂ ਭਰ ਦਿੱਤੀ । ਡੰਗਰ ਖੋਲ ਕੇ, ਗਰਮੀ ਦੀ ਰੁੱਤ ਚੋਂ, ਅੰਦਰ ਬੰਨੇ ਅਤੇ ਹਵੇਲੀ ਦੇ ਵਿਹੜੇ ਦਾ ਚੁਗਿਰਦਾ ਜਨੇਤ ਦੇ ਉਤਾਰੇ ਵਾਸਤੇ ਖਾਲੀ ਕਰ ਦਿੱਤਾ। ਅਸਾਂ ਸਾਰਿਆਂ ਰਲ ਮਿਲ ਕੇ ਡੰਗਰਾਂ ਦਾ ਗੋਹਾ ਕੂੜਾ ਚੁੱਕਿਆ, ਸਾਫ਼ ਸੁਥਰੀ ਰੇਤਾ ਮਿੱਟੀ ਖਿਲਾਰ ਕੇ ਡੰਗਰਾਂ ਦੇ ਮੱਲ - ਮੂਤਰ ਅਤੇ ਕੂੜੇ ਨੂੰ ਢੱਕ ਦਿੱਤਾ। ਮੇਰੇ ਨਾਲ ਦੇ ਸਾਰੇ ਸਾਥੀਆਂ ਨੇ ਬਰਾਤ ਦੇ ਮੰਜੇ ਬਿਸਤਰੇ ਪ੍ਰਾਇਮਰੀ ਸਕੂਲ ਤੋਂ ਕੂਕਿਆਂ ਦੀ ਹਵੇਲੀ ਲਿਆਣੇ ਅਰੰਭ ਕਰ ਦਿੱਤੇ, ਲੱਗ ਪੱਗ 35- 40 ਮਿੰਟ ਚੋਂ ਸਾਰੇ ਦੇ ਸਾਰੇ ਮੰਜੇ ਬਿਸਤਰੇ ਨਵੇਂ ਉਤਾਰੇ ਵਾਲੀ ਜਗਾ ਲਿਆਂਦੇ ਗਏ । ਮੁਹੱਲੇ ਦੇ ਮੇਰੇ ਸਾਰੇ ਸਾਥੀ ਜਿੰਨਾ ਚੋਂ ਮੈਂ ( ਕੇਬਾ ), ਭਜੀ, ਬੰਸੂ, ਬੂਟਾ, ਜੀਤ, ਮਲਕੀਤ, ਮੰਗੀ , ਬੂਟਾ ( ਬੂਟਾ ਨਾਮ ਦੇ 3 ਮੁੰਡੇ ਸਨ ), ਮੀਤ, ਜਗੀਰੀ, ਸ਼ੀਰੀ,......। ਅਤੇ ਹੋਰ ਕਈਆਂ ਦੇ ਇਲਾਵਾ ਵਿਆਹ ਵਾਲੀ ਲੜਕੀ ਦੇ ਭਰਾ : ਜੀਤ, ਦਰਸ਼ੂ, ਮਿੰਦਾ, ਪਾਸ਼, ਕਾਕੂ ਆਦਿ ਨੇ ਉਤਾਰੇ ਵਾਲੀ ਨਵੀਂ ਜਗਾ ਮੰਜੇ ਬਿਸਤਰੇ ਠੀਕ ਤਰਾਂ ਲਾ ਕੇ ਸੁੱਖ ਦਾ ਸਾਹ ਲਿਆ। ਬਰਾਤੀਆਂ ਕੋ.ਲੋਂ ਮਾਫ਼ੀ ਮੰਗਦੇ ਹੋਏ ਆਪਣੀ ਬੇਵਸੀ ਜ਼ਾਹਰ ਕੀਤੀ । ਬਰਾਤੀ ਵੀ ਸਾਰਾ ਕੁਝ ਸਮਝ ਦੇ ਸਨ , ਪਰ ਚੇਹਰਿਆਂ ਤੇ ਰੌਣਕ ਦੀ ਥਾਂ ਉਦਾਸੀ ਦੀ ਝਲਕ ਦਿਖਾਈ ਦਿੰਦੀ ਸੀ। ਦਿਲ ਵਲੂੰਦਰੇ ਗਏ, ਆਪ ਮੁਹਾਰੇ ਅੱਖਾਂ ਨਮ ਹੋ ਜਾਂਦੀਆਂ। ਆਪਣੇ ਗਮ ਨੂੰ ਅੰਦਰ ਛੁਪਾ ਕੇ, ਜਨੇਤੀ ਉੱਪਰੋਂ ਉੱਪਰੋਂ ਖੁਸ਼ ਹੋਣ ਦਾ ਜੂਠਾ ਮੁੱਠਾ ਦਿਖਾਵਾ ਕਰਦੇ, ਪਰ ਇੱਜ਼ਤ ਛਿਨ ਬਿਨ ਹੋਈ ਦਾ ਦਰਦ ਕ.ਲੇਜੇ ਅੰਦਰ ਸੱਟ ਮਾਰ ਗਿਆ ਸੀ।

ਬੇਇੱਜ਼ਤੀ ਦੀ ਇਸ ਘਟਨਾ ਨੇ ਇਕ ਨਵੇਂ ਯੁੱਗ ਦੀ ਸਿਰਜਨਾ ਕੀਤੀ। ਜਵਾਨ ਪੀੜੀ ਦੇ ਮਨਾਂ ਨੂੰ ਅੰਦਰ ਤੱਕ ਝੰਜੋੜ ਸੁੱਟਿਆ। ਆਤਮਾ ਲਾਹਨਤਾਂ ਪਾ ਰਹੀ ਸੀ । ਪਰ ਦਰਦ ਅੰਦਰੋਂ ਅੰਦਰ ਸਮੇਟਦੇ ਹੋਏ, ਸ਼ਾਦੀ ਦੀਆਂ ਸਾਰੀਆਂ ਰਸਮਾਂ-ਰੀਤਾਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਚੋਂ ਸੰਪੂਰਨ ਹੋਈਆਂ। ਲੜਕੀ ਵਿਦਾ ਹੋਈ, ਪਰਵਾਰ ਦੇ ਜੀਆਂ ਅਤੇ ਨਜਦੀਕੀ ਰਿਸ਼ਤੇਦਾਰਾਂ ਨੇ ਖੁਸ਼ੀਆਂ ਨਾਲ ਲੜਕੀ ਦੀ ਡੋਲੀ ਨੂੰ ਵਿਦਾ ਕੀਤਾ। ਖੁਸ਼ੀ ਭਾਵੇਂ ਸਾਰਿਆ ਨੂੰ ਬਹੁਤ ਸੀ, ਪਰ ਫਿਰ ਵੀ ਦੁਲਹਨ ਦੇ ਮਾਤਾ ਪਿਤਾ ਅਤੇ ਬਾਕੀ ਰਿਸ਼ਤੇਦਾਰਾਂ ਦੀਆਂ ਅੱਖਾਂ, ਖੁਸ਼ੀ ਨਾਲ ਨਮ ਸਨ ।ਲੜਕੀ ਵਾਲਿਆਂ ਸੁੱਖ ਦਾ ਸਾਹ ਲਿਆ। ਬਰਾਤ ਵੀ ਡੋਲੀ ਲੈ ਕੇ ਖੁਸ਼ੀ 2 ਆਪਣੇ ਘਰ ਪਹੁੰਚ ਗਈ।

ਸਰਾਂਵਾਂ ਅਤੇ ਮੁਸਤਫ਼ਾਪੁਰ ਇਨ੍ਹਾਂ ਦੋ ਪਿੰਡਾਂ ਦੇ ਲੋਕਾਂ ਦੇ ਇਲਾਵਾ, ਇਲਾਕੇ ਦੇ ਨਜ਼ਦੀਕ ਦੇ ਹੋਰਨਾ ਪਿੰਡਾਂ ਦੇ, ਜਿੰਨਾ 2 ਲੋਕਾਂ ਨੇ ਸੁਣਿਆ, ਇਸ ਘਿਨੌਣੀ ਹਰਕਤ ਦੀ ਨਿੰਦਾ ਕੀਤੀ। ਸਾਬਕਾ ਸਰਪੰਚ ਸੋਹਣ ਸਿੰਘ ਨੂੰ ਲੋਕਾਂ ਨੇ ਲਾਹਨਤਾਂ ਪਾਈਆਂ। ਕਦੀ ਸਮਾਂ ਸੀ ਉਨ੍ਹਾਂ ਦੇ ਪਰਵਾਰ ਦੀ ਤੂਤੀ ਬੋਲਦੀ ਸੀ, ਲੋਕ ਬਹੁਤ ਇੱਜ਼ਤ ਕਰਿਆ ਕਰਦੇ ਸਨ , ਇਸ ਘਟਨਾ ਤੋਂ ਪਹਿਲਾਂ ਇਕ ਦੋ ਵਾਰ ਦੀਆਂ ਚੋਣਾਂ ਨੂੰ ਛੱਡ ਕੇ ਜ਼ਿਆਦਾਤਰ ਸਰਪੰਚੀ ਉਨ੍ਹਾਂ ਦੇ ਪਰਵਾਰ ਕੋਲ ਹੀ ਰਹਿੰਦੀ ਸੀ। ਸੋਹਣ ਸਿੰਘ ਦੀ ਇਸ ਹਰਕਤ ਤੋਂ ਬਾਦ ਉਨ੍ਹਾਂ ਦੇ ਪਰਵਾਰ ਦੇ ਹਿੱਸੇ ਫਿਰ ਕਦੇ ਵੀ ਸਰਪੰਚੀ ਨਹੀਂ ਆਈ। ਸੋਹਣ ਸਿੰਘ ਦੇ ਪਰਵਾਰ ਦੇ, ਕੱਲੇ 2 ਜੀਅ ਦਾ ਇੱਜ਼ਤ, ਮਾਣ, ਸਤਕਾਰ ਸਭ ਹੌਲੀ 2 ਲੋਕਾਂ ਦੇ ਦਿਲਾਂ ਚੋਂ ਅਲੋਪ ਹੋਣਾ ਸ਼ੁਰੂ ਗਿਆ । ਸੋਹਣ ਸਿੰਘ ਦੇ ਪਰਵਾਰ ਨੂੰ ਹੁਣ ਪਹਿਲੇ ਵਰਗਾ ਆਦਰ - ਸਨਮਾਨ ਨਹੀਂ ਮਿਲ ਰਿਹਾ ਸੀ । ਗਰੀਬ - ਅਮੀਰ ਸਭ ਲੋਕ ਹੁਣ ਸੋਹਣ ਸਿੰਘ ਤੋਂ ਪਾਸਾ ਵੱਟ ਕੇ ਲੰਘ ਜਾਣਾ ਹੀ ਬਿਹਤਰ ਸਮਝਣ ਲੱਗ ਪਏ । ਸੋਹਣ ਸਿੰਘ ਨੂੰ ਥੋੜਾ ਅਹਿਸਾਸ ਹੋਣ ਲੱਗ ਪਇਆ ਕਿ ਉਸ ਨੇ ਬਹੁਤ ਵੱਡੀ ਗਲਤੀ ਕੀਤੀ ਸੀ । ਪਰ ਬੀਤਿਆ ਵਕਤ ਹੱਥ ਨਹੀਂ ਆਉਂਦਾ : ਮੈਂ ( ਕੇਬਾ ) ਅਤੇ ਮੁਹੱਲੇ ਦੇ ਸਾਰੇ ਲੋਕ ਕੂਕਿਆਂ ਦੇ ਟੱਬਰ ਦੇ ਬਹੁਤ ਧੰਨਵਾਦੀ ਸਾਂ ; ਜਿਨ੍ਹਾਂ ਨੇ , ਨਾ ਸਿਰਫ਼ ਇਕ ਗਰੀਬ ਦੀ ਇੱਜ਼ਤ ਹੀ ਬਚਾਈ, ਸਗੋਂ ਜਨੇਤ ਦਾ ਵੀ ਬਹੁਤ ਸਤਿਕਾਰ ਕੀਤਾ। ਲੜਕੀ ਵਾਲਿਆਂ ਦੇ ਗਰੀਬ ਪਰਵਾਰ ਨੂੰ ਲੋੜੀਂਦੀ ਸਹਾਇਤਾ ਚੋਂ ਵੀ ਯੋਗਦਾਨ ਪਾਇਆ । ਪਿੰਡ ਦੇ ਸਾਰੇ ਲੋਕਾਂ ਨੇ ਵੀ, ਮਹਿੰਦਰ ਸਿੰਘ ਸਰਪੰਚ ਅਤੇ ਉਸ ਦੇ ਵੱਡੇ ਭਰਾ ਨਿਰਮਲ ਸਿੰਘ ਦੀ, ਸ਼ਲਾਘਾ ਕੀਤੀ ਅਤੇ ਭਵਿੱਖ ਚੋਂ ਐਸੀ ਗਲਤੀ ਤੋਂ ਗਰੇਜ ਕਰਨ ਦੀ ਸਲਾਹ ਇਕ - ਦੂਜੇ ਨੂੰ ਦੇ ਰਹੇ ਸਨ। ਕੂਕਿਆਂ ਦੇ ਇਸ ਹਮਦਰਦੀ ਭਰੇ ਰਵੱਈਏ ਦੀ ਸਿਫ਼ਤ ਇਲਾਕੇ ਦੇ ਲਾਗਲੇ 2 ਪਿੰਡਾਂ ਚੋਂ ਵੀ ਹੋ ਰਹੀ ਸੀ।

ਬੇਟੀ ਦੀ ਵਿਦਾਈ ਤੋਂ ਬਾਦ , ਉਸੀ ਰਾਤ ਮੁਹੱਲੇ ਦੇ ਸਾਰੇ ਲੋਕਾਂ :- ਛੋਟਾ, ਵੱਡਾ , ਜਵਾਨ , ਬਜ਼ੁਰਗ ਅਤੇ ਬੀਬੀਆਂ - ਭੈਣਾਂ , ਸਭ ਨੇ ਬਹੁਤ ਵੱਡਾ ਇਕੱਠ (Meeitng) ਕੀਤਾ। ਸਾਰੇ ਦਿਨ ਦੀ ਨੱਠ - ਭੱਜ ਅਤੇ ਥਕਾਣ ਦੇ ਬਾਵਜੂਦ ਵੀ ਲੋਕ ਰਾਤ ਦੇ 11 ਵਜੇ ਤੱਕ ਸਬਰ ਨਾਲ ਬੈਠੇ ਰਹੇ ਕਿ ਅੱਜ ਕਿਸੀ ਨਾ ਕਿਸੀ ਨਤੀਜੇ ਤੇ ਪਹੁੰਚ ਕੇ ਹੀ ਸਾਹ ਲਵਾਂਗੇ । ਬਹੁਤ ਸਾਰੇ ਲੋਕਾਂ ਨੇ ਆਪੋ ਆਪਣੇ ਵਿਚਾਰ ਮੀਟਿੰਗ ਚੋਂ ਸਾਂਝੇ ਕੀਤੇ ।ਇਕ ਦੂਜੇ ਦੇ ਵਿਚਾਰਾਂ ਤੇ ਖ਼ੂਬ ਚਰਚਾ ਹੋਈ । ਮੈਂ ਕੇਵਲ ਸਿੰਘ (ਕੇਬਾ) ਨੇ ਵੀ ਆਪਣੇ ਵਿਚਾਰ ਮੀਟਿੰਗ ਚੋਂ ਰੱਖੇ , ਸੰਖੇਪ ਚੋਂ ਮੇਰਾ ਸੁਝਾ ਇਸ ਤਰਾਂ ਸੀ : ਬਰਾਦਰੀ ਦੇ ਹਰ ਘਰ ਨੂੰ ਹਰ ਮਹੀਨੇ ਦੀ ਪਹਿਲੀ ਤਰੀਕ ਨੂੰ , ਜੰਜ ਘਰ ਦੀ ਉਸਾਰੀ ਵਾਸਤੇ, ਇਕ ਚਵਾਨੀ ਜਾਨੀ ਕੇ 25 ਪੈਸੇ ਪ੍ਰਤੀ ਮਹੀਨਾ ਦਾਨ ਵਜੋਂ ਦੇਣਾ ਹੋਵੇਗਾ। ਹਰੇਕ ਸੁਝਾ ਦੇ ਨਫ਼ੇ - ਨੁਕਸਾਨ ਅਤੇ ਸਫਲਤਾ ਪੂਰਵਕ ਕਾਮਯਾਬ ਹੋਣ ਦਾ ਮੁਲਾਂਕਣ ਵੀ ਕੀਤਾ ਗਿਆ। ਚਰਚਾ ਦੇ ਕਿਸੇ ਸਿੱਟੇ ਤੇ ਪਹੁੰਚ ਕੇ ਹੀ ਮੀਟਿੰਗ ਬਰਖਾਸਤ ਹੋਈ; ਲੋਕਾਂ ਦੇ ਇਕੱਠ ਨੇ ਮੇਰੀ (ਕੇਬੇ ਦੀ) ਸੋਚ ਨੂੰ ਪ੍ਰਵਾਨਗੀ ਦੇ ਦਿੱਤੀ ਤੇ ਕਿਹਾ ਕੇਬੇ ... ਅਸੀਂ ਸਾਰਾ ਭਾਈਚਾਰਾ ਤੇਰੇ ਨਾਲ ਆ...। ਕੇਬਿਆ ! ਤੂੰ ਮੂਹਰੇ ਹੋ ਕੇ ਕੰਮ ਕਰ। ਮੈਂ (ਕੇਬਾ) ਵੀ ਏਨਾ ਸਿਆਣਾ ਨਹੀਂ ਸੀ , ਮਸਾਂ 17 ਸਾਢੇ 17 ਸਾਲ ਦੀ ਉਮਰ ਸੀ। ਪਰ ਹੋਈ ਬੇਇੱਜ਼ਤੀ ਦੀ ਅੱਗ ਸੀਨੇ ਠੰਢ ਨਹੀਂ ਪੈਣ ਦਿੰਦੀ ਸੀ । ਲੈ ਕੇ ਰੱਬ ਦਾ ਨਾਂ - ਬਜ਼ੁਰਗਾਂ ਤੋਂ ਲਿਆ ਅਸ਼ੀਰਵਾਦ ਤੇ ਸਿਰ ਮੁੰਡਾਸਾ ਬੰਨ ਕੇ ਪਿੜ ਚੋਂ ਨਿੱਤਰ ਪਿਆ ਜਾਨੀ ਕਿ ਲੋਕਾਂ ਦਾ ਮੋਹਰੀ ਹੋ ਤੁਰਿਆ। ਲੋਕਾਂ ਦੇ ਸਹਿਯੋਗ ਅਤੇ ਉਤਸ਼ਾਹ ਨੇ ਮੇਰੇ ਆਪਣੇ ਅੰਦਰ ਵੀ ਇਕ ਜੋਸ਼ ਨੁਮਾ ਦਲੇਰੀ ਅਤੇ ਸਾਹਸ ਉਤਪੰਨ ਕਰ ਦਿੱਤਾ ਅਤੇ ਮੈਂ ਜੀਅ ਜਾਨ ਲਾ ਕੇ ਆਪਣੇ ਮਕਸਦ ਦੀ ਵੱਲ ਚਾਲੇ ਪਾ ਲਏ। ਉਸੀ ਦਿਨ 10 ਘਰਾਂ ਦੇ ਲੋਕਾਂ ਨੇ, 25 ਪੈਸੇ ਪ੍ਰਤੀ ਮਹੀਨਾ ਦੇ ਹਿਸਾਬ , ਪਹਿਲੇ ਮਹੀਨੇ ਦੇ ਦਾਨ ਦਾ ਪੈਸਾ ਜਿਹੜਾ 2।50 ਰੁਪਿਆ ਜਾਨੀ ਕਿ ਢਾਈ ਰੁਪਿਆ, ਮਹੁਰਤ ਵਜੋਂ ਮੇਰੇ (ਕੇਬੇ) ਹਵਾਲੇ ਕਰ ਦਿੱਤਾ । ਉਨ੍ਹਾਂ ਦਾਨੀ ਭੈਣ ਭਰਾਵਾਂ ਨੂੰ ਤਹਿ ਦਿਲ ਤੋਂ ਸਲਾਮ!। ਮੀਟਿੰਗ ਚੋਂ ਦਾਨ ਦੇਣ ਵਾਲੇ ਚੰਦ ਲੋਕਾਂ ਦੇ ਨਾਮ ਇਸ ਤਰਾਂ ਹਨ: ਵਿਆਂਹਦੜ ਲੜਕੀ ਦਾ ਪਿਤਾ ਠਾਕਰ ਸਿੰਘ, ਮੁਨਸ਼ੀ ਰਾਮ, ਪਰੀਤੂ ਦਰਜ਼ੀ, ਕਿਸ਼ਨ ਸਿੰਘ, ਅਰਜਣ ਸਿੰਘ , ਜਗੀਰੀ, ਜ਼ੈਲ, ਦਰਸ਼ੂ, ਪਾਲੂ ਫ਼ੌਜੀ, ਰੱਤੂ (ਜਾਗਰ ਦਾ ) ... ਆਦਿ। ਦਿਲੋਂ ਧੰਨਵਾਦ ਪਹਿਲ ਕਰਨ ਵਾਲੇ ਦਾਨੀਆਂ ਦਾ।

ਜੂਨ ਮਹੀਨੇ ਦੇ ਬਾਕੀ ਰਹਿੰਦੇ ਦਿਨਾਂ ਤੋਂ ਲੈ ਕੇ, ਸਾਲ 1970 ਦੇ ਰਹਿੰਦੇ ਬਾਕੀ ਛੇ ਮਹੀਨੇ (ਜੁਲਾਈ ਤੋਂ ਦਸੰਬਰ ਤੱਕ ), ਮਿਥੀ ਦਾਨ ਰਾਸ਼ੀ ਇਕੱਠੀ ਕਰਨ ਵਾਸਤੇ, ਅਸੀਂ ਹਰ ਰੋਜ ਪੰਜ ਤੋਂ ਸੱਤ ਲੋਕ ਇਕੱਠੇ ਹੋ ਕੇ, ਮੁਹੱਲੇ ਦੇ ਘਰਾਂ ਚੋਂ ਜਾਂਦੇ ਰਹੇ। ਅਗਸਤ ਮਹੀਨੇ ਤੋਂ ਹਰ ਮਹੀਨੇ ਦਾ ਪਹਿਲਾ ਹਫ਼ਤਾ, ਦਾਨ ਰਾਸ਼ੀ ਇਕੱਠੀ ਕਰਨ ਵਾਸਤੇ ਮੁਕੱਰਰ ਕਰ ਲਿਆ, ਤਾਂ ਕਿ ਲੋਕ ਆਪਣੇ ਘਰੇਲੂ ਕਾਰੋਬਾਰ ਨਿਰਵਿਘਨ ਕਰ ਸਕਣ। ਸੀਤ ਸਿਆਲ ਦੀਆਂ, ਸੀਨਾ ਚੀਰਦੀਆਂ ਠੰਢੀਆਂ ਹਵਾਵਾਂ ਅਤੇ ਕੜਾਕੇ ਦੀ ਸਰਦੀ ਚੋਂ, ਸਾਡੀ ਕਮੇਟੀ ਰਾਤ ਨੂੰ 10 ਵਜੇ ਤੱਕ ਲੋਕਾਂ ਦੇ ਘਰਾਂ ਤੇ ਦਸਤਕ ਦਿੰਦੀ ਰਹਿੰਦੀ ਸੀ।

ਬਹੁਤ ਸਾਰੇ ਭੈਣਾਂ ਭਾਈਆਂ ਨੇ ਤਲਖ਼ੀ ਭਰੇ ਲਹਿਜੇ ਚੋਂ ਵੀ, ਸਾਨੂੰ ਜੀ ਆਇਆਂ ਕਿਹਾ ਅਤੇ ਕਈਆਂ ਨੇ ਗਰੀਬੀ ਕਾਰਨ ਮਜਬੂਰੀ ਦੇ ਹੰਝੂ ਸਾਡੀ ਝੋਲੀ ਪਾਏ। ਜਿਆਦਾ ਤਰ ਲੋਕ ਖਿੜੇ ਮੱਥੇ ਦਾਨ ਦੀ ਰਾਸ਼ੀ ਦੇ ਰਹੇ ਸਨ। ਲੋਕਾਂ ਦੀਆਂ ਮਜਬੂਰੀਆਂ ਦਾ ਭਲੀ-ਭਾਂਤ ਸਾਨੂੰ ਗਿਆਨ ਸੀ, ਇਸ ਕਰਕੇ ਅਸੀਂ ਹਰ ਇਕ ਨਾਲ ਮਿਲ ਕੇ ਹੀ ਸਮੱਸਿਆ ਦਾ ਹੱਲ ਕਰ ਰਹੇ ਸਾਂ।

ਖਰਾਬ ਹਾਲਾਤਾਂ ਚੋਂ ਬਹੁਤ ਸਾਰੇ ਲੋਕ, ਜਿਵੇਂ ਕਿਵੇਂ, ਜੀਵਨ ਦਾ ਪਹੀਆ ਚੱਲਦਾ ਰੱਖਣ ਲਈ ਸੰਘਰਸ਼ ਕਰ ਰਹੇ ਸਨ। ਅਸੀਂ ਬੜੀ ਧੀਰਜ ਨਾਲ ਗਰੀਬ ਲੋਕਾਂ ਦੇ ਦੁੱਖ ਸੁੱਖ ਸੁਣਦੇ ਰਹੇ ਤੇ ਭਾਈਚਾਰਾ ਹੋਰ ਵੀ ਮਜ਼ਬੂਤ ਹੁੰਦਾ ਗਿਆ। ਸਾਰਿਆ ਦੀ ਏਕਤਾ ਅਤੇ ਮਿਹਨਤ ਸਦਕਾ, ਸੰਨ 1971 ਜਨਵਰੀ ਦੇ ਪਹਿਲੇ ਹਫ਼ਤੇ ਤੱਕ , ਅਸੀਂ 68 ਰੁਪਿਆ ਜਮਾਂ ਕਰ ਲਏ।

ਪਟਵਾਰੀ ਨਾਲ ਗੱਲ ਕੀਤੀ ਕਿ ਮੁਹੱਲੇ ਦੇ ਜੰਜ ਘਰ ਦੇ ਥਾਂ ਦੀ ਨਿਸ਼ਾਨ ਦੇਹੀ ਦਾ ਪਤਾ ਕੀਤਾ ਜਾ ਸਕੇ। ਪਟਵਾਰੀ ਸਾਹਿਬ ਨੇ ਫੀਸ ਵਜੋਂ 72 ਰੁਪਿਆਂ ਦੀ ਮੰਗ ਕੀਤੀ। ਸਾਨੂੰ ਫਿਰ ਪਿਸੂ ਪੈ ਗਏ ; ਸਾਡੇ ਕੋਲ ਤਾਂ ਕੇਵਲ 68 ਰੁਪਿਆ ਸਨ । ਮੈਂ ਆਪਣੇ ਕਾਲਜ ਦੇ ਖ਼ਰਚੇ ਚੋਂ ਚਾਰ ਰੁਪਿਆ ਰ.ਲਾ ਕੇ 72 ਰੁਪਿਆ ਪੂਰਾ ਕਰ ਲਿਆ । ਪਟਵਾਰੀ ਆ ਗਿਆ, ਨਿਸ਼ਾਨ ਦੇਹੀ ਮਿਲ ਗਈ । ਲੋਕ ਬਹੁਤ ਖੁਸ਼ ਸਨ।

ਮਾੜੀ ਕਿਸਮਤ : ਹਰ ਮੋੜ ਤੇ ਮੁਸੀਬਤਾਂ ਦਾ ਸਾਹਮਣਾ ਕਰਨਾ, ਗਰੀਬਾਂ ਦਾ ਨਸੀਬ ਹੀ ਰੱਬ ਨੇ, ਸ਼ਾਇਦ ਇਸ ਤਰਾਂ ਦੀ ਲਿਖਿਆ ਹੋਵੇ, - ਸਾਡੀ ਇਹ ਧਾਰਣਾ ਸੀ। ਯਕੀਨ ਜਿਹਾ ਨਹੀਂ ਹੁੰਦਾ, ਪਰ ਫਿਰ ਵੀ, ਸਬਰ ਦਾ ਘੁੱਟ ਭਰਨ ਤੋਂ ਬਿਨਾ ਸਾਡੇ ਕੋਲ ਕੋਈ ਚਾਰਾ ਨਹੀਂ ਸੀ ।

ਜਾਨੀ ਕਿ ਜੰਜ ਘਰ ਦੀ ਨਿਸ਼ਾਨ ਦੇਹੀ ਵਾਲੀ ਥਾਂ ਪਹਿਲਾ ਹੀ, ਲੋਕਾਂ ਨੇ ਚਾਰੇ ਪਾਸੇ , ਇੰਚਾਂ ਤੋਂ ਲੈ ਕੇ ਫੁੱਟਾਂ ਤੱਕ, ਆਪਣੇ ਕਬਜ਼ੇ ਚੋਂ ਕਰ ਰੱਖੀ ਸੀ ; ਸਮੇਂ ਦੇ ਬਲਵਾਨ ਪੰਨੇ ਆਪਣੇ ਆਪ ਪਲਟਦੇ ਰਹਿੰਦੇ ਹਨ, ਪਰ ਅਸਾਂ ਕਦੀ ਸੰਜੀਦਗੀ ਨਾਲ ਵਿਚਾਰ ਹੀ ਨਹੀਂ ਕੀਤਾ ।

**ਅਗਲੇ ਅੰਕ ਚੋਂ ਫਿਰ ਮਿਲਾਂਗੇ**

**ਪਾਠਕਾਂ ਦਾ : ਕੇਵਲ ਸਿੰਘ ਸਿੱਧੂ**

**ਜਨਮ ਦਿਨ 'ਤੇ ਵਿਸ਼ੇਸ**

# 'ਇਨਕਲਾਬ' ਦਾ ਦੂਸਰਾ ਨਾਮ ਸ਼ਹੀਦੇ-ਆਜ਼ਮ-ਸਰਦਾਰ ਭਗਤ ਸਿੰਘ



ਐਚ.ਐਲ. ਕਪੂਰ

ਭਾਰਤ ਜਦੋਂ ਵੀ ਆਪਣੇ ਆਜ਼ਾਦ ਹੋਣ ਤੇ ਮਾਣ ਮਹਿਸੂਸ ਕਰਦਾ ਹੈ ਤਾਂ ਉਸ ਦਾ ਸਿਰ ਹਮੇਸ਼ਾ ਉਹਨਾਂ ਮਹਾਂਪੁਰਸ਼ਾਂ ਦੇ ਅੱਗੇ ਝੁਕਦਾ ਹੈ, ਜਿਹਨਾਂ ਨੇ ਦੇਸ਼ ਪ੍ਰੇਮ ਦੇ ਰਾਹ ਤੇ ਚੱਲ ਕੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ। ਦੇਸ਼ ਦੇ ਸੁਤੰਤਰਤਾ ਸੰਗਰਾਮ ਵਿਚ ਹਜ਼ਾਰਾਂ ਨੌਜਵਾਨ ਵੀ ਸਨ, ਜਿਹਨਾਂ ਨੇ ਤਾਕਤ ਦੇ ਬਲ ਤੇ ਆਜ਼ਾਦੀ ਪ੍ਰਾਪਤ ਕਰਨ ਲਈ ਠਾਣੀ ਤੇ ਆਪਣੇ ਆਪ ਨੂੰ ਇਨਕਲਾਬੀ ਜਾਂ ਕ੍ਰਾਂਤੀਕਾਰੀ ਕਹਾਇਆ। ਭਾਰਤ ਵਿਚ ਜਦੋਂ ਵੀ ਕ੍ਰਾਂਤੀਕਾਰੀਆਂ ਦਾ ਨਾਮ ਲਿਆ ਜਾਂਦਾ ਹੈ ਤਾਂ ਸਭ ਤੋਂ ਪਹਿਲਾਂ ਸ਼ਹੀਦੇ-ਆਜ਼ਮ- ਸਰਦਾਰ ਭਗਤ ਸਿੰਘ ਜੀ ਦਾ ਨਾਮ ਹੀ ਲਿਆ ਜਾਂਦਾ ਹੈ।

ਸ਼ਹੀਦੇ-ਆਜ਼ਮ- ਸਰਦਾਰ ਭਗਤ ਸਿੰਘ ਜੀ ਨੇ ਦੇਸ਼ ਦੇ ਨੌਜਵਾਨਾਂ ਵਿਚ ਊਰਜਾ ਦਾ ਅਜਿਹਾ ਗੁਵਾਰ ਭਰਿਆ ਕਿ ਵਿਦੇਸ਼ੀ ਹਕੂਮਤ ਨੂੰ ਭਾਰਤ ਦੇ ਨੌਜਵਾਨਾਂ ਤੋਂ ਡਰ ਲੱਗਣ ਲੱਗ ਪਿਆ। ਹੱਥ ਜੋੜ ਕੇ ਬੇਨਤੀ ਕਰਨ ਦੀ ਥਾਂ, ਲੋਹੇ ਨਾਲ ਲੋਹਾ ਟਕਰਾ ਕੇ,ਅੱਗ ਨਾਲ ਟੱਕਰ ਲੈ ਕੇ, ਆਜ਼ਾਦੀ ਦੀ ਲੜਾਈ ਲਈ ਕੁੱਦਣ ਵਾਲੇ ਭਗਤ ਸਿੰਘ ਦੀ ਦਲੇਰੀ ਦੀ ਕਹਾਣੀ ਅੱਜ ਵੀ ਸਾਡੇ ਅੰਦਰ ਦੇਸ਼ ਭਗਤੀ ਦੀ ਅੱਗ ਲਾਉਂਦੀ ਹੈ। ਇਹ ਮੰਨਿਆ ਜਾਂਦਾ ਹੈ ਕਿ ਜੇਕਰ ਉਸ ਸਮੇਂ ਦੇਸ਼ ਦੇ ਵੱਡੇ ਨੇਤਾ ਵੀ ਭਗਤ ਸਿੰਘ ਤੇ ਉਨ੍ਹਾਂ ਦੇ ਇਨਕਲਾਬੀ ਸਾਥੀਆਂ ਦਾ ਸਹਿਯੋਗ ਦਿੰਦੇ ਤਾਂ ਦੇਸ਼ ਸਮੇਂ ਤੋਂ ਪਹਿਲਾਂ ਆਜ਼ਾਦ ਹੋ ਜਾਂਦਾ ਤੇ ਉਸ ਸਮੇਂ ਅਸੀਂ ਹੋਰ ਮਾਣ ਮਹਿਸੂਸ ਕਰਦੇ ਪ੍ਰੰਤੂ ਦੇਸ਼ ਦੇ ਇਕ ਨੌਜਵਾਨ ਕ੍ਰਾਂਤੀਕਾਰੀ ਨੂੰ ਫਾਂਸੀ ਦੇ ਦਿੱਤੀ, ਲੇਕਿਨ ਮਰਨ ਤੋਂ ਬਾਅਦ ਵੀ ਭਗਤ ਸਿੰਘ ਜੀ ਨਹੀਂ ਮਰੇ। ਅੱਜ ਦੇ ਨੇਤਾਵਾਂ ਵਿਚ ਜਿੱਥੇ ਅਸੀਂ ਛੱਲ ਅਤੇ ਕਪਟ ਦੀ ਭਾਵਨਾ ਦੇਖਦੇ ਹਾਂ, ਜਿਹੜੇ ਮੁੰਬਈ ਹਮਲੇ ਤੋਂ ਬਾਅਦ ਵੀ ਆਪਣੇ ਸਵੈਮਾਣ ਅਤੇ ਗੁੱਸੇ ਨੂੰ ਤਾਕ ਤੇ ਰੱਖ ਕੇ ਬੈਠੇ ਹਨ, ਉਹਨਾਂ ਲਈ ਭਗਤ ਸਿੰਘ ਜੀ ਇਕ ਆਦਰਸ਼ ਸ਼ਖਸੀਅਤ ਹੈ, ਜਿਹਨਾਂ ਨੂੰ ਉਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਭਾਰਤ ਦੀ ਆਜ਼ਾਦੀ ਦੇ ਇਤਿਹਾਸ ਵਿਚ ਸ਼ਹੀਦੇ-ਆਜ਼ਮ- ਸਰਦਾਰ ਭਗਤ ਸਿੰਘ ਜੀ ਦਾ ਨਾਮ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੋਇਆ ਹੈ। ਭਗਤ ਸਿੰਘ ਜੀ ਦਾ ਜਨਮ 28 ਸਤੰਬਰ, 1907 ਈਸਵੀ ਨੂੰ ਪੰਜਾਬ ਦੇ ਜ਼ਿਲ੍ਹਾ ਲਾਇਲਪੁਰ ਦੇ ਬੰਗਾ ਪਿੰਡ (ਹੁਣ ਪਾਕਿਸਤਾਨ ਵਿਚ) ਵਿਖੇ ਹੋਇਆ। ਭਗਤ ਸਿੰਘ ਜੀ ਦੇ ਪਿਤਾ ਦਾ ਨਾਮ ਸਰਦਾਰ ਕਿਸ਼ਨ ਸਿੰਘ ਜੀ ਅਤੇ ਮਾਤਾ ਦਾ ਨਾਮ ਸਰਦਾਰਨੀ ਵਿਦਿਆਵਤੀ ਕੌਰ ਸੀ। ਉਨ੍ਹਾਂ ਦੇ ਪਿਤਾ ਤੇ ਚਾਚਾ ਅਜੀਤ ਸਿੰਘ ਜੀ ਤੇ ਸਵਰਨ ਸਿੰਘ ਜੀ ਵੀ ਅੰਗਰੇਜ਼ਾਂ ਦੇ ਖਿਲਾਫ ਆਜ਼ਾਦੀ ਦੀ ਲੜਾਈ ਦਾ ਇਕ ਅਹਿਮ ਹਿੱਸਾ ਸਨ। ਜਿਸ ਦਿਨ ਭਗਤ ਸਿੰਘ ਜੀ ਦਾ ਜਨਮ ਹੋਇਆ, ਉਸੇ ਦਿਨ ਹੀ ਉਹਨਾਂ ਦੇ ਪਿਤਾ ਤੇ ਚਾਚੇ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਸੀ। ਭਗਤ ਸਿੰਘ ਜੀ ਦੀ ਦਾਦੀ ਜੀ ਨੇ ਬੱਚੇ ਦਾ ਨਾਂ ਭਾਗਾਂ ਵਾਲਾ ਰੱਖਿਆ। ਬਾਅਦ ਵਿਚ ਉਹਨਾਂ ਨੂੰ ਭਗਤ ਸਿੰਘ ਕਿਹਾ ਜਾਣ ਲੱਗਿਆ। ਇਕ ਦੇਸ਼ ਭਗਤ ਪਰਿਵਾਰ ਵਿਚ ਜਨਮ ਲੈਣ ਕਰਕੇ ਇਕ ਤਰ੍ਹਾਂ ਨਾਲ ਦੇਸ਼ ਭਗਤੀ ਦਾ ਪਾਠ ਉਹਨਾਂ ਨੂੰ ਵਿਰਾਸਤ ਵਿਚ ਹੀ ਮਿਲਿਆ।

ਭਗਤ ਸਿੰਘ ਜੀ ਜਦੋਂ ਚਾਰ-ਪੰਜ ਸਾਲ ਦੇ ਹੋਏ ਤਾਂ ਉਹਨਾਂ ਨੂੰ ਪਿੰਡ ਦੇ ਪ੍ਰਾਇਮਰੀ ਸਕੂਲ ਵਿਚ ਹੀ ਦਾਖਲ ਕਰਵਾ ਦਿੱਤਾ। ਭਗਤ ਸਿੰਘ ਜੀ ਆਪਣੇ ਦੋਸਤਾਂ ਵਿਚ ਬਹੁਤ ਹਰਮਨ ਪਿਆਰੇ ਸਨ। ਉਹਨਾਂ ਨੂੰ ਸਕੂਲ ਦੀ ਚਾਰ ਦੀਵਾਰੀ ਵਿਚ ਬੈਠਣਾ ਚੰਗਾ ਨਹੀਂ ਲੱਗਦਾ ਸੀ, ਸਗੋਂ ਉਸ ਦਾ ਮਨ ਹਮੇਸ਼ਾ ਖੁੱਲ੍ਹੇ ਮੈਦਾਨਾਂ ਵਿਚ ਲੱਗਦਾ ਸੀ।

ਪ੍ਰਾਇਮਰੀ ਤੱਕ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਭਗਤ ਸਿੰਘ ਜੀ ਨੂੰ 1916-17 ਵਿਚ ਅਗਲੀ ਪੜ੍ਹਾਈ ਕਰਨ ਲਈ ਲਾਹੌਰ ਦੇ ਡੀ. ਏ. ਵੀ. ਸਕੂਲ ਵਿਚ ਦਾਖਲ ਕਰਾ ਦਿੱਤਾ। ਉਥੇ ਉਨ੍ਹਾਂ ਦਾ ਸੰਕਲਪ ਲਾਲਾ ਲਾਜਪਤ ਰਾਏ ਅਤੇ ਅੰਬਾ ਪ੍ਰਸਾਦ ਵਰਗੇ ਮਹਾਨ ਕ੍ਰਾਂਤੀਕਾਰੀ ਦੇਸ਼ ਭਗਤਾਂ ਨਾਲ ਹੋਇਆ। ਸੰਨ 1919 ਈ: ਵਿਚ 'ਰੋਲਟ ਐਕਟ' ਦੇ ਖਿਲਾਫ ਸਾਰੇ ਦੇਸ਼ ਵਿਚ ਪ੍ਰਦਰਸ਼ਨ ਹੋ ਰਹੇ ਸਨ ਤੇ ਇਸੇ ਸਾਲ ਹੀ ਵਿਸਾਖੀ ਵਾਲੇ ਦਿਨ 13 ਅਪ੍ਰੈਲ ਨੂੰ ਜਲ੍ਹਿਆਂ ਵਾਲਾ ਬਾਗ ਕਾਂਡ ਹੋਇਆ।

1920 ਵਿਚ ਮਹਾਤਮਾ ਗਾਂਧੀ ਜੀ ਦੇ 'ਅਸਹਿਯੋਗ ਅੰਦੋਲਨ' ਤੋਂ ਪ੍ਰਭਾਵਿਤ ਹੋ ਕੇ 1921 ਵਿਚ ਭਗਤ ਸਿੰਘ ਜੀ ਨੇ ਸਕੂਲ ਛੱਡ ਦਿੱਤਾ। 'ਅਸਹਿਯੋਗ ਅੰਦੋਲਨ' ਤੋਂ ਪ੍ਰਭਾਵਿਤ ਵਿਦਿਆਰਥੀਆਂ ਲਈ ਲਾਲਾ ਲਾਜਪਤ ਰਾਏ ਜੀ ਨੇ ਲਾਹੌਰ ਵਿਚ 'ਨੈਸ਼ਨਲ ਕਾਲਜ' ਦੀ ਸਥਾਪਨਾ ਕੀਤੀ। ਇਸ ਕਾਲਜ ਵਿਚ ਭਗਤ ਸਿੰਘ ਜੀ ਨੇ ਵੀ ਦਾਖਲਾ ਲਿਆ। ਉਹ ਲਾਲਾ ਲਾਜਪਤ ਰਾਏ ਜੀ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸਨ। 'ਪੰਜਾਬ ਨੈਸ਼ਨਲ ਕਾਲਜ' ਵਿਚ ਭਗਤ ਸਿੰਘ ਜੀ ਦੀ ਦੇਸ਼ ਪ੍ਰੇਮ ਦੀ ਭਾਵਨਾ ਵਧਣ-ਫੁੱਲਣ ਲੱਗੀ। ਇਸੇ ਕਾਲਜ ਵਿਚ ਹੀ ਉਸ ਦਾ ਜਸ਼ਪਾਲ, ਭਗਵਤੀ ਚਰਨ, ਸੁਖਦੇਵ, ਤੀਰਥ ਰਾਮ, ਠੰਡਾ ਸਿੰਘ ਆਦਿਕ ਕ੍ਰਾਂਤੀਕਾਰੀਆਂ ਨਾਲ ਸੰਪਰਕ ਹੋਇਆ। ਕਾਲਜ ਵਿਚ ਇਕ ਨੈਸ਼ਨਲ ਨਾਟਕ ਕਲੱਬ ਵੀ ਸੀ। ਇਸ ਕਲੱਬ ਦੇ ਮਾਧਿਅਮ ਦੁਆਰਾ ਹੀ ਭਗਤ ਸਿੰਘ ਨੇ ਨਾਟਕਾਂ ਵਿਚ ਆਪਣੀ ਕਲਾ ਦੇ ਜੌਹਰ ਵੀ ਦਿਖਾਏ।

1923 ਵਿਚ ਜਦੋਂ ਵੱਡੇ ਭਰਾ ਦੀ ਮੌਤ ਤੋਂ ਬਾਅਦ ਉਹਨਾਂ ਤੇ ਸ਼ਾਦੀ ਕਰਨ ਦਾ ਦਬਾਅ ਵੀ ਪਾਇਆ ਗਿਆ ਤਾਂ ਉਹ ਘਰ ਤੋਂ ਦੌੜ ਗਏ। ਇਸ ਸਮੇਂ ਦੌਰਾਨ ਉਹਨਾਂ ਨੇ ਦਿੱਲੀ ਵਿਚ 'ਅਰਜਨ' ਦੇ ਸੰਪਾਦਕੀ ਵਿਭਾਗ ਵਿਚ 'ਅਰਜਨ ਸਿੰਘ' ਦੇ ਨਾਮ ਤੇ ਕੁਝ ਸਮਾਂ ਕੰਮ ਕੀਤਾ ਅਤੇ ਆਪਣੇ ਆਪ ਨੂੰ 'ਨੌਜਵਾਨ ਭਾਰਤ ਸਭਾ' ਨਾਲ ਵੀ ਜੋੜੀ ਰੱਖਿਆ।

1924 ਵਿਚ ਭਗਤ ਸਿੰਘ ਨੇ ਕਾਨ੍ਹਪੁਰ ਦੇ ਦੈਨਿਕ ਪੱਤਰ 'ਪ੍ਰਤਾਪ' ਦੇ ਸੰਪਾਦਕ ਗਣੇਸ਼ ਸ਼ੰਕਰ ਵਿਦਿਆਰਥੀ ਨਾਲ ਮੁਲਾਕਾਤ ਕੀਤੀ। ਇਸ ਭੇਟ ਦੇ ਮਾਧਿਅਮ ਨਾਲ ਉਹ ਬਟੂਕੇਸ਼ਵਰ ਦੱਤ ਤੇ ਚੰਦਰ ਸ਼ੇਖਰ ਆਜ਼ਾਦ ਨੂੰ ਮਿਲੇ। ਚੰਦਰ ਸ਼ੇਖਰ ਆਜ਼ਾਦ ਨਾਲ ਹੋਈ ਮੁਲਾਕਾਤ ਨਾਲ ਭਗਤ ਸਿੰਘ ਪੂਰਨ ਇਨਕਲਾਬੀ ਬਣ ਗਿਆ। ਚੰਦਰ ਸ਼ੇਖਰ ਆਜ਼ਾਦ ਭਗਤ ਸਿੰਘ ਨੂੰ ਸਭ ਤੋਂ ਕਾਬਲ ਤੇ ਆਪਣਾ ਬਹੁਤ ਨਜ਼ਦੀਕੀ ਪ੍ਰੇਮੀ ਮੰਨਦੇ ਸਨ। ਦੋਹਾਂ ਨੇ ਮਿਲ ਕੇ ਕਈ ਵਾਰ, ਕਈ ਮੌਕਿਆਂ ਤੇ ਅੰਗਰੇਜ਼ਾਂ ਦੇ ਨੱਕ ਵਿਚ ਦਮ ਕੀਤਾ।

ਭਗਤ ਸਿੰਘ ਨੇ ਲਾਹੌਰ ਵਿਚ 1926 ਨੂੰ 'ਨੌਜਵਾਨ ਭਾਰਤ ਸਭਾ' ਦੀ ਸਥਾਪਨਾ ਕੀਤੀ। ਇਹ ਸਭਾ ਧਰਮ ਨਿਰਪੇਖ ਸਭਾ ਸੀ ਤੇ ਇਸ ਦੇ ਹਰ ਮੈਂਬਰ ਨੂੰ ਸੌਗੰਧ ਲੈਣੀ ਪੈਂਦੀ ਸੀ ਕਿ ਅਸੀਂ ਦੇਸ਼ ਦੇ ਹਿੱਤਾਂ ਨੂੰ ਆਪਣੇ ਜਾਤੀ ਤੇ ਆਪਣੇ ਧਾਰਮਿਕ ਹਿੱਤਾਂ ਤੋਂ ਉਪਰ ਮੰਨਾਂਗੇ ਪਰ ਮਈ, 1930 ਵਿਚ ਇਸ ਸਭਾ ਨੂੰ ਸਰਕਾਰ ਨੇ ਗੈਰ ਕਾਨੂੰਨੀ ਐਲਾਨ ਕਰ ਦਿੱਤਾ।



ਸਾਲ 1919 ਤੋਂ ਲਾਗੂ 'ਸ਼ਾਸਨ ਸੁਧਾਰ ਨਿਯਮਾਂ' ਦੀ ਜਾਂਚ ਲਈ ਫਰਵਰੀ 1928 ਵਿਚ 'ਸਾਈਮਨ ਕਮਿਸ਼ਨ' ਬੰਬਈ ਪਹੁੰਚਿਆ। ਦੇਸ਼ ਭਰ ਵਿਚ ਇਸ ਕਮਿਸ਼ਨ ਦਾ ਬਹੁਤ ਵਿਰੋਧ ਹੋਇਆ ਤੇ 'ਸਾਈਮਨ ਕਮਿਸ਼ਨ' ਵਾਪਿਸ ਜਾਓ' ਦੇ ਨਾਅਰਿਆਂ ਨਾਲ ਦੇਸ਼ ਗੂੰਜ ਉਠਿਆ। ਅਕਤੂਬਰ 30, 1928 ਨੂੰ ਸਾਈਮਨ ਕਮਿਸ਼ਨ ਲਾਹੌਰ ਪਹੁੰਚਿਆ। ਲਾਲਾ ਲਾਜਪੱਤ ਰਾਏ ਜੀ ਦੀ ਅਗਵਾਈ ਵਿਚ ਸਾਈਮਨ ਕਮਿਸ਼ਨ ਦੇ ਵਿਰੋਧ ਵਿਚ ਸ਼ਾਂਤੀਪੂਰਵਕ ਜਲੂਸ ਨਿਕਲਿਆ ਤੇ ਇਸ ਪ੍ਰਦਰਸ਼ਨ ਵਿਚ ਭੀੜ ਵਧਦੀ ਗਈ ਤੇ ਇਤਨੀ ਭੀੜ ਦੇਖ ਕੇ ਤੇ ਵਿਰੋਧ ਦੇਖ ਕੇ ਸਹਾਇਕ ਅਧਿਅਕਸ਼ ਸਾਂਡਰਸ ਨੇ ਸ਼ਾਂਤੀਪੂਰਵਕ ਤਰੀਕੇ ਨਾਲ ਵਿਰੋਧ ਕਰ ਰਹੇ ਪ੍ਰਦਰਸ਼ਨ ਕਾਰੀਆਂ ਤੇ ਬੜਾ ਜ਼ਬਰਦਸਤ ਲਾਠੀਚਾਰਜ ਕੀਤਾ। ਇਸ ਲਾਠੀਚਾਰਜ ਨਾਲ ਲਾਲਾ ਲਾਜਪਤ ਰਾਏ ਜੀ ਬਹੁਤ ਬੁਰੀ ਤਰ੍ਹਾਂ ਜ਼ਖਮੀ ਹੋ ਗਏ ਤੇ 17 ਨਵੰਬਰ, 1928 ਨੂੰ ਲਾਲਾ ਜੀ ਦੀ ਮੌਤ ਹੋ ਗਈ।

ਲਾਲਾ ਲਾਜਪਤ ਰਾਏ ਜੀ ਭਗਤ ਸਿੰਘ ਜੀ ਦੇ ਆਦਰਸ਼ ਪੁਰਸ਼ਾਂ ਵਿਚੋਂ ਇਕ ਸਨ। ਇਸ ਲਈ ਭਗਤ ਸਿੰਘ ਜੀ ਨੇ ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਲਈ ਪੱਕੀ ਠਾਣ ਲਈ। ਲਾਲਾ ਜੀ ਦੀ ਮੌਤ ਦਾ ਬਦਲਾ ਲੈਣ ਲਈ 'ਹਿੰਦੁਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ' ਨੇ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਤੇ ਜੈਗੂਪਾਲ ਦੀ ਜ਼ਿੰਮੇਵਾਰੀ ਲਾਈ। ਕ੍ਰਾਂਤੀਕਾਰੀਆਂ ਨੇ ਸਾਂਡਰਸ ਨੂੰ ਮਾਰ ਕੇ ਲਾਲਾ ਜੀ ਦੀ ਮੌਤ ਦਾ ਬਦਲਾ ਲਿਆ। ਸਾਂਡਰਸ ਦੀ ਹੱਤਿਆ ਨੇ ਸਰਦਾਰ ਭਗਤ ਸਿੰਘ ਜੀ ਦੀ ਸਾਰੇ ਭਾਰਤ ਦੇਸ਼ ਵਿਚ ਇਕ ਇਨਕਲਾਬੀ ਦੀ ਪਛਾਣ ਬਣਾ ਦਿੱਤੀ।

ਸਾਂਡਰਸ ਦੀ ਹੱਤਿਆ ਨਾਲ ਅੰਗਰੇਜ਼ ਸਰਕਾਰ ਪੂਰੀ ਤਰ੍ਹਾਂ ਨਾਲ ਬੁਖਲਾ ਗਈ। ਹਾਲਾਤ ਇਸ ਤਰ੍ਹਾਂ ਦੇ ਹੋ ਗਏ ਕਿ ਸਿੱਖ ਹੋਣ ਦੇ ਬਾਵਜੂਦ ਵੀ ਭਗਤ ਸਿੰਘ ਨੂੰ ਆਪਣੀ ਦਾੜ੍ਹੀ ਅਤੇ ਕੇਸ ਕਟਵਾਉਣੇ ਪਏ। ਇਸ ਤਰ੍ਹਾਂ ਭਗਤ ਸਿੰਘ ਜੀ ਨੇ ਅਲੱਗ ਪਹਿਚਾਣ ਬਣਾ ਕੇ ਅੰਗਰੇਜ਼ਾਂ ਦੀ ਅੱਖਾਂ ਵਿਚ ਧੂੜ ਝੋਕ ਦਿੱਤੀ।

ਉਨ੍ਹਾਂ ਦਿਨਾਂ ਵਿਚ ਹੀ ਅੰਗਰੇਜ਼ ਸਰਕਾਰ ਦਿੱਲੀ ਦੀ ਅਸੈਂਬਲੀ ਵਿਚ 'ਪਬਲਿਕ ਸੇਫਟੀ ਬਿਲ' ਅਤੇ 'ਟ੍ਰੇਡ ਡਿਸਪਿਊਟਸ ਬਿੱਲ' ਲਿਆਉਣ ਦੀ ਤਿਆਰੀ ਵਿਚ ਸੀ। ਇਹ ਲੋਕਾਂ ਲਈ ਬਹੁਤ ਹੀ ਦਮਨਕਾਰੀ ਕਾਨੂੰਨ ਸਨ ਅਤੇ ਸਰਕਾਰ ਇਨ੍ਹਾਂ ਨੂੰ ਪਾਸ ਕਰਨ ਲਈ ਮਨ ਬਣਾ ਚੁੱਕੀ ਸੀ। ਸਰਕਾਰ ਦਾ ਇਸ ਬਿਲ ਨੂੰ ਪਾਸ ਕਰਨ ਪਿੱਛੇ ਮਨਸ਼ਾ ਸੀ ਕਿ ਜਨਤਾ ਵਿਚ ਜਿਹੜਾ ਬੀਜ ਕ੍ਰਾਂਤੀ ਦਾ ਪਣਪ ਰਿਹਾ ਹੈ, ਉਸਨੂੰ ਵਧਣ ਤੋਂ ਪਹਿਲਾਂ ਹੀ ਸਮਾਪਤ ਕਰ ਦਿੱਤਾ ਜਾਵੇ। ਪਰ ਚੰਦਰ ਸ਼ੇਖਰ ਆਜ਼ਾਦ ਤੇ ਉਸਦੇ ਸਾਥੀਆਂ ਨੂੰ ਇਹ ਹਰਗਿਜ਼ ਮਨਜ਼ੂਰ ਨਹੀਂ ਸੀ। ਇਸ ਲਈ ਉਨ੍ਹਾਂ ਨੇ ਫੈਸਲਾ ਲਿਆ ਕਿ ਸੰਸਦ ਵਿਚ ਇਹ ਧਮਾਕਾ ਕਰਾਂਗੇ, ਜਿਸ ਨਾਲ ਬੋਲੀ ਹੋ ਚੁੱਕੀ ਅੰਗਰੇਜ਼ ਸਰਕਾਰ ਨੂੰ ਇਨਕਲਾਬੀਆਂ ਦੀ ਆਵਾਜ਼ ਸੁਣਾਈ ਦੇਵੇ।

ਇਸ ਕੰਮ ਲਈ ਭਗਤ ਸਿੰਘ ਦੇ ਨਾਲ ਬਟੂਕੇਸ਼ਵਰ ਦੱਤ ਨੂੰ ਜ਼ਿੰਮੇਵਾਰੀ ਦਿੱਤੀ ਗਈ। ਅਪ੍ਰੈਲ 8, 1929 ਨੂੰ ਜਿਸ ਤਰ੍ਹਾਂ ਹੀ ਬਿਲ ਸਬੰਧੀ ਐਲਾਨ ਹੋਇਆ, ਠੀਕ ਉਸ ਸਮੇਂ ਹੀ ਭਗਤ ਸਿੰਘ ਨੇ ਅਸੈਂਬਲੀ ਵਿਚ ਬੰਬ ਸੁੱਟਿਆ ਤੇ ਭਗਤ ਸਿੰਘ ਨੇ ਨਾਅਰਾ ਲਾਇਆ 'ਇਨਕਲਾਬ ਜ਼ਿੰਦਾਬਾਦ' ਸਾਮਰਾਜ ਦਾ ਨਾਸ਼ ਹੋਵੇ। ਇਸ ਦੇ ਨਾਲ ਕਈ ਪਰਚੇ ਵੀ ਅਸੈਂਬਲੀ ਵਿਚ ਸੁੱਟੇ ਗਏ। ਜਿਹਨਾਂ ਉਤੇ ਅੰਗਰੇਜ਼ੀ ਸਾਮਰਾਜ ਦੇ ਪ੍ਰਤੀ ਆਮ ਜਨਤਾ ਦਾ ਗੁੱਸਾ ਤੇ ਵਿਰੋਧ ਪ੍ਰਗਟ ਕੀਤਾ ਹੋਇਆ ਸੀ। ਇਸ ਤੋਂ ਬਾਅਦ ਕ੍ਰਾਂਤੀਕਾਰੀਆਂ ਨੂੰ ਗ੍ਰਿਫਤਾਰ ਕਰਨ ਦਾ ਦੌਰ ਚੱਲਿਆ। ਭਗਤ ਸਿੰਘ ਤੇ ਬਟੂਕੇਸ਼ਵਰ ਦੱਤ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਤੇ 'ਲਾਹੌਰ ਸਾਜਿਸ਼' ਦਾ ਕੇਸ ਵੀ ਉਹਨਾਂ ਦੇ ਜੇਲ੍ਹ ਵਿਚ ਹੁੰਦਿਆਂ ਹੀ ਚੱਲਿਆ, ਰੂਪੋਸ਼ ਹੋਏ ਇਨਕਲਾਬੀਆਂ ਵਿਚੋਂ ਮੁੱਖ ਇਨਕਲਾਬੀ ਰਾਜਗੁਰੂ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਗਿਆ ਅਤੇ ਵਿਚ ਫੈਸਲਾ ਇਹੀ ਹੋਇਆ, ਜਿਸ ਦੀ ਪਹਿਲਾਂ ਹੀ, ਇਹੀ ਉਮੀਦ ਸੀ।

ਕਈ ਲੋਕ ਮੰਨਦੇ ਹਨ ਕਿ ਜੇਕਰ ਗਾਂਧੀ ਜੀ ਚਾਹੁੰਦੇ ਤਾਂ ਭਗਤ ਸਿੰਘ ਜੀ ਨੂੰ ਬਚਾਇਆ ਜਾ ਸਕਦਾ ਸੀ। ਜੇਕਰ ਗਾਂਧੀ ਜੀ ਨੇ ਭਗਤ ਸਿੰਘ ਜੀ ਦਾ ਸਾਥ ਦਿੱਤਾ ਹੁੰਦਾ ਤਾਂ ਉਸ ਦੀ ਰਿਹਾਈ ਲਈ ਆਵਾਜ਼ ਉਠਾਈ ਹੁੰਦੀ ਤਾਂ ਇਹ ਯਕੀਨਨ ਹੈ ਕਿ ਅੱਜ ਦੇਸ਼ ਦਾ ਇਕ ਹੋਣਹਾਰ ਇਨਕਲਾਬੀ ਯੋਧਾ ਨਾ ਖੋਹਿਆ ਹੁੰਦਾ।

ਭਗਤ ਸਿੰਘ ਜੀ ਦੀ ਮੌਤ ਸਮੇਂ ਮਹਾਤਮਾ ਗਾਂਧੀ ਜੀ ਨੇ ਕਿਹਾ ਸੀ ਕਿ, 'ਮੈਨੇ ਕਿਸੀ ਕੀ ਜ਼ਿੰਦਗੀ ਕੋ ਲੇਕਰ ਇਤਨਾ ਮੋਮਾਂਚ ਨਹੀਂ ਦੇਖਾ ਜਿਤਨਾ ਕੇ ਭਗਤ ਸਿੰਘ ਕੇ ਬਾਰੇ ਮੇਂ। ਹਾਲਾਂਕਿ ਮੈਨੇ ਲਾਹੌਰ ਮੇਂ ਉਸੇ ਏਕ ਸ਼ਾਤਰ ਕੇ ਰੂਪ ਮੇਂ ਕਈ ਵਾਰ ਦੇਖਾ ਹੈ, ਮੁਝੇ ਭਗਤ ਸਿੰਘ ਕੀ ਵਿਸ਼ੇਸ਼ਤਾਏ ਯਾਦ ਨਹੀਂ ਹੈਂ, ਲੇਕਿਨ ਪਿਛਲੇ ਏਕ ਮਹੀਨੇ ਮੇਂ ਭਗਤ ਸਿੰਘ ਕੀ ਦੇਸ਼ ਭਗਤੀ, ਉਸ ਕੇ ਸਾਹਸ ਔਰ ਭਾਰਤੀਯ ਮਾਨਵਤਾ ਕੇ ਲੀਏ ਉਸਕੇ ਪ੍ਰੇਮ ਕੀ ਕਹਾਨੀ ਸੁਨਨਾ ਮੇਰੇ ਲੀਏ ਗੌਰਵ ਕੀ ਬਾਤ ਹੈ।'' ਲੇਕਿਨ ਇਸ ਦੇ ਨਾਲ ਹੀ ਉਹਨਾਂ ਨੇ ਕਿਹਾ ਕਿ, ''ਮੈਂ ਦੇਸ਼ ਕੇ ਯੁਵਾਓਂ ਕੋ ਆਗਾਹ ਕਰਤਾ ਹੂੰ ਕਿ ਵੇ ਉਨ ਕੇ ਉਦਾਹਰਣ ਕੇ ਰੂਪ ਸੇ ਹਿੰਸਾ ਕਾ ਅਨੁਕਰਣ ਨਹੀਂ ਕਰੇਂ।''

ਗਾਂਧੀ ਜੀ ਦੇ ਇਸ ਬਿਆਨ ਤੋਂ ਬਾਅਦ ਇਹ ਸਵਾਲ ਲੱਗਭੱਗ ਹਰ ਰਾਜ ਵਿਚ ਗੂੰਜਿਆ ਕਿ ਆਖਿਰ ਕਿਉਂ ਗਾਂਧੀ ਜੀ ਨੇ ਦੇਸ਼ ਦੇ ਇਸ ਮਹਾਨ ਕ੍ਰਾਂਤੀਕਾਰੀ ਨੂੰ ਬਚਾਉਣ ਲਈ ਇਸ ਦਿਸ਼ਾ 'ਚ ਕੋਈ ਕਦਮ ਕਿਉਂ ਨਹੀਂ ਚੁੱਕਿਆ ਅਤੇ ਕਿਉਂ ਗਾਂਧੀ ਜੀ ਨੇ ਭਗਤ ਸਿੰਘ ਦੀ ਵਿਚਾਰਧਾਰਾ ਦਾ ਵਿਰੋਧ ਕੀਤਾ?

ਇਸ ਸਵਾਲ ਦੇ ਜਵਾਬ ਵਿਚ ਕਈ ਲੋਕ ਇਹ ਆਖਦੇ ਹਨ ਕਿ ਅਗਰ ਮਹਾਤਮਾ ਗਾਂਧੀ ਜੀ ਨੇ ਭਗਤ ਸਿੰਘ ਜੀ ਦਾ ਸਮਰਥਨ ਕੀਤਾ ਹੁੰਦਾ ਤਾਂ ਉਹਨਾਂ ਦੀ ਖੁਦ ਦੀ ਵਿਚਾਰਧਾਰਾ ਤੇ ਪ੍ਰਸ਼ਨ ਖੜ੍ਹੇ ਹੁੰਦੇ ਅਤੇ ਜਿਸ ਅਹਿੰਸਾ ਦੇ ਰਸਤੇ ਤੇ ਉਹ ਬਹੁਤ ਅੱਗੇ ਵੱਧ ਚੁੱਕੇ ਸਨ, ਉਸ ਤੋਂ ਪਿੱਛੇ ਨਹੀਂ ਮੁੜ ਸਕਦੇ ਸੀ। ਇਸ ਗੱਲ ਤੋਂ ਸਾਫ ਹੈ ਕਿ ਗਾਂਧੀ ਜੀ ਅਤੇ ਭਗਤ ਸਿੰਘ ਜੀ ਦੀ ਵਿਚਾਰਧਾਰਾ ਹੀ ਮੁੱਖ ਕਾਰਨ ਹੈ, ਜਿਸਦੀ ਵਜ੍ਹਾ ਨਾਲ ਦੋਹਾਂ ਵਿਚ ਟਕਰਾਅ ਹੋਇਆ ਤੇ ਗਾਂਧੀ ਜੀ ਨੇ ਭਗਤ ਸਿੰਘ ਜੀ ਤੋਂ ਦੂਰੀ ਬਣਾਈ ਰੱਖਣਾ ਹੀ ਠੀਕ ਸਮਝਿਆ। ਭਗਤ ਸਿੰਘ ਜੀ ਹਿੰਸਾ ਅਤੇ ਕ੍ਰਾਂਤੀ ਨੂੰ ਹੀ ਆਪਣਾ ਰਸਤਾ ਬਣਾਉਣਾ ਚਾਹੁੰਦੇ ਸਨ, ਜਦਕਿ ਗਾਂਧੀ ਜੀ ਅਹਿੰਸਾ ਤੋਂ ਇਲਾਵਾ ਕੋਈ ਦੂਸਰਾ ਰਸਤਾ ਨਹੀਂ ਅਪਣਾਉਣਾ ਚਾਹੁੰਦੇ ਸਨ। ਕਈ ਲੋਕ ਇਸ ਨੂੰ ਇਸ ਤਰ੍ਹਾਂ ਵੀ ਕਹਿੰਦੇ ਹਨ ਕਿ ਗਾਂਧੀ ਜੀ ਅਤੇ ਜਵਾਹਰ ਲਾਲ ਜੀ ਦਾ ਰਾਜਨੀਤਿਕ ਸਵਾਰਥ ਵੀ ਹੋ ਸਕਦਾ ਹੈ?

ਅਦਾਲਤ ਨੇ ਭਗਤ ਸਿੰਘ ਜੀ ਨੂੰ ਭਾਰਤੀ ਦੰਡ ਸਹਿੰਤਾ ਦੀ ਧਾਰਾ 129, 302 ਤੇ ਵਿਸਫੋਟਕ ਪਦਾਰਥ ਨਿਯਮਾਂ ਦੀ ਧਾਰਾ 6 ਅਤੇ 6 ਐਫ ਤੇ 'ਇੰਡੀਅਨ ਪੀਨਲ ਕੋਡ' ਦੀ ਧਾਰਾ 120 ਦੇ ਅੰਤਰਗਤ ਅਪਰਾਧੀ ਸਿੱਧ ਕੀਤਾ ਤੇ 7 ਅਕਤੂਬਰ, 1930 ਨੂੰ 68 ਸਫਿਆਂ ਦਾ ਨਿਰਣਾ ਦਿੱਤਾ, ਜਿਸ ਵਿਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

23 ਮਾਰਚ 1931 ਦੀ ਅੱਧੀ ਰਾਤ ਨੂੰ ਅੰਗਰੇਜ਼ ਸਰਕਾਰ ਨੇ ਭਾਰਤ ਦੇ ਤਿੰਨ ਮਹਾਨ ਸਪੂਤਾਂ ਸਰਦਾਰ ਭਗਤ ਸਿੰਘ ਜੀ, ਸ੍ਰੀ ਸੁਖਦੇਵ ਜੀ ਤੇ ਸ੍ਰੀ ਰਾਜਗੁਰੂ ਨੂੰ ਫਾਂਸੀ ਦੇ ਤਖਤੇ ਤੇ ਲਟਕਾ ਦਿੱਤਾ। ਅਦਾਲਤ ਦੇ ਹੁਕਮਾਂ ਅਨੁਸਾਰ ਇਹਨਾਂ ਤਿੰਨਾਂ ਨੂੰ 24 ਮਾਰਚ, 1931 ਨੂੰ ਸਵੇਰੇ 8 ਵਜੇ ਫਾਂਸੀ ਲਗਾਉਣੀ ਸੀ। ਪਰ ਇਨ੍ਹਾਂ ਤਿੰਨਾਂ ਨੂੰ 23 ਮਾਰਚ, 1931 ਨੂੰ ਹੀ ਦੇਰ ਸ਼ਾਮ ਤਕਰੀਬਨ 7 ਵਜੇ ਫਾਂਸੀ ਦੇ ਦਿੱਤੀ ਗਈ ਤੇ ਉਹਨਾਂ ਦੀਆਂ ਲਾਸ਼ਾਂ ਉਨ੍ਹਾਂ ਦੇ ਵਾਰਸਾਂ ਨੂੰ ਦੇਣ ਦੀ ਬਜਾਏ ਰਾਤੋ-ਰਾਤ ਟੁਕੜੇ ਕਰਕੇ ਸਤਲੁਜ ਨਦੀ ਦੇ ਕਿਨਾਰੇ ਹੁਸੈਨਵਾਲਾ ਵਿਖੇ ਲਿਜਾ ਕੇ ਦਰਿਆ ਦੇ ਕਿਨਾਰੇ ਜਲਾਅ ਦਿੱਤੀਆਂ ਗਈਆਂ। ਲੋਕ ਅੱਧੀ ਰਾਤ ਨੂੰ ਦਰਿਆ ਦੇ ਕਿਨਾਰੇ ਅੱਗ ਬਲਦੀ ਦੇਖ ਕੇ ਇਕੱਠੇ ਹੋ ਗਏ ਤੇ ਲੋਕਾਂ ਨੇ ਪੁੱਛਿਆ ਕਿ ਇਹ ਕਿਸ ਦੀਆਂ ਲਾਸ਼ਾਂ ਹਨ, ਜਿਹਨਾਂ ਨੂੰ ਜਲਾਅ ਰਹੇ ਹੋ, ਉਹ ਘਬਰਾ ਗਏ ਤੇ ਹਫੜਾ-ਦਫੜੀ ਵਿਚ ਉਨ੍ਹਾਂ ਨੇ ਲਾਸ਼ਾਂ ਦੇ ਟੁਕੜਿਆਂ ਨੂੰ ਦਰਿਆ ਵਿਚ ਸੁੱਟ ਕੇ ਦੌੜ ਗਏ, ਪਰ ਕੁਝ ਟੁਕੜੇ ਅੱਧਜਲੇ ਉਥੇ ਹੀ ਪਏ ਰਹਿ ਗਏ, ਜਿਹਨਾਂ ਨੂੰ ਲੋਕਾਂ ਨੇ ਮਗਰੋਂ ਆਪ ਇਕੱਠੇ ਕਰਕੇ ਜਲਾਅ ਦਿੱਤਾ। ਅੰਗਰੇਜ਼ਾਂ ਨੇ ਇਹ ਇਸ ਲਈ ਕੀਤਾ ਕਿ ਇਨ੍ਹਾਂ ਕ੍ਰਾਂਤੀਕਾਰੀਆਂ ਦੀ ਲੋਕਪ੍ਰਿਅਤਾ ਇੰਨੀ ਸੀ ਕਿ 24 ਮਾਰਚ ਨੂੰ ਜੇਲ੍ਹ ਦੇ ਆਲੇ ਦੁਆਲੇ ਲੋਕਾਂ ਦਾ ਇਕੱਠ 23 ਮਾਰਚ ਨੂੰ ਹੀ ਲੱਗਣਾ ਸ਼ੁਰੂ ਹੋ ਗਿਆ ਸੀ ਤੇ ਇਸ ਦੇ ਵਿਰੋਧ ਤੋਂ ਡਰਦਿਆਂ ਸਰਕਾਰ ਨੇ ਇਕ ਦਿਨ ਪਹਿਲਾਂ ਹੀ, ਨਿਸ਼ਚਿਤ ਮਿਤੀ ਤੋਂ ਪਹਿਲਾਂ ਫਾਂਸੀ ਦੇ ਦਿੱਤੀ।

ਜਦੋਂ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਨੂੰ ਫਾਂਸੀ ਦੇ ਤਖਤੇ ਵੱਲ ਲਿਆਂਦਾ ਜਾ ਰਿਹਾ ਸੀ ਤਾਂ ਤਿੰਨਾਂ ਹੀ ਯੋਧਿਆਂ ਨੇ ਆਪਣੀ ਇਕ-ਇਕ ਬਾਂਹ ਨੂੰ ਦੂਜੇ ਦੀਆਂ ਬਾਹਾਂ ਨਾਲ ਬੰਨ੍ਹ ਲਿਆ ਤੇ ਤਿੰਨਾਂ ਨੇ ਹੀ ਇਕੋ ਸਾਥ ਇਕੱਠਿਆਂ ਨੇ ਨਿਮਨ-ਲਿਖਤ ਸ਼ਿਅਰ ਗਾਇਆ:-

'ਦਿਲ ਸੇ ਨਿਕਲੇਗੀ, ਨਾ ਮਰਕਰ ਭੀ, ਵਤਨ ਕੀ ਉਲਫਤ,
ਮੇਰੀ ਮਿੱਟੀ ਸੇ ਭੀ, ਖੁਸ਼ਬੂ-ਏ-ਵਤਨ ਆਏਗੀ।'

ਅੰਗਰੇਜ਼ਾਂ ਨੇ ਭਗਤ ਸਿੰਘ ਜੀ ਨੂੰ ਤਾਂ ਖਤਮ ਕਰ ਦਿੱਤਾ ਪਰ ਉਸ ਦੀ ਵਿਚਾਰਧਾਰਾ ਨੂੰ ਨਹੀਂ ਖਤਮ ਕਰ ਸਕੇ, ਜਿਸ ਨੇ ਦੇਸ਼ ਦੀ ਆਜ਼ਾਦੀ ਦੀ ਨੀਂਹ ਰੱਖੀ। ਭਗਤ ਸਿੰਘ ਜੀ ਅੱਜ ਵੀ ਦੇਸ਼ ਵਿਚ ਇਨਕਲਾਬ ਜਾਂ ਕ੍ਰਾਂਤੀ ਦੀ ਪਛਾਣ ਵਜੋਂ ਜਾਣੇ ਜਾਂਦੇ ਹਨ।

ਅੱਜ ਅਸੀਂ ਆਜ਼ਾਦ ਹਾਂ। ਭਾਰਤ ਨੂੰ ਅੰਗਰੇਜ਼ਾਂ ਤੋਂ 1947 ਵਿਚ ਆਜ਼ਾਦੀ ਮਿਲੀ ਸੀ। ਲੇਕਿਨ ਇਹ ਆਜ਼ਾਦੀ ਵੀ ਬੜੀਆਂ ਮੁਸ਼ਕਿਲਾਂ ਨਾਲ ਮਿਲੀ ਸੀ। ਇਸ ਆਜ਼ਾਦੀ ਦਾ ਅਸੀਂ ਬਹੁਤ ਵੱਡਾ ਮੁੱਲ ਵੀ ਚੁਕਾਇਆ ਹੈ। ਦੇਸ਼ ਦੇ ਹਜ਼ਾਰਾਂ ਜਵਾਨਾਂ ਨੇ ਆਜ਼ਾਦੀ ਦੀ ਪ੍ਰਾਪਤੀ ਲਈ ਆਪਣੀ ਜਾਨ ਨੂੰ ਹੱਸਦੇ-ਹੱਸਦੇ ਨਿਛਾਵਰ ਕਰ ਦਿੱਤਾ। ਦੇਸ਼ ਦੇ ਅਜਿਹੇ ਹੀ ਨੌਜਵਾਨ ਸ਼ਹੀਦ ਭਗਤ ਸਿੰਘ ਜੀ ਸਨ। ਭਗਤ ਸਿੰਘ ਜੀ ਦਾ ਨਾਮ ਆਉਂਦਿਆਂ ਹੀ ਇਕ ਅਜਿਹੇ ਸੁਤੰਤਰਤਾ ਸੈਨਾਨੀ ਦਾ ਨਾਮ ਸਾਹਮਣੇ ਆਉਂਦਾ ਹੈ, ਜਿਸਨੇ ਦੇਸ਼ ਨੂੰ ਆਜ਼ਾਦ ਕਰਾਉਣ ਲਈ ਕ੍ਰਾਂਤੀ ਦਾ ਰਸਤਾ ਚੁਣਿਆ ਤੇ ਫਾਂਸੀ ਨੂੰ ਹੱਸਦੇ-ਹੱਸਦੇ ਸਵੀਕਾਰ ਕੀਤਾ। ਭਗਤ ਸਿੰਘ ਜੀ ਨੇ ਉਸ ਸਮੇਂ ਨੌਜਵਾਨਾਂ ਦੇ ਦਿਲਾਂ ਵਿਚ ਜੋ ਕ੍ਰਾਂਤੀ ਦੀ ਮਿਸਾਲ ਜਗਾਈ ਸੀ, ਉਸ ਨੂੰ ਅਦੁੱਤੀ ਮੰਨਿਆ ਜਾਂਦਾ ਹੈ। ਸਰਦਾਰ ਭਗਤ ਸਿੰਘ ਜੀ ਨੇ ਦੇਸ਼ ਦੀ ਆਜ਼ਾਦੀ ਲਈ ਕ੍ਰਾਂਤੀ ਦਾ ਰਸਤਾ ਹੀ ਸਭ ਤੋਂ ਵਧੀਆ ਮੰਨਿਆ ਅਤੇ ਖੁਦ ਵੀ ਇਸੇ ਰਸਤੇ ਤੇ ਚਲਦੇ ਹੋਏ, ਸ਼ਹੀਦ ਹੋਏ ਤੇ ਆਪਣੇ ਆਪ ਨੂੰ 'ਸ਼ਹੀਦੇ-ਆਜ਼ਮ' ਅਖਵਾਇਆ।

ਕੁਝ ਸਾਲ ਪਹਿਲਾਂ ਲਾਹੌਰ ਹਾਈਕੋਰਟ ਦੇ ਹੁਕਮਾਂ ਨਾਲ ਮਿਲੀ ਐਫ. ਆਈ. ਆਰ. ਦੀ ਅਸਲ ਕਾਪੀ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਦਿੱਤੀ ਫਾਂਸੀ ਦੀ ਸਜ਼ਾ ਬਾਰੇ ਨਵੀਂ ਚਰਚਾ ਸ਼ੁਰੂ ਕਰ ਦਿੱਤੀ ਹੈ। ਇਸ ਐਫ. ਆਈ. ਆਰ. ਦੀ ਅਸਲ ਕਾਪੀ ਤੋਂ ਨਿਆਂ ਪ੍ਰਣਾਲੀ ਬਾਰੇ ਨਵੇਂ ਸਵਾਲ ਉਭਰੇ ਹਨ। ਇਸ ਕਾਪੀ ਵਿਚ ਜੌਹਨ ਪੀ. ਸਾਂਡਰਸ ਨੂੰ ਕਤਲ ਕਰਨ ਵਾਲੇ ਦੋ ਅਣਪਛਾਤੇ ਵਿਅਕਤੀਆਂ ਦਾ ਜ਼ਿਕਰ ਹੈ। ਇਹ ਰਿਪੋਰਟ 17 ਦਸੰਬਰ, 1928 ਨੂੰ ਸਾਂਡਰਸ ਦੇ ਕਤਲ ਉਪਰੰਤ ਅਨਾਰਕਲੀ ਪੁਲਿਸ ਸਟੇਸ਼ਨ ਵਿਚ ਦਰਜ ਕੀਤੀ ਗਈ ਸੀ।

ਐਫ. ਆਈ. ਆਰ. ਅਨੁਸਾਰ ਪੁਲਿਸ ਹੱਤਿਆਰਿਆਂ ਦੀ ਨਿਸ਼ਾਨਦੇਹੀ ਨਹੀਂ ਕਰ ਸਕੀ। ਬਾਅਦ ਵਿਚ ਘਟਨਾ ਦਾ ਸ਼ਿਕਾਇਤ ਕਰਤਾ ਇੰਸਪੈਕਟਰ ਮਿਸਟਰ ਟਰੈਂਪ ਕਥਿਤ ਹੱਤਿਆਰਿਆਂ ਦੀ ਅਦਾਲਤ ਵਿਚ ਹੀ ਪਛਾਣ ਕਰ ਸਕਿਆ। ਇੱਥੋਂ ਤੱਕ ਕਿ ਜਿਹੜਾ ਹਥਿਆਰ ਇਹ ਵਾਰਦਾਤ ਕਰਨ ਵੇਲੇ ਵਰਤਿਆ ਗਿਆ ਸੀ, ਉਹ ਵੀ ਪੇਸ਼ ਨਾ ਕੀਤਾ ਗਿਆ ਅਤੇ ਨਾ ਹੀ ਮੌਕੇ ਦੀ ਕਿਸੇ ਗਵਾਹੀ ਨੇ ਇਸਦੀ ਜ਼ਾਮਨੀ ਭਰੀ।

ਅਸਲੀਅਤ ਇਹ ਹੈ ਕਿ ਚਾਰ ਮਹੀਨੇ ਤੱਕ ਇੰਗਲੈਂਡ ਤੋਂ ਆਈ ਪੁਲਿਸ ਮਾਹਿਰ ਵੀ ਇਸ ਵਾਰਦਾਤ ਬਾਰੇ ਕੁਝ ਨਹੀਂ ਦੱਸ ਸਕੇ।

8 ਅਪ੍ਰੈਲ, 1929 ਨੂੰ ਭਗਤ ਸਿੰਘ ਤੇ ਉਹਨਾਂ ਦੇ ਸਾਥੀ ਬੀ. ਕੇ. ਦੱਤ ਨੇ ਨਵੀਂ ਦਿੱਲੀ ਵਿਚ ਕੌਂਸਟੀਟੂਐਂਟ ਅਸੈਂਬਲੀ ਵਿਚ ਧਮਾਕਾ ਕਰਨ ਪਿੱਛੋਂ ਖੁਦ ਨੂੰ ਗ੍ਰਿਫਤਾਰੀ ਲਈ ਪੇਸ਼ ਕਰ ਦਿੱਤਾ। ਇਸ ਮੁਕੱਦਮੇ ਤੋਂ ਬਾਅਦ ਹੀ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੂੰ ਬ੍ਰਿਟਿਸ਼ ਸਾਮਰਾਜ ਵੱਲੋਂ ਪੂਰੀ ਤਰ੍ਹਾਂ ਗ੍ਰਿਫਤ ਵਿਚ ਲੈਣ ਲਈ ਲਾਹੌਰ ਸਾਜਿਸ਼ ਕੇਸ ਰਚਿਆ ਗਿਆ, ਜਿਸ ਵਿਚ ਮੁੱਖ ਇਲਜ਼ਾਮ ਇਹ ਲਾਇਆ ਗਿਆ ਕਿ ਭਗਤ ਸਿੰਘ ਤੇ ਉਹਨਾਂ ਦੇ ਸਾਥੀਆਂ ਨੇ 'ਹਿੰਦੁਸਤਾਨ ਰਿਪਬਲੀਕਨ ਆਰਮੀ' ਬਣਾ ਕੇ ਬਾਦਸ਼ਾਹ ਜਾਰਜ ਪੰਚਮ ਦੇ ਰਾਜ ਨੂੰ ਹਿੰਦੁਸਤਾਨ ਵਿਚੋਂ ਹਟਾਉਣ ਲਈ ਜੰਗ ਦੀ ਸਾਜਿਸ਼ ਰਚੀ।

**(ਬਾਕੀ ਅਗਲੇ ਸਫੇ ਤੇ)**

# ਦੇਸ਼ ਲਈ ਆਪਣੀ ਜਾਨ ਵਾਰਨ ਵਾਲੇ ਸ਼ਹੀਦ ਭਗਤ ਸਿੰਘ



ਕੁਲਦੀਪ ਚੰਦ
91-9417563054

ਭਾਰਤ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਅਤੇ ਦੇਸ਼ ਨੂੰ ਗੁਲਾਮੀ ਦੀਆਂ ਜੰਜੀਰਾਂ ਤੋਂ ਅਜ਼ਾਦ ਕਰਵਾਉਣ ਲਈ ਸਮੇਂ ਸਮੇਂ ਤੇ ਦੇਸ਼ ਭਗਤਾਂ ਨੇ ਸੰਘਰਸ਼ ਕੀਤਾ ਅਤੇ ਅੰਦੋਲਨ ਚਲਾਏ। ਅਜ਼ਾਦੀ ਦੇ ਅੰਦੋਲਨ ਵਿੱਚ ਭਾਗ ਲੈਣ ਵਾਲੇ ਕਈ ਦੇਸ਼ ਭਗਤਾਂ ਨੇ ਸ਼ਹੀਦੀਆਂ ਦਿਤੀਆਂ ਜਿਨ੍ਹਾਂ ਵਿੱਚ ਸ਼ਹੀਦ ਭਗਤ ਸਿੰਘ ਦਾ ਨਾਮ ਵੀ ਪ੍ਰਮੁੱਖ ਹੈ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦਾ ਪੁਸ਼ਤੈਨੀ ਪਿੰਡ ਖਟਕੜਕਲਾਂ ਨੇੜੇ ਬੰਗਾ ਜਿਲ੍ਹਾ ਨਵਾਂ ਸ਼ਹਿਰ ਜਿਸਦਾ ਨਾਮ ਹੁਣ ਬਦਲਕੇ ਸ਼ਹੀਦ ਭਗਤ ਸਿੰਘ ਨਗਰ ਰੱਖਿਆ ਗਿਆ ਹੈ ਸੀ ਪ੍ਰੰਤੂ ਉਨ੍ਹਾਂ ਦਾ ਜਨਮ ਅੱਜ ਦੇ ਦਿਨ 28 ਸਤੰਬਰ 1907 ਨੂੰ ਪਿੰਡ ਬੰਗਾ ਜਿਲ੍ਹਾ ਲਾਇਲਪੁਰ ਪੰਜਾਬ ਜੋਕਿ ਹੁਣ ਪਾਕਿਸਤਾਨ ਵਿੱਚ ਹੈ ਮਾਤਾ ਵਿਦਿਆਵਤੀ ਦੀ ਕੁੱਖੋਂ ਪਿਤਾ ਕਿਸ਼ਨ ਸਿੰਘ ਦੇ ਘਰ ਹੋਇਆ ਸੀ। ਸ਼ਹੀਦ ਭਗਤ ਸਿੰਘ ਦਾ ਪਰਿਵਾਰ ਦੇਸ਼ ਭਗਤਾਂ ਦਾ ਪਰਿਵਾਰ ਸੀ। ਸ਼ਹੀਦ ਭਗਤ ਸਿੰਘ ਦੇ ਪਰਿਵਾਰ ਦੇ ਕੁੱਝ ਮੈਂਬਰਾਂ ਨੇ ਮਹਾਰਾਜ ਰਣਜੀਤ ਸਿੰਘ ਦੀ ਫੌਜ ਵਿੱਚ ਕੰਮ ਕੀਤਾ ਸੀ ਅਤੇ ਕਈ ਦੇਸ਼ ਦੀ ਅਜ਼ਾਦੀ ਦੇ ਅੰਦੋਲਨ ਨਾਲ ਜੁੜ੍ਹੇ ਹੋਏ ਸਨ। ਜਿਸ ਦਿਨ ਸ਼ਹੀਦ ਭਗਤ ਸਿੰਘ ਦਾ ਜਨਮ ਹੋਇਆ ਉਸੇ ਦਿਨ ਉਨ੍ਹਾਂ ਦੇ ਪਿਤਾ ਕਿਸ਼ਨ ਸਿੰਘ ਅਤੇ ਦੋ ਚਾਚੇ ਅਜੀਤ ਸਿੰਘ ਅਤੇ ਸਵਰਨ ਸਿੰਘ ਜੋਕਿ ਦੇਸ਼ ਦੀ ਅਜਾਦੀ ਦੀ ਲੜਾਈ ਵਿੱਚ ਭਾਗ ਲੈਣ ਕਾਰਨ ਜੇਲ ਗਏ ਹੋਏ ਸਨ ਰਿਹਾ ਹੋਕੇ ਆਏ ਸਨ। ਆਪ ਦਾ ਪਰਿਵਾਰ ਬੇਸ਼ੱਕ ਇੱਕ ਸਿੱਖ ਪਰਿਵਾਰ ਸੀ ਪਰੰਤੂ ਇਸ ਪਰਿਵਾਰ ਤੇ ਆਰੀਆ ਸਮਾਜ ਅਤੇ ਮਹਾਰਿਸ਼ੀ ਦਯਾਨੰਦ ਦੀ ਵਿਚਾਰਧਾਰਾ ਦਾ ਡੂੰਘਾ ਪ੍ਰਭਾਵ ਸੀ। ਆਪਦੀ ਮੁਢਲੀ ਸਿੱਖਿਆ ਲਾਇਲਪੁਰ ਦੇ ਜਿਲ੍ਹਾ ਬੋਰਡ ਪ੍ਰਾਇਮਰੀ ਸਕੂਲ ਵਿੱਚ ਹੋਈ ਅਤੇ ਉਚੇਰੀ ਸਿੱਖਿਆ ਲਈ ਡੀ ਏ ਵੀ ਹਾਈ ਸਕੂਲ ਲਹੋਰ ਵਿੱਚ ਦਾਖਲਾ ਲੈ ਲਿਆ ਜਿਸਨੂੰ ਅੰਗਰੇਜ ਰਾਜ ਵਿਰੋਧੀ ਸਰਗਰਮੀਆਂ ਦੀ ਨਰਸਰੀ ਕਹਿੰਦੇ ਸਨ। 13 ਅਪ੍ਰੈਲ 1919 ਨੂੰ ਵਾਪਰੀ ਜ਼ਲ੍ਹਿਆਂ ਵਾਲੇ ਬਾਗ ਦੀ ਘਟਨਾ ਵੇਲੇ ਆਪਦੀ ਉਮਰ ਲੱਗਭੱਗ 12 ਸਾਲ ਸੀ ਅਤੇ ਉਹ ਅਪਣੇ ਸਕੂਲ ਤੋਂ ਲੱਗਭੱਗ 12 ਮੀਲ ਪੈਦਲ ਚੱਲਕੇ ਜਲ੍ਹਿਆਂ ਵਾਲੇ ਬਾਗ ਵਿੱਚ ਪਹੁੰਚੇ। ਆਪ ਕੁੱਝ ਸਮੇਂ ਬਾਦ ਦੇਸ਼ ਭਗਤ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਪਰਕ ਵਿੱਚ ਆ ਗਏ ਅਤੇ ਉਨ੍ਹਾਂ ਨੇ ਕ੍ਰਾਂਤੀਕਾਰੀ ਵੀਰ ਸਾਵਰਕਰ ਦੀ ਕਿਤਾਬ 1857 ਪਹਿਲਾਂ ਸੁਤੰਤਰਤਾ ਸੰਗਰਾਮ ਪੜੀ ਜਿਸਦਾ ਉਨ੍ਹਾਂ ਤੇ ਡੂੰਘਾ ਪ੍ਰਭਾਵ ਪਿਆ ਅਤੇ ਉਹ ਸਭ ਕੁੱਝ ਛੱਡਕੇ ਅਜ਼ਾਦੀ ਦੇ ਅੰਦੋਲਨ ਵਿੱਚ ਸ਼ਾਮਿਲ ਹੋ ਗਏ। ਜੂਨ 1924 ਵਿੱਚ ਉਹ ਵੀਰ ਸਾਵਰਕਰ ਨੂੰ ਯਰਵਦਾ ਜੇਲ ਵਿੱਚ ਮਿਲੇ ਅਤੇ ਉਸਤੋਂ ਬਾਦ ਕ੍ਰਾਂਤੀਕਾਰੀ ਚੰਦਰ ਸ਼ੇਖਰ ਅਜ਼ਾਦ ਨੂੰ ਮਿਲੇ ਅਤੇ ਉਨ੍ਹਾਂ ਦੇ ਦੱਲ ਵਿੱਚ ਸ਼ਾਮਿਲ ਹੋ ਗਏ। ਇਸ ਦੱਲ ਵਿੱਚ ਕ੍ਰਾਂਤੀਕਾਰੀ ਸੁਖਦੇਵ, ਰਾਜਗੁਰੂ, ਭਗਵਤੀਚਰਨ ਵੋਹਰਾ ਆਦਿ ਵੀ ਸ਼ਾਮਿਲ ਸਨ। ਲਾਹੌਰ ਦੇ ਨੈਸ਼ਨਲ ਕਾਲਜ਼ ਦੀ ਪੜ੍ਹਾਈ ਛੱਡ ਕੇ ਭਗਤ ਸਿੰਘ ਨੇ ਭਾਰਤ ਦੀ ਆਜ਼ਾਦੀ ਦੇ ਲਈ ਨੌਜਵਾਨ ਭਾਰਤ ਸਭਾ ਦੀ ਸਥਾਪਨਾ ਕੀਤੀ। ਕਾਕੋਰੀ ਕਾਂਡ ਵਿੱਚ ਆਪ ਨੂੰ ਗ੍ਰਿਫਤਾਰ ਕੀਤਾ ਗਿਆ ਅਤੇ ਲਾਹੋਰ ਦੇ ਦੁਸਿਹਰਾ ਮੇਲੇ ਵਿੱਚ ਬੰਬ ਧਮਾਕਾ ਕਰਨ ਦੇ ਦੋਸ਼ ਵੀ ਲਗਾਏ ਗਏ। ਇਸ ਕਾਂਡ ਵਿੱਚ ਸ਼ਾਮਿਲ ਰਾਮ ਪ੍ਰਸਾਦ ਬਿਸਮਿਲ ਸਮੇਤ 4 ਕ੍ਰਾਂਤੀਕਾਰੀਆਂ ਨੂੰ ਫਾਂਸੀ ਅਤੇ 16 ਨੂੰ ਜੇਲ ਦੀਆਂ ਸਜ਼ਾਵਾਂ ਤੋਂ ਆਪਕਾਫੀ ਪ੍ਰਭਾਵਿਤ ਹੋਏ ਅਤੇ ਆਪਣੀ ਪਾਰਟੀ ਨੌਜਵਾਨ ਭਾਰਤ ਸਭਾ ਨੂੰ ਹਿੰਦੁਸਤਾਨ ਰਿਪ-ਬਲਿਕ ਐਸ਼ੋਸੀਏਸ਼ਨ ਵਿੱਚ ਸ਼ਾਮਿਲ ਕਰ ਦਿੱਤਾ ਅਤੇ ਉਸਦਾ ਨਵਾਂ ਨਾਮ ਹਿੰਦੁਸਤਾਨ ਸ਼ੋਸਲਿਸਟ ਰਿਪਬਲਿਕਨ ਐਸ਼ੋਸੀਏਸ਼ਨਰੱਖ ਦਿੱਤਾ। ਲਾਹੌਰ ਵਿੱਚ ਸਾਂਡਰਸ ਨੂੰ ਮਾਰਨਾ ਅਤੇ ਦਿੱਲੀ ਦੀ ਕੇਂਦਰੀ ਅਸੈਂਬਲੀ ਵਿੱਚ ਚੰਦਰ ਸ਼ੇਖਰ ਆਜ਼ਾਦ ਅਤੇ ਪਾਰਟੀ ਦੇ ਹੋਰ ਮੈਂਬਰਾਂ ਦੇ ਨਾਲ ਬੰਬ ਵਿਸਫੋਟ ਕਰਕੇ ਅਤੇ ਪਰਚੇ ਸੁੱਟਕੇ ਬ੍ਰਿਟਿਸ਼ ਸਾਮਰਾਜ ਦੇ ਵਿਰੁੱਧ ਖੁੱਲੇ ਵਿਦਰੋਹ ਦੀ ਅਵਾਜ਼ ਬੁਲੰਦ ਕੀਤੀ। ਆਪ ਨੇ ਅਪਣੇ ਸਾਥੀਆਂ ਨਾਲ ਮਿਲਕੇ ਪੁਲਿਸ ਸੁਪਰੀਟੰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। 17 ਦਸੰਬਰ 1928 ਨੂੰ ਕਰੀਬ ਸਵਾ ਚਾਰ ਵਜੇ ਸਕਾਟ ਦੀ ਜਗ੍ਹਾ ਏ.ਐਸ.ਪੀ. ਸਾਂਡਰਸ ਦੇ ਆਉਂਦੇ ਹੀ ਰਾਜਗੁਰੂ ਨੇ ਇੱਕ ਗੋਲੀ ਸਿੱਧੀ ਉਸਦੇ ਸਿਰ ਵਿੱਚ ਮਾਰੀ ਜਿਸ ਨਾਲ ਉਹ ਬੇਹੋਸ਼ ਹੋ ਗਿਆ ਅਤੇ ਭਗਤ ਸਿੰਘ ਨੇ 3-4 ਗੋਲੀਆਂ ਮਾਰਕੇ ਉਸਨੂੰ ਮਾਰ ਮੁਕਾਇਆ।ਇਸਤੋਂ ਬਾਦ ਜਦੋਂ ਇਹ ਦੋਨੋਂ ਭੱਜ ਰਹੇ ਸੀ ਤਾਂ ਇੱਕ ਸਿਪਾਹੀ ਚੰਨਣ ਸਿੰਘ ਨੇ ਇਹਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਚੰਦਰ ਸ਼ੇਖਰ ਆਜ਼ਾਦ ਨੇ ਉਸਨੂੰ ਪਿੱਛਾ ਕਰਨ ਤੋਂ ਰੋਕਿਆ ਪਰ ਨਾਂ ਰੁਕਣ ਤੇ ਆਜ਼ਾਦ ਨੇ ਉਸਨੂੰ ਗੋਲੀ ਮਾਰ ਦਿੱਤੀ। ਭਗਤ ਸਿੰਘ ਕਾਰਲ ਮਾਰਕਸ ਦੇ ਸਿਧਾਂਤਾ ਤੋਂ ਪੂਰੀ ਤਰ੍ਹਾਂ ਪ੍ਰਭਾਵਿਤ ਸੀ। ਉਹ ਸਮਾਜਵਾਦੀ ਵਿਚਾਰਾਂ ਵਾਲਾ ਸੀ ਇਸੇ ਕਾਰਨ ਉਸਨੂੰ ਪੂੰਜੀਪਤੀਆਂ ਦੀ ਮਜ਼ਦੂਰਾਂ ਦੇ ਪ੍ਰਤੀ ਸ਼ੋਸ਼ਣ ਦੀ ਨੀਤੀ ਪਸੰਦ ਨਹੀਂ ਸੀ। ਉਸ ਸਮੇਂ ਬਹੁਤੇ ਉਦਯੋਗ ਅੰਗਰੇਜਾਂ ਕੋਲ ਹੀ ਸਨ ਅਤੇ ਅੰਗਰੇਜ਼ਾਂ ਦੇ ਮਜ਼ਦੂਰਾਂ ਪ੍ਰਤੀ ਅੱਤਿਆਚਾਰਾਂ ਕਾਰਨ ਵਿਰੋਧ ਸੀ। ਮਜ਼ਦੂਰ ਵਿਰੋਧੀ ਨੀਤੀਆਂ ਨੂੰ ਬ੍ਰਿਟਿਸ਼ ਸੰਸਦ ਵਿੱਚ ਪਾਸ ਨਾ ਹੋਣ ਦੇਣਾ ਉਹਨਾਂ ਦੇ ਦੱਲ ਦਾ ਫੈਸਲਾ ਸੀ। ਸਾਰੇ ਚਾਹੁੰਦੇ ਸਨ ਕਿ ਅੰਗਰੇਜ਼ਾਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਭਾਰਤੀ ਲੋਕ ਜਾਗ ਚੁੱਕੇ ਹਨ ਅਤੇ ਉਹਨਾਂ ਦੇ ਦਿਲ ਵਿੱਚ ਅੰਗਰੇਜਾ ਦੀਆਂ ਲੋਕਮਾਰੂ ਨੀਤੀਆਂ ਕਾਰਨਗੁੱਸਾ ਅਤੇ ਵਿਰੋਧ ਹੈ। ਇਸ ਲਈ ਉਹਨਾਂ ਨੇ ਟ੍ਰੇਡ ਡਿਸਪੀਉਟ ਬਿੱਲ ਅਤੇ ਪਬਲਿਕ ਸੇਫਟੀ ਬਿੱਲ ਦੇ ਵਿਰੋਧ ਵਿੱਚ ਕੇਂਦਰੀ ਅਸੈਂਬਲੀ ਵਿੱਚ ਬੰਬ ਸੁੱਟਣ ਦੀ ਯੋਜਨਾ ਬਣਾਈ ਸੀ। ਭਗਤ ਸਿੰਘ ਚਾਹੁੰਦਾ ਸੀ ਕਿ ਇਸ ਵਿੱਚ ਕੋਈ ਖ਼ੂਨ ਖਰਾਬਾ ਨਾ ਹੋਵੇ ਅਤੇ ਅੰਗਰੇਜ਼ਾਂ ਤੱਕ ਉਹਨਾਂ ਦੀ ਆਵਾਜ਼ ਵੀ ਪਹੁੰਚੇ। ਇਸ ਕੰਮ ਲਈ ਸਰਵਸੰਮਤੀ ਨਾਲ ਭਗਤ ਸਿੰਘ ਅਤੇ ਬਟੁਕੇਸ਼ਵਰ ਦੱਤ ਦਾ ਨਾਮ ਚੁਣਿਆ ਗਿਆ। ਤੈਅ ਕੀਤੇ ਪ੍ਰੋਗਰਾਮ ਅਨੁਸਾਰ 08 ਅਪ੍ਰੈਲ 1929 ਨੂੰ ਜਦੋਂ ਇਹ ਬਿੱਲ ਪੇਸ਼ ਹੋਣੇ ਸਨ ਕੇਂਦਰੀ ਅਸੈਂਬਲੀ ਵਿੱਚ ਇਹਨਾਂ ਦੋਨਾਂ ਨੇ ਇੱਕ ਅਜਿਹੇ ਸਥਾਨ ਤੇ ਬੰਬ ਸੁੱਟਿਆ ਜਿੱਥੇ ਕੋਈ ਮੌਜੂਦ ਨਹੀਂ ਸੀ, ਨਹੀਂ ਤਾਂ ਕਿਸੇ ਦੀ ਜਾਨ ਜਾ ਸਕਦੀ ਸੀ। ਇਸ ਨਾਲ ਪੂਰਾ ਹਾਲ ਧੂੰਏ ਨਾਲ ਭਰ ਗਿਆ। ਭਗਤ ਸਿੰਘ ਚਾਹੁੰਦੇ ਤਾਂ ਭੱਜ ਵੀ ਸਕਦੇ ਸੀ ਪਰ ਉਹਨਾਂ ਨੇ ਪਹਿਲਾਂ ਹੀ ਸੋਚ ਰੱਖਿਆ ਸੀ ਕਿ ਉਹਨਾਂ ਨੂੰ ਸਜ਼ਾ ਸਵੀਕਾਰ ਹੈ ਭਾਵੇਂ ਉਹ ਫਾਂਸੀ ਹੀ ਕਿਉਂ ਨਾ ਹੋਵੇ ਅਤੇ ਭੱਜਣ ਤੋਂ ਮਨਾ ਕਰ ਦਿੱਤਾ। ਉਸ ਸਮੇਂ ਉਹਨਾਂ ਦੋਨਾਂ ਨੇ ਖਾਕੀ ਕਮੀਜ਼ ਅਤੇ ਨਿੱਕਰ ਪਾਈ ਹੋਈ ਸੀ। ਬੰਬ ਸੁੱਟਣ ਤੋਂ ਬਾਅਦ ਉਹਨਾਂ ਦੋਨਾਂ ਨੇ "ਇਨਕਲਾਬ-ਜਿੰਦਾਬਾਦ, ਸਾਮਰਾਜਵਾਦ-ਮੁਰਦਾਬਾਦ" ਦਾ ਨਾਹਰਾ ਲਗਾਇਆ ਅਤੇ ਆਪਣੇ ਨਾਲ ਲਿਆਂਦੇ ਹੋਏ ਅੰਗਰੇਜ ਸਰਕਾਰ ਵਿਰੋਧੀ ਪਰਚੇ ਹਵਾ ਵਿੱਚ ਉਛਾਲ ਦਿੱਤੇ। ਕੁਝ ਦੇਰ ਬਾਅਦ ਪੁਲਿਸ ਆ ਗਈ ਅਤੇ ਦੋਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੇਲ ਵਿੱਚ ਭਗਤ ਸਿੰਘ ਕਰੀਬ 2 ਸਾਲ ਰਹੇ। ਇਸ ਦੌਰਾਨ ਉਹ ਲੇਖ ਲਿਖ ਕੇ ਆਪਣੇ ਕ੍ਰਾਂਤੀਕਾਰੀ ਵਿਚਾਰ ਪ੍ਰਗਟ ਕਰਦੇ ਰਹੇ। ਜ਼ੇਲ ਵਿੱਚ ਰਹਿੰਦੇ ਹੋਏ ਉਹਨਾਂ ਦਾ ਅਧਿਐਨ ਲਗਾਤਾਰ ਜਾਰੀ ਰਿਹਾ। ਉਹਨਾਂ ਦੁਆਰਾ ਲਿਖੇ ਗਏ ਲੇਖ ਅਤੇ ਸਕੇ ਸਬੰਧੀਆਂ ਨੂੰ ਲਿਖੀਆਂ ਗਈਆਂ ਚਿੱਠੀਆਂ ਅੱਜ ਵੀ ਉਹਨਾਂ ਦੇ ਵਿਚਾਰਾਂ ਦਾ




ਪ੍ਰਗਟਾਵਾ ਕਰਦੇ ਹਨ। ਆਪਣੇ ਲੇਖਾਂ ਵਿੱਚ ਉਹਨਾਂ ਨੇ ਪੂੰਜੀਪਤੀਆਂ ਨੂੰ ਆਪਣਾ ਦੁਸ਼ਮਣ ਦੱਸਿਆ ਹੈ। ਉਹਨਾਂ ਨੇ ਲਿਖਿਆ ਕਿ ਮਜ਼ਦੂਰਾਂ ਦਾ ਸ਼ੋਸ਼ਣ ਕਰਨ ਵਾਲੇ ਭਾਵੇਂ ਉਹ ਕੋਈ ਵੀ ਹੋਵੇ ਉਹ ਉਹਨਾਂ ਦਾ ਦੁਸ਼ਮਣ ਹੈ। ਉਹਨਾਂ ਨੇ ਜ਼ੇਲ ਵਿੱਚ ਇੱਕ ਲੇਖ ਵੀ ਲਿਖਿਆ ਸੀ ਮੈਂ ਨਾਸਤਿਕ ਕਿਉਂ ਹਾਂ? ਉਨ੍ਹਾਂ ਨੇ ਭਾਰਤੀ ਸਮਾਜ ਵਿੱਚ ਜਾਤਿ ਅਤੇ ਧਰਮ ਦੇ ਕਾਰਨ ਆਈਆਂ ਦੂਰੀਆਂ ਤੇ ਦੁੱਖ ਪ੍ਰਗਟ ਕੀਤਾ ਸੀ। ਉਨ੍ਹਾਂ ਦਾ ਕਹਿਣਾ ਸੀ ਕਿ ਜਦ ਤੱਕ ਅਸੀਂ ਕੁੱਝ ਜਾਤਾਂ ਦੇ ਲੋਕਾਂ ਨੂੰ ਨੀਂਵੇਂ ਸਮਝਦੇ ਹਾਂ, ਉਨ੍ਹਾਂ ਨੂੰ ਪਿਛਾੜਕੇ ਰੱਖਦੇ ਹਾਂ ਅਤੇ ਜਾਨਵਰਾਂ ਨਾਲੋਂ ਵੀ ਭੈੜਾ ਸਲੂਕ ਕਰਦੇ ਹਾਂ ਤਾਂ ਸਾਨੂੰ ਅੰਗਰੇਜ਼ਾਂ ਤੋਂ ਅਪਣੀ ਬਰਾਬਰੀ ਅਤੇ ਅਜ਼ਾਦੀ ਮੰਗਣ ਦਾ ਵੀ ਕੋਈ ਨੈਤਿਕ ਅਧਿਕਾਰ ਨਹੀਂ ਹੈ। ਉਹਨਾਂ ਨੇ ਸਮਾਜ ਦੇ ਕਮਜ਼ੋਰ ਵਰਗਾਂ ਤੇ ਭਾਰਤ ਵਿੱਚ ਰਹਿੰਦੇ ਦੂਜੇ ਵਰਗਾਂ ਵਲੋਂ ਕੀਤੇ ਜਾਂਦੇ ਹਮਲਿਆਂ ਅਤੇ ਸ਼ੋਸਣ ਦਾ ਵੀ ਉਸੇ ਤਰਾਂ ਵਿਰੋਧ ਕੀਤਾ ਜਿਵੇਂ ਕਿ ਅੰਗਰੇਜ਼ਾਂ ਦੁਆਰਾ ਕੀਤੇ ਗਏ ਅੱਤਿਆਚਾਰਾਂ ਦਾ ਵਿਰੋਧ ਕੀਤਾ। ਸ਼ਹੀਦ ਭਗਤ ਸਿੰਘ ਨੂੰ ਪੰਜਾਬੀ, ਉਰਦੂ, ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਬਾਂਗਲਾ ਵੀ ਆਉਂਦੀ ਸੀ ਜਿਹੜੀ ਉਹਨਾਂ ਨੇ ਬਟੁਕੇਸ਼ਵਰ ਦੱਤ ਤੋਂ ਸਿੱਖੀ ਸੀ। ਉਹਨਾਂ ਦਾ ਵਿਸ਼ਵਾਸ਼ ਸੀ ਕਿ ਉਹਨਾਂ ਦੀ ਮੌਤ ਤੋਂ ਬਾਦ ਦੇਸ ਦੀ ਜਨਤਾ ਹੋਰ ਅੰਦੋਲਨਕਾਰੀ ਹੋ ਜਾਵੇਗੀ ਜੋਕਿ ਉਹਨਾਂ ਦੇ ਜਿੰਦਾਂ ਰਹਿਣ ਨਾਲ ਸ਼ਾਇਦ ਹੀ ਹੋ ਪਾਵੇ। ਇਸ ਕਾਰਨ ਹੀ ਉਨ੍ਹਾਂ ਨੇ ਮੌਤ ਦੀ ਸਜ਼ਾ ਸੁਣਾਉਣ ਦੇ ਬਾਅਦ ਵੀ ਮਾਫੀਨਾਮਾ ਲਿਖਣ ਤੋਂ ਸਾਫ ਮਨ੍ਹਾਂ ਕਰ ਦਿੱਤਾ ਸੀ। ਉਹਨਾਂ ਨੇ ਅੰਗਰੇਜ਼ ਸਰਕਾਰ ਨੂੰ ਇੱਕ ਚਿੱਠੀ ਵੀ ਲਿਖੀ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਉਹਨਾਂ ਨੂੰ ਅੰਗਰੇਜ਼ੀ ਸਰਕਾਰ ਦੇ ਖਿਲਾਫ ਭਾਰਤੀਆਂ ਦੇ ਯੁੱਧ ਦਾ ਪ੍ਰਤੀਕ ਸਮਝਿਆ ਜਾਵੇ ਅਤੇ ਫਾਂਸੀ ਦੇਣ ਦੀ ਬਜਾਏ ਗੋਲੀ ਨਾਲ ਉਡਾ ਦਿੱਤਾ ਜਾਵੇ। ਚੰਦਰ ਸ਼ੇਖਰ ਆਜ਼ਾਦ ਨਾਲ ਪਹਿਲੀ ਮੁਲਾਕਾਤ ਦੇ ਸਮੇਂ ਬਲਦੀ ਹੋਈ ਮੋਮਬੱਤੀ ਉਪਰ ਹੱਥ ਰੱਖ ਕੇ ਉਹਨਾਂ ਨੇ ਕਸਮ ਖਾਧੀ ਸੀ ਕਿ ਉਹਨਾਂ ਦੀ ਜ਼ਿੰਦਗੀ ਦੇਸ਼ ਉਪਰ ਹੀ ਕੁਰਬਾਨ ਹੋਵੇਗੀ ਅਤੇ ਉਹਨਾਂ ਨੇ ਆਪਣੀ ਉਹ ਕਸਮ ਪੂਰੀ ਕਰਕੇ ਵਿਖਾਈ।ਜ਼ੇਲ ਵਿੱਚ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ 64 ਦਿਨਾਂ ਤੱਕ ਭੁੱਖ ਹੜਤਾਲ ਕੀਤੀ ਅਤੇ ਇਸ ਦੌਰਾਨ ਉਹਨਾਂ ਦੇ ਇੱਕ ਸਾਥੀ ਜਤਿੰਦਰਨਾਥ ਦਾਸ ਨੇ ਤਾਂ ਭੁੱਖ ਹੜਤਾਲ ਵਿੱਚ ਆਪਣੇ ਪ੍ਰਾਣ ਹੀ ਤਿਆਗ ਦਿੱਤੇ। ਲਹੋਰ ਵਿੱਚ ਸਾਂਡਰਸ ਦੇ ਕਤਲ, ਅਸੈਂਬਲੀ ਵਿੱਚ ਬੰਬ ਧਮਾਕਾ ਦੇ ਕੇਸ ਚੱਲੇ। 07 ਅਕਤੂਬਰ, 1930 ਨੂੰ ਟ੍ਰਿਬਿਊਨਲ ਦਾ ਫੈਸਲਾ ਜੇਲ ਵਿੱਚ ਪਹੁੰਚਿਆ ਜਿਸ ਅਨੁਸਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੂੰ ਫਾਂਸੀ, ਕਮਲਨਾਥ, ਵਿਜੈ ਕੁਮਾਰ, ਜੈਦੇਵ ਕਪੂਰ, ਸ਼ਿਵ ਵਰਮਾ, ਗਯਾ ਪ੍ਰਸਾਦ, ਕਿਸ਼ੋਰੀ ਲਾਲ ਅਤੇ ਮਹਾਂਵੀਰ ਸਿੰਘ ਨੂੰ ਉਮਰਕੈਦ, ਕੁੰਦਨ ਲਾਲ ਨੂੰ 07 ਸਾਲ ਅਤੇ ਪ੍ਰੇਮ ਦੱਤ ਨੂੰ 03 ਸਾਲ ਕੈਦ ਏ ਬਾਮੁਸ਼ਕਤ ਦੀ ਸਜ਼ਾ ਸੁਣਾਈ ਗਈ। ਅਦਾਲਤੀ ਹੁਕਮਾਂ ਅਨੁਸਾਰ ਇਨ੍ਹਾਂ ਕ੍ਰਾਂਤੀਕਾਰੀਆਂ ਨੂੰ ਫਾਂਸੀ ਦੇਣ ਲਈ 24 ਮਾਰਚ 1931 ਦਾ ਦਿਨ ਅਤੇ ਸਵੇਰੇ 8 ਵਜੇ ਦਾ ਸਮਾਂ ਨਿਸ਼ਚਿਤ ਕੀਤਾ ਗਿਆ ਸੀ ਪਰੰਤੂ ਅੰਗਰੇਜੀ ਹਕੂਮਤ ਨੇ 23 ਮਾਰਚ 1931 ਨੂੰ ਸ਼ਾਮ ਨੂੰ ਲੱਗਭੱਗ 7 ਵਜਕੇ 33 ਮਿੰਟ ਤੇ ਸ਼ਹੀਦ ਭਗਤ ਸਿੰਘ ਅਤੇ ਉਸਦੇ ਦੋ ਸਾਥੀਆਂ ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੇ ਦਿੱਤੀ ਗਈ। ਫਾਂਸੀ ਤੇ ਜਾਣ ਤੋਂ ਪਹਿਲਾਂ ਉਹ ਰਾਮ ਪ੍ਰਸ਼ਾਦ ਬਿਸਮਿਲ ਦੀ ਜੀਵਨੀ ਪੜ੍ਹ ਰਹੇ ਸੀ ਜੋ ਸਿੰਧ ਦੇ ਇੱਕ ਪ੍ਰਕਾਸ਼ਕ ਭਜਨ ਲਾਲ ਬੁਕਸੇਲਰ ਨੇ ਆਰਟ ਪ੍ਰੈਸ ਸਿੰਧ ਤੋਂ ਛਾਪੀ ਸੀ। ਜੇਲ ਦੇ ਅਧਿਕਾਰੀਆਂ ਨੇ ਜਦੋਂ ਉਹਨਾਂ ਨੂੰ ਇਹ ਸੂਚਨਾ ਦਿੱਤੀ ਕਿ ਉਹਨਾਂ ਦੀ ਫਾਂਸੀ ਦਾ ਸਮਾਂ ਆ ਗਿਆ ਹੈ ਤਾਂ ਉਹਨਾਂ ਨੇ ਕਿਹਾ ਸੀ"ਠਹਿਰੋ, ਪਹਿਲਾਂ ਇੱਕ ਕਾਂਤੀਕਾਰੀ ਦੂਜੇ ਕ੍ਰਾਂਤੀਕਾਰੀ ਨੂੰ ਮਿਲ ਤਾਂ ਲਵੇ।" ਫਿਰ ਇੱਕ ਮਿੰਟ ਬਾਅਦ ਕਿਤਾਬ ਨੂੰ ਛੱਤ ਵੱਲ ਉਛਾਲਕੇ ਬੋਲੇ"ਠੀਕ ਹੈ ਹੁਣ ਚੱਲੋ।" ਫਾਂਸੀ ਤੇ ਜਾਂਦੇ ਸਮੇਂ ਉਹ ਤਿੰਨੋਂ ਗਾ ਰਹੇ ਸੀਮੇਰਾ ਰੰਗ ਦੇ ਬਸੰਤੀ ਚੋਲਾ, ਮਾਏ ਰੰਗ ਦੇ ਬਸੰਤੀ ਚੋਲਾ। ਫਾਂਸੀ ਤੋਂ ਬਾਅਦ ਕਿਤੇ ਅੰਦੋਲਨ ਨਾ ਭੜਕ ਜਾਵੇ ਇਸਦੇ ਡਰ ਤੋਂ ਅੰਗਰੇਜ਼ਾਂ ਨੇ ਪਹਿਲਾਂ ਇਹਨਾਂ ਦੇ ਸ਼ਰੀਰ ਦੇ ਟੁਕੜੇ ਕਰ ਦਿੱਤੇ ਅਤੇ ਫਿਰ ਬੋਰੀਆਂ ਵਿੱਚ ਭਰ ਕੇ ਫਿਰੋਜ਼ਪੁਰ ਵੱਲ ਲੈ ਗਏ ਜਿੱਥੇ ਮਿੱਟੀ ਦਾ ਤੇਲ ਪਾ ਕੇ ਇਹਨਾਂ ਦੇ ਮ੍ਰਿਤਕ ਸ਼ਰੀਰਾਂ ਨੂੰ ਜਲਾਇਆ ਜਾਣ ਲੱਗਾ। ਪਿੰਡ ਦੇ ਲੋਕਾਂ ਨੇ ਅੱਗ ਬਲਦੀ ਦੇਖੀ ਤਾਂ ਨੇੜੇ ਆਏ। ਇਸਤੋਂ ਡਰਕੇ ਅੰਗਰੇਜ਼ਾਂ ਨੇ ਇਹਨਾਂ ਦੀਆਂ ਲਾਸ਼ਾਂ ਦੇ ਅੱਧਜਲੇ ਟੁਕੜਿਆਂ ਨੂੰ ਸਤਲੁਜ ਦਰਿਆ ਵਿੱਚ ਸੁੱਟ ਦਿੱਤਾ ਅਤੇ ਭੱਜ ਗਏ। ਜਦੋਂ ਪਿੰਡ ਵਾਲੇ ਨੇੜੇ ਆਏ ਤਾਂ ਉਹਨਾਂ ਨੇ ਇਨ੍ਹਾਂ ਦੇ ਮ੍ਰਿਤਕ ਸਰੀਰ ਦੇ ਟੁਕੜਿਆਂ ਨੂੰ ਇਕੱਠਾ ਕਰਕੇ ਦਾਹ ਸੰਸਕਾਰ ਕੀਤਾ। ਇਨ੍ਹਾਂ ਸ਼ਹੀਦਾਂ ਦੀ ਮੌਤ ਬਾਰੇ ਲਾਹੋਰ ਦੇ ਦੈਨਿਕ ਟ੍ਰਿਬਿਊਨ ਅਤ ਨਿਉਯਾਰਕ ਤੋਂ ਛਪਦੇ ਡੇਲੀ ਵਰਕਰ ਨੇ ਛਾਪਿਆ। ਇਸਤੋਂ ਬਾਦ ਵੀ ਕਈ ਮਾਰਕਸਵਾਦੀ ਪੱਤਰਾਂ ਵਿੱਚ ਉਨ੍ਹਾਂ ਬਾਰੇ ਲੇਖ ਛਪੇ ਪਰੰਤੂ ਭਾਰਤ ਵਿੱਚ ਮਾਰਕਸਵਾਦੀ ਪੱਤਰਾਂ ਦੇ ਆਣ ਤੇ ਪਾਬੰਦੀ ਲੱਗੀ ਹੋਣ ਕਾਰਨ ਭਾਰਤ ਦੇ ਬੁਧੀਜੀਵੀਆਂ ਨੂੰ ਇਸ ਸਬੰਧੀ ਕੋਈ ਖਾਸ ਜਾਣਕਾਰੀ ਨਹੀਂ ਸੀ। ਭਾਰਤ ਅਤੇ ਪਾਕਿਸਤਾਨ ਦੀ ਜਨਤਾ ਵਿਸ਼ੇਸ ਤੋਰ ਤੇ ਨੋਜਵਾਨ ਵਰਗਅੱਜ ਵੀ ਸ਼ਹੀਦ ਭਗਤ ਸਿੰਘ ਨੂੰ ਆਜ਼ਾਦੀ ਦੇ ਦੀਵਾਨੇ ਦੇ ਰੂਪ ਵਿੱਚ ਦੇਖਦੇ ਹਨ ਜਿਸਨੇ ਆਪਣੀ ਜਵਾਨੀ ਸਮੇਤ ਸਾਰੀ ਜ਼ਿੰਦਗੀ ਦੇਸ਼ ਦੇ ਲਈ ਸਮਰਪਿਤ ਕਰ ਦਿੱਤੀ। ਇਸ ਸਬੰਧੀ ਸੁਭਾਸ਼ ਚੰਦਰ ਬੋਸ ਨੇ ਕਿਹਾ ਕਿ ਭਗਤ ਸਿੰਘ ਨੌਜਵਾਨਾਂ ਵਿੱਚ ਨਵੇਂ ਜਾਗਰਣ ਦਾ ਪ੍ਰਤੀਕ ਬਣ ਗਿਆ ਹੈ। ਨਹਿਰੂ ਨੇ ਮੰਨਿਆ ਕਿ ਭਗਤ ਸਿੰਘ ਦੀ ਹਰਮਨਪਿਆਰਤਾ ਇੱਕ ਨਵੇਂ ਕੌਮੀ ਜਾਗਰਣ ਵੱਲ ਵਧ ਰਹੀ ਹੈ ਅਤੇ ਕਿਹਾਉਹ ਇੱਕ ਸਾਫ ਸੁਥਰਾ ਲੜਾਕੂ ਸੀ ਜੋ ਖੁੱਲ੍ਹੇ ਖੇਤਰ ਵਿੱਚ ਆਪਣੇ ਦੁਸ਼ਮਣ ਦਾ ਸਾਹਮਣਾ ਕਰਦਾ ਸੀ। ਉਹ ਇੱਕ ਚੰਗਿਆੜੀ ਵਰਗਾ ਸੀ ਜੋ ਥੋੜੇ ਸਮੇਂ ਵਿੱਚ ਇੱਕ ਜਵਾਲਾ ਬਣ ਗਿਆ ਅਤੇ ਦੇਸ਼ ਦੇ ਇੱਕ ਸਿਰੇ ਤੋਂ ਦੂਜੇ ਪਾਸੇ ਦਾ ਹਨ੍ਹੇਰਾ ਦੂਰ ਕੀਤਾ। ਇੰਟੈਲੀਜੈਂਸ ਬਿਊਰੋ ਦੇ ਡਾਇਰੈਕਟਰ ਸਰ ਹੋਰੇਸ ਵਿਲੀਅਮਸਨ ਨੇ ਫਾਂਸੀ ਦੇਣ ਤੋਂ ਚਾਰ ਸਾਲ ਬਾਅਦ ਲਿਖਿਆ ਕਿ ਉਸ ਦੀ ਫੋਟੋ ਹਰ ਸ਼ਹਿਰ ਅਤੇ ਬਸਤੀ ਵਿੱਚ ਵਿਕਰੀ ਲਈ ਸੀ ਅਤੇ ਕੁਝ ਸਮੇਂ ਲਈ ਉਸ ਦੀ ਪ੍ਰਸਿੱਧੀ ਗਾਂਧੀ ਦੇ ਬਰਾਬਰ ਸੀ।ਪ੍ਰੋਫੈਸਰ ਪ੍ਰੀਤਮ ਸਿੰਘ ਜੋ ਭਾਰਤ ਵਿੱਚ ਸੰਘਵਾਦ, ਰਾਸ਼ਟਰਵਾਦ ਅਤੇ ਵਿਕਾਸ ਦੇ ਅਧਿਐਨ ਦਾ ਮਾਹਿਰ ਹੈ ਦਾ ਕਹਿਣਾ ਹੈ ਕਿ ਭਗਤ ਸਿੰਘ ਭਾਰਤੀ ਰਾਜਨੀਤੀ ਵਿਚ ਲਗਭਗ ਹਰੇਕ ਰੁਝਾਨ ਨੂੰ ਚੁਣੌਤੀ ਦਾ ਪ੍ਰਤੀਨਿਧ ਕਰਦਾ ਹੈ। 15 ਅਗਸਤ 2008 ਨੂੰ ਭਗਤ ਸਿੰਘ ਦੀ 18 ਫੁੱਟ ਉੱਚੀ ਕਾਂਸੀ ਦੀ ਮੂਰਤੀ ਭਾਰਤੀ ਪਾਰਲੀਮੈਂਟ ਵਿੱਚ ਇੰਦਰਾ ਗਾਂਧੀ ਅਤੇ ਸੁਭਾਸ਼ ਚੰਦਰ ਬੋਸ ਦੀਆਂ ਮੂਰਤੀਆਂ ਦੇ ਨਾਲ ਸਥਾਪਿਤ ਕੀਤੀ ਗਈ ਹੈ। ਭਗਤ ਸਿੰਘ ਅਤੇ ਦੱਤ ਦੀ ਤਸਵੀਰ ਪਾਰਲੀਮੈਂਟ ਹਾਊਸ ਦੀਆਂ ਕੰਧਾਂ ਤੇ ਵੀ ਲਗਾਈ ਗਈ ਹੈ। ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਯਾਦ ਵਿੱਚ ਹੁਸੈਨੀਵਾਲਾ ਵਿਖੇ ਬਣਾਇਆ ਗਿਆ ਕੌਮੀ ਸ਼ਹੀਦੀ ਸਮਾਰਕ ਜਿਸ ਸਥਾਨ ਤੇ ਸਤਲੁਜ ਨਦੀ ਦੇ ਕੰਢੇ ਹੁਸੈਨੀਵਾਲਾ ਵਿਖੇ ਭਗਤ ਸਿੰਘ ਦਾ ਸਸਕਾਰ ਕੀਤਾ ਗਿਆ ਸੀ ਉਹ ਵੰਡ ਦੌਰਾਨ ਪਾਕਿਸਤਾਨੀ ਖੇਤਰ ਬਣ ਗਿਆ ਸੀ। 17 ਜਨਵਰੀ 1961 ਨੂੰ ਸੂਲੇਮੰਕੀ ਹੈਡ ਵਰਕਜ਼ ਨੇੜੇ 12 ਪਿੰਡਾਂ ਦੇ ਬਦਲੇ ਇਸਨੂੰ ਭਾਰਤ ਵਿੱਚ ਤਬਦੀਲ ਕੀਤਾ ਗਿਆ ਹੈ ਅਤੇ ਉਥੇ ਹੀ 19 ਜੁਲਾਈ 1965 ਨੂੰ ਬੱਟੁਕੇਸ਼ਵਰ ਦੱਤ ਦਾ ਅੰਤਿਮ ਇੱਛਾ ਅਨੁਸਾਰ ਸਸਕਾਰ ਕੀਤਾ ਗਿਆ ਸੀ। 1968 ਵਿੱਚ ਕੌਮੀ ਸ਼ਹੀਦੀ ਸਮਾਰਕ ਸਸਕਾਰ ਸਥਾਨ ਤੇ ਬਣਾਇਆ ਗਿਆ ਸੀ ਅਤੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀਆਂ ਯਾਦਗਾਰਾਂ ਬਣਾਈਆਂ ਗਈਆਂ। 1971 ਦੀ ਭਾਰਤ-ਪਾਕਿ ਲੜਾਈ ਦੇ ਦੌਰਾਨ, ਯਾਦਗਾਰ ਨੂੰ ਨੁਕਸਾਨ ਪਹੁੰਚਿਆ ਸੀ ਅਤੇ ਸ਼ਹੀਦਾਂ ਦੀਆਂ ਮੂਰਤੀਆਂ ਨੂੰ ਪਾਕਿਸਤਾਨੀ ਫੌਜ ਨੇ ਹਟਾ ਦਿੱਤਾ ਸੀ ਜੋਕਿ 1973 ਵਿੱਚ ਦੁਬਾਰਾ ਬਣਾਈਆਂ ਗਈਆਂ ਹਨ। 23 ਮਾਰਚ ਨੂੰ ਸਾਲਾਨਾ ਸ਼ਹੀਦੀ ਮੇਲਾ ਆਯੋਜਿਤ ਕੀਤਾ ਜਾਂਦਾ ਹੈ ਜਿੱਥੇ ਲੋਕ ਕੌਮੀ ਸ਼ਹੀਦ ਸਮਾਰਕ ਵਿਖੇ ਸ਼ਰਧਾਂਜਲੀ ਦਿੰਦੇ ਹਨ। ਸ਼ਹੀਦ ਭਗਤ ਸਿੰਘ ਮਿਊਜ਼ੀਅਮ ਜੱਦੀ ਪਿੰਡ ਖਟਕੜ ਕਲਾਂ ਵਿਖੇ 50 ਵੀਂ ਸ਼ਹੀਦੀ ਵਰ੍ਹੇਗੰਢ ਮੌਕੇ ਖੋਲ੍ਹਿਆ ਗਿਆ ਹੈ। ਭਾਰਤ ਦੇ ਨੌਜਵਾਨ ਭਗਤ ਸਿੰਘ ਤੋਂ ਬਹੁਤ ਪ੍ਰੇਰਨਾ ਲੈਂਦੇ ਹਨ। ਉਸਨੂੰ 2008 ਵਿੱਚ ਭਾਰਤੀ ਮੈਗਜ਼ੀਨ ਇੰਡੀਆ ਟੂਡੇ ਦੁਆਰਾ ਇੱਕ ਸਰਵੇਖਣ ਵਿੱਚ ਮਹਾਨ ਭਾਰਤੀ ਚੁਣਿਆ ਗਿਆ ਸੀ।ਭਾਰਤ ਦੀ ਸੰਸਦ ਨੇ 23 ਮਾਰਚ 2001 ਅਤੇ 2005 ਆਪ ਦੀ ਯਾਦ ਵਿੱਚਮਨਾਇਆ ਅਤੇ ਸ਼ਰਧਾਂਜਲੀ ਦਿੱਤੀ। ਪਾਕਿਸਤਾਨ ਵਿਚ ਭਗਤ ਸਿੰਘ ਮੈ-ਮੋਰੀਅਲ ਫਾਊਂਡੇਸ਼ਨ ਆਫ ਪਾਕਿਸਤਾਨ ਦੀ ਮੰਗ ਤੇ ਲਾਹੌਰ ਵਿੱਚ ਜਿੱਥੇ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਸੀ ਦਾ ਨਾਂ ਬਦਲ ਕੇ ਭਗਤ ਸਿੰਘ ਚੌਂਕ ਰੱਖਿਆ ਗਿਆ।ਭਗਤ ਸਿੰਘ ਦੇ ਜੀਵਨ ਨੂੰ ਕਈ ਫਿਲਮਾਂ ਰਾਹੀਂ ਪੇਸ਼ ਕੀਤਾ ਗਿਆ ਹੈ। 2008 ਵਿਚ, ਨਹਿਰੂ ਮੈਮੋਰੀਅਲ ਮਿਊਜ਼ੀਅਮ ਐਂਡ ਲਾਇਬ੍ਰੇਰੀ ਸੰਗਠਨ ਨੇ ਭਗਤ ਸਿੰਘ ਦੀ 40 ਮਿੰਟ ਦੀ ਇੱਕ ਡਾਕੂਮੈਂਟਰੀ ਇਨਕਲਾਬਤਿਆਰਕੀਤੀਗਈਸੀ। 1968 ਵਿਚ ਭਗਤ ਸਿੰਘ ਦੇ 61 ਵੇਂ ਜਨਮ ਦਿਹਾੜੇ ਦੀ ਯਾਦ ਵਿੱਚ ਇੱਕ ਡਾਕ ਟਿਕਟ ਜਾਰੀ ਕੀਤੀ ਸੀ। 2012 ਵਿੱਚ ਭਗਤ ਸਿੰਘ ਨੂੰ ਯਾਦ ਕਰਦੇ ਹੋਏ ਇੱਕ 5 ਰੁਪਏਦਾਸਿੱਕਾਜਾਰੀਕੀਤਾਗਿਆਸੀ।ਭਾਰਤ ਸਰਕਾਰ ਵਲੋਂ ਸ਼ਹੀਦ ਭਗਤ ਸਿੰਘ ਦੀ ਯਾਦ ਵਿੱਚ ਅੰਤਰ-ਰਾਸ਼ਟਰੀ ਹਵਾਈ ਅੱਡਾ ਐਸ ਏ ਐਸ ਨਗਰ ਮੋਹਾਲੀ ਚੰਡੀਗੜ੍ਹ ਦਾ ਨਾਮ ਬਦਲਕੇ ਸ਼ਹੀਦ ਭਗਤ ਸਿੰਘ ਦੇ ਨਾਮ ਤੇ ਰੱਖਿਆ ਗਿਆ ਹੈ। ਪੰਜਾਬ ਦੀ ਮੋਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਅਪਣੀ ਪਾਰਟੀ ਦਾ ਸਹੁੰ ਚੁੱਕ ਸਮਾਗਮ20 ਮਾਰਚ 1922 ਨੂੰ ਸਹੀਦ ਭਗਤ ਸਿੰਘ ਦੇ ਪਿੰਡ ਖਟਕੜਕਲਾਂ ਵਿੱਚ ਹੀ ਕਰਵਾਇਆ ਗਿਆ ਹੈ ਅਤੇ ਹਰ ਸਰਕਾਰੀ ਦਫਤਰ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਸ਼ਹੀਦ ਭਗਤ ਸਿੰਘ ਦੀਆਂ ਫੋਟੋਆਂ ਲਗਾਈਆਂ ਗਈਆਂ ਹਨ। ਅੱਜ ਉਨ੍ਹਾਂ ਦਾ ਜਨਮ ਦਿਵਸ ਸਿਰਫ ਭਾਰਤ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਮਨਾਇਆ ਜਾ ਰਿਹਾ ਹੈ।

28 ਸਤੰਬਰ ਨੂੰ ਪੰਜਾਬ ਸਰਕਾਰ ਵਲੋਂ ਇਸ ਸਬੰਧੀ ਖਟਕੜਕਲਾਂ ਵਿੱਚ ਇੱਕ ਵਿਸ਼ੇਸ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ। ਸਰਕਾਰਾਂ ਦੀਆਂ ਕੋਸ਼ਿਸਾਂ ਦੇ ਬਾਬਜੂਦ ਵੀ ਉਨ੍ਹਾਂ ਵਲੋਂ ਅਜਾਦ ਭਾਰਤ ਲਈ ਵੇਖੇ ਗਏ ਸੁਪਨੇ ਅਜਾਦੀ ਤੋਂ ਬਾਦ ਵੀ ਅਧੂਰੇ ਨਜਰ ਆ ਰਹੇ ਹਨ ਅਤੇ ਇਨ੍ਹਾਂ ਸੁਪਨਿਆਂ ਨੂੰ ਪੂਰਾ ਕਰਨ ਲਈ ਸਰਕਾਰਾਂ ਅਤੇ ਲੋਕਾਂ ਨੂੰ ਅਜੇ ਵੀ ਬਹੁਤ ਕੁੱਝ ਕਰਨ ਦੀ ਜਰੂਰਤ ਹੈ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਪੰਜਾਬ ਤੋਂ ਸ਼ਾਇਰ- ਜਸਬੀਰ ਸਿੰਘ ਧੀਮਾਨ



ਜਸਬੀਰ ਸਿੰਘ ਧੀਮਾਨ

ਪੰਜਾਬੀ ਪਰਵਾਸੀ ਸਾਹਿਤ ਦੀ ਚਰਚਾ ਵਧੇਰੇ ਕਰਕੇ ਇੰਗਲੈਂਡ, ਕੈਨੇਡਾ ਅਤੇ ਅਮਰੀਕੀ ਪ੍ਰਸੰਗ ਵਿਚ ਹੀ ਹੁੰਦੀ ਰਹੀ ਹੈ। ਇਸਦੇ ਕਈ ਕਾਰਣ ਹਨ। ਪਹਿਲਾ ਕਾਰਣ ਇਹ ਹੈ ਕਿ ਇਨ੍ਹਾਂ ਪ੍ਰਦੇਸਾਂ ਦਾ ਵਿਕਸਿਤ ਦੇਸ਼ ਹੋਣ ਕਾਰਣ ਡਾਲਰ/ ਪੌਂਡ ਦੀ ਰੁਪਏ ਵਿਚ ਵਟਾਂਦਰਾ ਦਰ 50/ 80 ਗੁਣਾਂ ਵਧੇਰੇ ਹੋਣ ਕਰਕੇ ਹਰ ਕੋਈ ਇਧਰ ਨੂੰ ਹੀ ਜਾਣ ਦੀ ਸੋਚ ਰਿਹਾ ਹੈ। ਸਾਹਿਤਕਾਰ ਵੀ ਇਸ ਦਾ ਅਪਵਾਦ ਨਹੀਂ। ਜਦੋਂ ਇਨ੍ਹਾਂ ਦੇਸ਼ਾਂ ਦੇ ਕਾਨੂੰਨ ਸਖ਼ਤ ਹੁੰਦੇ ਹਨ ਤਾਂ ਯੂਰਪ ਦਾ 'ਯੂਰੋ' ਖਿੱਚ ਦਾ ਕਾਰਣ ਬਣ ਜਾਂਦਾ ਹੈ। ਇਸੇ ਕਾਰਣ ਖਾੜੀ ਦੇਸ਼ਾਂ ਵਿਚ ਜਾ ਕੇ ਹੱਡ ਭੰਨਵੀਂ ਕਮਾਈ ਕਰਦੇ ਅਤੇ ਪੰਜਾਬੀ ਸਾਹਿਤ ਦੀ ਲੋਅ ਜਗਾਈ ਰੱਖਣ ਵਾਲੇ ਸਾਹਿਤਕਾਰਾਂ ਨੂੰ ਮਾਰਜਿਨ ਤੋਂ ਵੀ ਬਾਹਰ ਧੱਕ ਦਿੱਤਾ ਜਾਂਦਾ ਹੈ। ਉਦਾਹਰਣ ਲਈ ਕੁਵੈਤ ਵਿਚ ਹੀ ਚਤਰ ਸਿੰਘ ਸਾਹਨੀ ਖਾਨਪੁਰੀ, ਗੁਰਚਰਨ ਸਿੰਘ ਫਲਕ, ਪਿਆਰਾ ਸਿੰਘ ਰਮਤਾ, ਗੁਰਬਖਸ਼ ਡੋਗਰਾ, ਕੇਦਾਰ ਨਾਥ ਕੇਦਾਰ, ਭਗਵੰਤ ਸਿੰਘ ਡੋਗਰਾ, ਚੰਨੀ ਫਰੀਦਾਬਾਦੀ, ਕਰਤਾਰ ਸਿੰਘ ਸਾਥੀ, ਰਣਜੀਤ ਬਾਬੂ (ਡੁਬਈ) ਅਤੇ ਜਸਬੀਰ ਸਿੰਘ ਧੀਮਾਨ ਦੇ ਨਾਵਾਂ ਨੂੰ ਕਿਸੇ ਵੀ ਪਰਵਾਸੀ ਸਾਹਿਤਕਾਰਾਂ ਦੀ ਲਿਸਟ ਵਿਚ ਥਾਂ ਨਹੀਂ ਮਿਲੀ। ਜਸਬੀਰ ਧੀਮਾਨ ਦੇ ਹੁਣ ਤੱਕ ਸੱਤ ਕਾਵਿ ਸੰਗ੍ਰਹਿ-ਦਿਨ ਵੇਲੇ ਦੀ ਬਾਤ, ਆਪਣੀ ਧੁੱਪੇ ਆਪਣੀ ਛਾਵੇਂ, ਕਲਮ ਉਦਾਸ ਹੈ, ਦਰਦ ਮਿੱਟੀ ਦਾ, ਵੋਹ ਲਫ਼ਜ਼ ਕੇ ਜੋ (ਉਰਦੂ), ਨਾਲਿ ਮੇਰੇ ਕੋਈ ਚੱਲੇ, ਅਤੇ ਮਹਿੰਦੀ ਦੇ ਪੱਤੇ ਪ੍ਰਕਾਸ਼ਿਤ ਹੋਏ ਹਨ। ਉਸਦੀ ਕਵਿਤਾ ਮਾਨਵੀ ਸੰਵੇਦਨਾ ਨਾਲ਼ ਲਬਰੇਜ਼ ਹੈ। ਉਸਨੇ ਕਵਿਤਾਵਾਂ ਦੇ ਨਾਲ਼ ਨਾਲ਼ ਗ਼ਜ਼ਲਾਂ ਦੀ ਸਿਰਜਣਾ ਵੀ ਕੀਤੀ ਹੈ। ਇੱਥੇ ਅਸੀਂ ਉਸ ਦੀਆਂ ਦੋਨੋਂ ਵੰਨਗੀਆਂ ਦੇ ਰਹੇ ਹਾਂ।

**-ਡਾ. ਕਰਮਜੀਤ ਸਿੰਘ**

## ਗ਼ਜ਼ਲ

ਬਿਰਹਾ ਦੇ ਜੋ ਬੋਲ ਲਬਾਂ 'ਤੇ ਆਏ ਹਨ।
ਮਨ ਦੀ ਧਰਤੀ ਨੇ ਇਹ ਸਭ ਹੰਢਾਏ ਹਨ।

ਉਹਨਾਂ ਦੇ ਸਭ ਦੁੱਖ-ਸੁੱਖ ਸਾਡੇ ਵਰਗੇ ਹਨ,
ਫਿਰ ਦੱਸੋ ਉਹ ਲੋਕੀਂ ਕਿੰਝ ਪਰਾਏ ਹਨ?

ਲੋਕਾਂ ਦੇ ਲਈ ਆਪਾਂ ਫੁੱਲ ਉਗਾਉਂਦੇ ਰਹੇ,
ਸਾਡੇ ਹਿੱਸੇ ਖ਼ਾਰ ਭਲਾ ਕਿਉਂ ਆਏ ਹਨ?

ਉਹਨਾਂ ਬੋਲਾਂ ਨੇ ਹੀ ਸੱਚੇ ਰਹਿਣਾ ਏਂ,
ਅਮਲਾਂ ਦੀ ਭੱਠੀ ਵਿਚ ਜਿਹੜੇ ਤਾਏ ਹਨ।

ਉਹਨਾਂ ਦੇ ਦੁੱਖ ਆਪਣੇ ਕਿਉਂ ਹੁਣ ਲੱਗਦੇ ਨਹੀਂ,
ਉਹ ਵੀ ਤਾਂ ਆਖੀਰ ਕਿਸੇ ਦੇ ਜਾਏ ਹਨ।

## ਗ਼ਜ਼ਲ

ਦੁੱਖਾਂ ਭਰੀ ਕਹਾਣੀ ਦੇ ਦੋ ਪਾਤਰ ਹਾਂ।
ਸੱਜਣੀ! ਤੂੰ ਏਂ ਅੱਵਲ 'ਤੇ ਮੈਂ ਆਖ਼ਰ ਹਾਂ।

ਓੜਕ ਜਿਸ ਨੇ ਤੇਰੀ ਪਿਆਸ ਬੁਝਾਉਣੀ ਏਂ,
ਸੱਜਣੀ! ਪਿਆਰ ਦਾ ਭਰਿਆ ਮੈਂ ਉਹ ਸਾਗਰ ਹਾਂ।

ਤੇਰੀ ਪੁਸਤਕ ਦੇ ਵਿਚ ਜਿਸ ਨੇ ਰਹਿਣਾ ਏਂ,
ਪਿਆਰ ਦੇ ਰੁੱਖ ਤੋਂ ਟੁੱਟਿਆ ਮੈਂ ਉਹ ਪੱਤਰ ਹਾਂ।

ਮੇਰੇ ਬਾਝੋਂ ਤੂੰ ਵੀ ਕਦੋਂ ਮੁਕੰਮਲ ਏਂ?
ਤੇਰੇ ਨਾਂ ਦਾ ਮੈਂ ਹੀ ਪਹਿਲਾ ਅੱਖਰ ਹਾਂ।

ਜਿੱਥੇ ਵੀ ਇਹ ਡਿਗਿਆ ਨਗ਼ਮਾ ਬਣ ਜਾਣਾ,
ਤੇਰੀ ਸੋਚ ਦੇ ਰੁੱਖ ਦਾ ਮੈਂ ਉਹ ਪੱਤਰ ਹਾਂ।

## ਗ਼ਜ਼ਲ

ਕਿਸ ਚੰਦਰੇ ਨੇ ਕਿਹੜੇ ਵੇਲੇ ਕਿਸ ਦਾ ਨਾਮ ਲਿਆ?
ਪਲ ਭਰ ਦੇ ਵਿਚ ਚੜ੍ਹ ਆਏ ਨੇ ਅੱਖਾਂ ਦੇ ਦਰਿਆ।

ਤੇੜਾਂ ਦੇ ਅੰਦਰ ਕੋਈ ਵੀ ਅਕਸ ਨਾ ਉੱਭਰਿਆ।
ਭਾਵੇਂ ਜੀਵਨ ਸ਼ੀਸ਼ੇ ਸਾਹਵੇਂ ਸਭ ਕੁਝ ਆਏ ਵਿਖਾ।

ਰੰਗ ਲਿਆਵੇਗੀ ਕੁਰਬਾਨੀ ਸਿਰਲੱਥਾਂ ਦੀ ਇਕ ਦਿਨ,
ਸਭ ਕੁਝ ਜਿਹੜੇ ਭੁੱਲ-ਭੁਲਾ ਕੇ ਆਪਾ ਰਹੇ ਲੁਟਾ।

ਜਦ ਵੀ ਕਿਧਰੇ ਪਿਆਰ ਕਿਸੇ ਦਾ ਯਾਰੋ! ਸੂਲੀ ਚੜ੍ਹਿਆ,
ਵਿਚ ਥਲਾਂ ਦੇ ਰੌਲ਼ਾ ਪਾਉਂਦੀ ਫਿਰਦੀ ਰਹੀ ਹਵਾ।

ਭੁੱਲ-ਭੁਲਾ ਕੇ ਉਸ ਨੂੰ ਆਪਾਂ ਦਿਨ ਕੱਟੀ ਹਾਂ ਕਰਦੇ,
ਜਦ ਵੀ ਆਵੇ ਯਾਦ ਸੱਜਣ ਦੀ ਲੈ ਜਾਵੇ ਭਰਮਾ।

## ਗ਼ਜ਼ਲ

ਆਪਾਂ ਕਵਿਤਾਵਾਂ 'ਚੋਂ ਲੱਭਦੇ ਬਹਿਰ ਗਏ।
ਅਰਥਾਂ ਦੀ ਜਦ ਗੱਲ ਤੁਰੀ ਤਾਂ ਠਹਿਰ ਗਏ।

ਸਾਡਾ ਆਪਾ ਸਾਨੂੰ ਛੱਡ ਕੇ ਦੂਰ ਗਿਆ,
ਆਪਾਂ ਯਾਰਾ! ਜਦ ਵੀ ਤੇਰੇ ਸ਼ਹਿਰ ਗਏ।

ਭੁੱਲ ਚੁੱਕੇ ਸਾਂ ਸੱਭੇ ਗੱਲਾਂ ਪਿਆਰ ਦੀਆਂ,
ਖਿੜਕੀ ਖੁੱਲ੍ਹੀ ਤੱਕੀ ਤਾਂ ਹੀ ਠਹਿਰ ਗਏ।

ਤੇਰਾ ਥਹੁ-ਟਿਕਾਣਾ ਕੋਈ ਲੱਭਿਆ ਨਾ,
ਆਪਾਂ ਤੈਨੂੰ ਲੱਭਦੇ ਸ਼ਹਿਰੋ-ਸ਼ਹਿਰ ਗਏ।

ਤਾਜ਼ੇ ਪਾਣੀ ਉਹੀਓ ਜਿਹੜੇ ਚਲਦੇ ਰਹਿਣ,
ਗੰਧਲਾਏ ਜੋ ਰਾਹਾਂ ਦੇ ਵਿਚ ਠਹਿਰ ਗਏ।

ਯਾਰਾਂ ਸਦਕਾ ਅਸੀਂ ਸਬੂਤੇ ਦਿਸਦੇ ਹਾਂ,
ਉਂਝ ਤਾਂ ਸਾਡੇ ਉਪਰੋਂ ਲੰਘ ਕਈ ਕਹਿਰ ਗਏ।

## ਮੋਹ-ਭੰਗ

ਮੋਹ 'ਚ ਗੁਆਚੇ ਗੁਜਾਰ ਦੇਂਦੇ ਹਾਂ ਲੰਮਾ ਸਮਾਂ
ਕਿਸੇ ਨਾਲ ਹੋਇਆ ਮੋਹ-ਭੰਗ ਜਗਾ ਦੇਂਦਾ ਹੈ
ਜਾਗਣ ਤੇ ਬੜਾ ਕੁਝ ਨਵਾਂ ਦਿਸਦਾ
ਬੜਾ ਕੁਝ ਨਜ਼ਰਾਂ ਦੇ ਘੇਰੇ 'ਚ ਨਹੀਂ ਆਉਂਦਾ
ਜਿਸ ਦੇ ਮੋਹ ਵਿਚ ਕਰ ਗਏ ਲੰਮਾ ਸਫਰ
ਥੱਕਿਆ ਜਿਸਮ ਥੱਕਿਆ ਮਨ
ਜਾਗਣ ਨਾਲ ਕਈ ਨਵੇਂ ਮਾਅਨੇ ਸਮਝ ਪਏ
ਨਿਆਂ ਤੇ ਸੱਚ ਕੀ ਹੈ
ਅਨਿਆਂ ਤੇ ਅਸੱਚ ਕੀ ਹੈ
ਕਿਵੇਂ ਬਦਲ ਜਾਂਦੇ ਇਹਨਾਂ ਦੇ ਚਿਹਰੇ
ਬੰਦਾ ਬਦਲੇ ਚਿਹਰੇ ਦੇਖ ਕੇ ਹੈਰਾਨ ਨਹੀਂ ਹੁੰਦਾ
ਰੋਹ ਵਿਚ ਆਉਂਦਾ ਹੈ
ਰੋਹ ਕਿਸੇ ਤੇ ਨਹੀਂ ਆਪਣੇ ਤੇ
ਆਪਾ ਜਿਹੜਾ ਮੋਹ 'ਚ ਫਸਿਆ
ਇਹ ਕੁਝ ਪਹਿਲਾਂ ਤੱਕ ਨਹੀਂ ਸਕਿਆ।

## ਕਵਿਤਾ

ਕੋਸ਼ਿਸ਼ ਕਰੀਏ
ਮਨ ਧਰਤੀ 'ਤੇ
ਉਗਦੀਆਂ ਰਹਿਣ ਕਵਿਤਾਵਾਂ।

ਨਹੀਂ ਤਾਂ ਮਨ ਧਰਤੀ ਉਤੇ
ਬਹੁਤ ਕੁਝ ਉਗ ਆਵੇਗਾ
ਬੇਗਾਨਾ ਤੇ ਬੇਲੋੜਾ ਜਿਹਾ
ਜੋ ਘੇਰ ਲਵੇਗਾ ਮਨ ਧਰਤੀ ਨੂੰ
ਫੈਲ ਜਾਵੇਗਾ
ਮਾਰੂ ਦਿਸਹੱਦਿਆਂ ਤੱਕ

ਮਨ ਧਰਤੀ ਤੇ
ਜੇ ਹੋਣਗੀਆਂ ਕਵਿਤਾਵਾਂ
ਬਦਲਦੇ ਮੌਸਮ ਹੋਣਗੇ
ਫਸਲਾਂ ਹੋਣਗੀਆਂ
ਗੀਤ ਗਾਉਂਦੇ ਪੰਛੀ ਹੋਣਗੇ
ਬੜਾ ਕੁਝ ਬਦਲੇਗਾ
ਬੜਾ ਕੁਝ ਬਦਲਣ ਵਿਚ
ਸਮੋਅ ਜਾਵੇਗਾ ਜੀਵਨ
ਜੀਵਨ ਨੂੰ ਲੱਭਦੀਆਂ ਕਵਿਤਾਵਾਂ
ਮਨ ਧਰਤੀ ਨਾਲ
ਰਿਸ਼ਤਾ ਬਣਾਈ ਰੱਖਣਗੀਆਂ।

ਜੇ ਚਾਹੀਏ ਜੀਣਾ
ਤਾਂ ਕੋਸ਼ਿਸ਼ ਕਰੀਏ
ਮਨ ਧਰਤੀ ਤੇ
ਉਗਦੀਆਂ ਰਹਿਣ ਕਵਿਤਾਵਾਂ।

## ਮਾਂ ਦੇ ਹੱਥ

ਮੈਨੂੰ ਆਪਣੇ ਘਰ ਵਿਚ
ਹਰ ਪਲ ਹਰ ਪਾਸੇ
ਦਿਸਦੇ ਹਨ ਮਾਂ ਦੇ ਹੱਥ
ਇਹੀ ਉਹ ਹੱਥ ਹਨ
ਜਿਹਨਾਂ ਸਦਕਾ
ਸਾਡਾ ਮਕਾਨ ਘਰ ਬਣਿਆ
ਸ਼ਗਨਾਂ ਵਾਲੀ ਥਾਂ ਬਣਿਆ
ਮਕਾਨ ਨੂੰ ਘਰ ਬਣਾਉਂਦਿਆਂ
ਰੂਹ ਦੀ ਸਿਰਜਣਾ
ਉਹਨਾਂ ਹੱਥਾਂ ਨੇ ਹੀ ਕੀਤੀ ਸੀ
ਮਾਂ ਤੋਂ ਬਾਅਦ
ਹੱਥਾਂ ਦੇ ਕਰਿਸ਼ਮੇ ਦੀ ਗੱਦੀ
ਪਤਨੀ ਕੋਲ ਆ ਗਈ
ਮੇਰੇ ਵਿਆਹ 'ਤੇ
ਮਾਂ ਦੇ
ਮਾਈਂਏਂ ਲੱਗੇ ਹੱਥਾਂ ਦੇ ਨਿਸ਼ਾਨ
ਘਰ ਦੀ ਕੰਧ 'ਤੇ ਛਪ ਗਏ
ਪੁੱਤਰਾਂ ਦੇ ਵਿਆਹ ਸਮੇਂ
ਛਪ ਗਏ ਪਤਨੀ ਦੇ ਹੱਥਾਂ ਦੇ ਨਿਸ਼ਾਨ
ਇਹ ਸਾਰੇ ਨਿਸ਼ਾਨ
ਇਕ-ਦੂਜੇ ਵਿਚ ਗੁੰਮ ਜਾਂਦੇ ਹਨ
ਇਕ-ਦੂਜੇ ਵਿਚੋਂ ਉੱਭਰ ਆਉਂਦੇ ਹਨ
ਇਹਨਾਂ ਨਿਸ਼ਾਨਾਂ ਸਦਕਾ
ਇਹ ਘਰ ਸ਼ਗਨਾਂ ਵਾਲਾ ਹੈ
ਔਰਤ ਦੇ ਹੱਥਾਂ ਤੋਂ ਬਿਨਾ
ਮਕਾਨ ਘਰ ਨਹੀਂ ਬਣਦਾ।

## ਗ਼ਜ਼ਲ

ਜਿੰਨੀ ਕੀਤੀ ਹਾਏ-ਹਾਏ।
ਓਨੇ ਅਪਣੇ ਦਰਦ ਵਧਾਏ।

ਪੀੜ ਗਏ ਰੂਹਾਂ ਦੀਆਂ ਨਾੜਾਂ,
ਚੰਗੀ ਪੀੜ ਵੰਡਾਵਣ ਆਏ।

ਉਸ ਦਿਨ ਤੋਂ ਕੁਝ ਵੀ ਨਾ ਦਿਸਦਾ,
ਜਿਸ ਦਿਨ ਦੇ ਉਹ ਨਜ਼ਰੀਂ ਆਏ।

ਜਿਹੜੇ ਪਾਣੀ ਸਮਤਲ ਰਹਿੰਦੇ,
ਭੇਤ ਉਹਨਾਂ ਦਾ ਕਿਹੜਾ ਪਾਏ?

ਮੇਰੀ ਸੋਚ 'ਚ ਮੇਰੀ ਕਲਪਣ,
ਕਲਪਣ ਅੰਦਰ ਤੇਰੇ ਸਾਏ।

ਕਫ਼ਨ ਜਿਹਨਾਂ ਦੇ ਸਿਰ 'ਤੇ ਬੱਧੇ,
ਮੌਤ ਉਹਨਾਂ ਦੇ ਪੈਰ ਦਬਾਏ।

## ਧੂੜ

ਜਦੋਂ ਕੋਈ ਬਿਮਾਰੀ
ਆ ਕੇ ਕਹਿੰਦੀ ਹੈ
ਤੈਨੂੰ ਮਿਲਣ ਆਈ ਹਾਂ
ਬੰਦਾ ਕੰਬ ਜਾਂਦਾ ਹੈ

ਜਦੋਂ ਕਰਜਾ ਲੈਣ ਵਾਲਾ
ਦਰਵਾਜੇ ਤੇ ਆ ਦਸਤਕ ਦੇਵੇ
ਬੰਦਾ ਫਿਕਰਾਂ 'ਚ ਲਹਿ ਜਾਵੇ

ਜਦੋਂ ਅਤੀਤ ਦ੍ਰਿਸ਼ ਦ੍ਰਿਸ਼ ਹੋ ਕੇ
ਅੱਖਾਂ ਅੱਗੋਂ ਗੁਜਰੇ
ਬੰਦਾ ਉਸ ਨੂੰ ਫੜ ਲੈਣਾ ਚਾਹਵੇ

ਜਦੋਂ ਜ਼ਿੰਦਗੀ
ਆਖਿਰ ਕੀ ਪਾਇਆ ਦਾ ਸਵਾਲ ਕਰੇ
ਬੰਦਾ ਮੂੰਹ ਮੋੜ
ਉਦਾਸ ਇਕੱਲੇ ਰਾਹ ਵੱਲ ਵੇਖਣ ਲੱਗੇ

ਕੁਝ ਵੀ ਸਾਫ ਨਜ਼ਰ ਨਹੀਂ ਆਉਂਦਾ
ਬੱਸ ਧੂੜ ਉਡਦੀ ਦਿਖਾਈ ਦੇਂਦੀ ਹੈ।

## ਫੁੱਲਾਂ 'ਚ ਲੁਕਣਾ

ਪਾਰਕ ਵਿਚ ਬੈਠਿਆਂ
ਇਕ ਵਾਰ ਤੂੰ ਕਿਹਾ ਸੀ
ਅਸੀਂ ਬੁੱਢੇ ਹੋ ਕੇ ਵੀ
ਇਸ ਪਾਰਕ ਵਿਚ ਮਿਲਾਂਗੇ
ਫੁੱਲਾਂ ਨਾਲ ਗੁਫਤਗੂ ਕਰਾਂਗੇ
ਉਹਨਾਂ ਦੇ ਰੰਗ
ਇਕ-ਦੂਜੇ ਦੇ ਚਿਹਰੇ 'ਤੇ ਮਲਾਂਗੇ
ਫੁੱਲਾਂ ਵਿਚ ਲੁਕ ਜਾਵਾਂਗੇ ਦੋਵੇਂ
ਕਿੰਨਾ ਚੰਗਾ ਲੱਗੇਗਾ
ਮੈਂ ਹੁਣ ਜਦ ਬੁੱਢਾ ਹੋ ਗਿਆ ਹਾਂ
ਪਾਰਕ ਵਿਚ ਬੈਠਾ
ਉਹਨਾਂ ਪਲਾਂ ਬਾਰੇ ਸੋਚ ਰਿਹਾ ਹਾਂ
ਸੋਚ ਰਿਹਾ ਹਾਂ ਤੇਰੇ ਬਾਰੇ
ਕਿ ਤੂੰ ਵੀ ਬੁੱਢੀ ਹੋ ਗਈ ਹੋਵੇਂਗੀ
ਸਿਰ ਨੂੰ ਝਟਕ ਦੇਂਦਾ ਹਾਂ
ਮੇਰੀ ਸੋਚ ਵਿਚਲੀ ਤੂੰ
ਅਜੇ ਬੁੱਢੀ ਨਹੀਂ ਹੋਈ
ਉਹ ਅੱਜ ਵੀ
ਫੁੱਲਾਂ ਨਾਲ ਗੁਫਤਗੂ ਕਰਦੀ ਹੈ
ਉਹਨਾਂ ਦੇ ਰੰਗ
ਹੱਥਾਂ 'ਚ ਫੜਦੀ ਹੈ
ਉਹ ਹੁਣ ਫੁੱਲਾਂ 'ਚ ਲੁਕਦੀ ਨਹੀਂ
ਉਸ ਦੀ ਨਜ਼ਰ ਮੈਨੂੰ ਲੱਭਦੀ ਹੈ
ਫੁੱਲਾਂ 'ਚ ਲੁੱਕ ਜਾਣ ਲਈ।

## ਸੰਵਾਦ

ਬਹੁਤ ਕਠਿਨ ਹੁੰਦਾ ਹੈ
ਆਪਣੇ ਆਪ ਨਾਲ
ਸੰਵਾਦ ਰਚਾਉਣਾ

ਫਿਰ ਵੀ ਜੇ ਅਸੀਂ
ਸੰਵਾਦ ਰਚਾ ਸਕੀਏ
ਫੁੱਲਾਂ ਨਾਲ, ਪੰਛੀਆਂ ਨਾਲ
ਬੱਦਲਾਂ ਨਾਲ, ਬਾਰਿਸ਼ ਨਾਲ
ਬਹਾਰ ਨਾਲ, ਪਤਝੜ ਨਾਲ
ਵਿਛੋੜੇ ਤੇ ਵਿਸਾਲ ਨਾਲ
ਰੋਣ ਨਾਲ ਹੱਸਣ ਨਾਲ
ਹਨ੍ਹੇਰੇ ਤੇ ਰੌਸ਼ਨੀ ਨਾਲ
ਕੁਦਰਤ ਨਾਲ ਜੁੜੇ
ਹਰ ਕਣ ਨਾਲ

ਫੇਰ ਅਸੀਂ
ਆਪਣੇ ਆਪ ਨਾਲ ਵੀ
ਸੰਵਾਦ ਰਚਾ ਸਕਦੇ ਹਾਂ।

## ਉਹਨਾਂ ਕਵਿਤਾਵਾਂ ਦੇ ਨਾਂ

ਮੈਂ ਆਪਣੀ ਤਲੀ ਤੇ
ਉਗ ਆਏ ਹਰਫਾਂ ਨੂੰ
ਉਹਨਾਂ ਕਵਿਤਾਵਾਂ ਦੇ ਨਾਂ
ਕਰ ਦਿੱਤਾ ਹੈ
ਜੋ ਸਮੇਂ ਸਮੇਂ ਮੇਰੇ ਕੋਲ ਆਈਆਂ
ਮੈਂ ਕੰਮ ਵਿਚ ਰੁੱਝੇ
ਜਾਂ ਆਪੇ ਦੀ ਮਸਤੀ ਵਿਚ
ਉਹਨਾਂ ਵੱਲ
ਧਿਆਨ ਨਾ ਦਿੱਤਾ
ਉਹ ਆਈਆਂ
ਉਹਨਾਂ ਕੁਝ ਪਲ
ਮੈਨੂੰ ਨਿਹਾਰਿਆ
ਮੁਸਕਰਾਈਆਂ
ਤੇ ਚਲੇ ਗਈਆਂ।

## ਚੰਗਾ ਲੱਗਣਾ

ਭੁੱਖ ਉਡਾ ਲੈ ਜਾਂਦੀ ਹੈ
ਪੰਛੀਆਂ ਨੂੰ ਦੂਰ ਬਹੁਤ ਦੂਰ
ਧਰਤ ਦੇ ਕਿਸੇ ਹਿੱਸੇ 'ਤੇ
ਆਪਣੀ ਭੁੱਖ ਮਿਟਾਉਂਦੇ
ਪੱਕਾ ਟਿਕਾਣਾ ਬਣਾ ਲੈਂਦੇ
ਭੁੱਲ ਜਾਂਦੇ
ਛੁਟ ਗਈ ਧਰਤ ਦੇ ਮੌਸਮ
ਤਿਉਹਾਰ, ਲੋਕ ਗੀਤ
ਬਸ ਕਦੀ-ਕਦੀ
ਉਥੇ ਦੇ ਮੌਸਮਾਂ ਜਿਹਾ
ਤਿਉਹਾਰਾਂ ਜਿਹਾ ਮਹਿਸੂਸ ਹੁੰਦਾ
ਉੜ ਕੇ ਪਹੁੰਚ ਜਾਣਾ ਚਾਹੁੰਦੇ
ਛੁੱਟ ਗਈ ਧਰਤ 'ਤੇ
ਪਰ ਭੁੱਖ ਦੀ ਪੂਰਤੀ ਰੋਕ ਲੈਂਦੀ
ਫਿਰ ਨਵੀਂ ਧਰਤ ਦੇ
ਮੌਸਮ, ਤਿਉਹਾਰ, ਲੋਕ ਗੀਤ
ਚੰਗੇ ਲੱਗਣ ਲੱਗਦੇ।

## ਰੁਖਸਤੀ

ਅੱਧੇ ਮਨ ਨਾਲ ਪੜ੍ਹੀ ਕਵਿਤਾ
ਅੱਧੇ ਮਨ ਨਾਲ
ਮਿੱਤਰਾਂ ਨਾਲ ਮੁਲਾਕਾਤ

ਅੱਧੇ ਮਨ ਨਾਲ
ਜੀਵਿਆਂ ਪਰਿਵਾਰਕ ਜੀਵਨ

ਅੱਧੇ ਮਨ ਨਾਲ ਪ੍ਰਵਾਸ ਨੂੰ ਆਉਣਾ
ਅੱਧੇ ਮਨ ਨਾਲ ਪਰਤਣਾ ਘਰ ਨੂੰ

ਹੁਣ ਸੋਚਦਾ ਹਾਂ
ਇਸ ਸਫਰ ਦੇ ਅਖ਼ੀਰ ਤੇ
ਕੀ ਇੱਥੋਂ ਰੁਖਸਤੀ ਵੀ
ਅੱਧੇ ਮਨ ਨਾਲ ਹੋਵੇਗੀ।

# ਪੂਨਾ ਪੈਕਟ ਵਰਦਾਨ ਜਾਂ ਸਰਾਪ

## ਪੂਨਾ ਸਮਝੌਤਾ ਕੀ ਹੈ? ਇਹ ਕਿਵੇਂ ਹੋਂਦ ਵਿਚ ਆਇਆ, ਅੱਜ ਦੇ ਪੜ੍ਹੇ-ਲਿਖੇ 21 ਵੀਂ ਸਦੀ ਦੇ ਬਹੁਜਨ ਸਮਾਜ ਦੇ ਮੂਲਨਿਵਾਸੀ ਲੋਕਾਂ ਨੂੰ ਜਾਣਨਾ ਬਹੁਤ ਜ਼ਰੂਰੀ ਹੈ



ਕੁਸ਼ਲ ਕੁਮਾਰ
91-9780778062

1857 ਈ। ਦੇ ਵਿਦਰੋਹ ਤੋਂ ਬਾਅਦ ਭਾਰਤ ਵਿਚ ਈਸਟ ਇੰਡੀਆ ਕੰਪਨੀ ਦਾ ਰਾਜ ਖ਼ਤਮ ਹੋਣ ਤੋਂ ਬਾਅਦ, ਬ੍ਰਿਟਿਸ਼ ਨੇ ਸਿੱਧੀ ਕਮਾਂਡ ਆਪਣੇ ਹੱਥ ਵਿਚ ਲੈ ਲਈ। ਬ੍ਰਿਟਿਸ਼ ਨੇ ਪਹਿਲਾ ਇੰਡੀਅਨ ਪੀਨਲ ਕੋਡ 1860 ਵਿੱਚ ਬਣਾਇਆ। ਇਸੇ ਐਕਟ ਤਹਿਤ 1874 ਈ। ਨੂੰ ਬੰਗਾਲ ਦੇ ਬ੍ਰਾਹਮਣ ਨੰਦਕੁਮਾਰ ਦੇਵ ਨੂੰ ਫਾਂਸੀ ਦਿੱਤੀ ਗਈ ਸੀ। ਜਿਸ ਕਾਰਨ ਭਾਰਤ ਵਿਚ ਸਰਵਉੱਚ ਮੰਨੀ ਜਾਂਦੀ ਜਾਤੀ ਨੂੰ ਵੱਡਾ ਝਟਕਾ ਲੱਗਿਆ।

ਇਸਦੇ ਨਤੀਜੇ ਵਜੋਂ, 1885 ਈ ਵਿੱਚ, ਬੰਗਾਲ ਦੇ ਬ੍ਰਾਹਮਣਾਂ ਨੇ ਕਾਂਗਰਸ ਦੀ ਸਥਾਪਨਾ ਕੀਤੀ। ਬ੍ਰਾਹਮਣ ਬ੍ਰਿਟਿਸ਼ ਦੰਡ ਪ੍ਰਣਾਲੀ ਤੋਂ ਇੰਨੇ ਡਰਦੇ ਸਨ ਕਿ ਉਨ੍ਹਾਂ ਨੇ ਕਾਂਗਰਸ ਦੇ ਪਹਿਲੇ ਮੁਖੀ ਨੂੰ ਰਿਟਾਇਰਡ ਬ੍ਰਿਟਿਸ਼ ਅਧਿਕਾਰੀ, ਸਰ ਏਓ।ਹਯੂਮ ਨੂੰ ਬਣਾਇਆ। ਏਓ।ਹਿਊਮ ਤੋਂ ਬਾਅਦ, ਕਾਂਗਰਸ ਦੀ ਕਮਾਨ ਬਾਲ ਗੰਗਾਧਰ ਤਿਲਕ ਦੇ ਹੱਥ ਵਿੱਚ ਆਈ। ਬਾਲ ਗੰਗਾਧਰ ਤਿਲਕ ਭਾਰਤ ਦੇ ਲੋਕਾਂ ਵਿਚ ਬ੍ਰਿਟਿਸ਼ ਵਿਰੁੱਧ ਨਾਰਾਜ਼ਗੀ ਪੈਦਾ ਕਰਨ ਵਿਚ ਸਫਲ ਹੋਏ। ਇਸ ਅਸੰਤੁਸ਼ਟੀ ਨੂੰ ਸ਼ਾਂਤ ਕਰਨ ਲਈ, ਬ੍ਰਿਟਿਸ਼ ਸਰਕਾਰ ਨੇ ਯੋਜਨਾ ਬਣਾਈ ਕਿ ਕਿਉਂ ਨਾ ਭਾਰਤ ਦੇ ਲੋਕਾਂ ਨੂੰ ਸੱਤਾ ਵਿੱਚ ਕੁੱਝ ਹਿਸੇਦਾਰੀ ਦਿੱਤੀ ਜਾਵੇ। ਜਿਸ ਵਿਚ ਬ੍ਰਿਟਿਸ਼ ਨੇ ਸੋਚਿਆ ਕਿ ਕਾਨੂੰਨ ਬਣਾਉਣ ਦਾ ਅਧਿਕਾਰ ਵਿਧਾਨ ਸਭਾ ਨੂੰ ਦਿੱਤਾ ਜਾਣਾ ਚਾਹੀਦਾ ਹੈ ਅਤੇ ਕਾਨੂੰਨ ਵਿਚ ਵੱਖਰੇ ਭਾਈਚਾਰਿਆਂ ਅਤੇ ਸਮੂਹਾਂ ਨੂੰ ਕਾਨੂੰਨ ਬਣਾਉਣ ਦਾ ਅਧਿਕਾਰ ਹੋਵੇਗਾ।


ਇਸ ਦੇ ਤਹਿਤ, ਸਾਉਥਬਾਊਰੋ ਕਮਿਸ਼ਨ 1918 ਈ। ਨੂੰ ਭਾਰਤ ਆਇਆ ਸੀ। ਉਸ ਸਮੇਂ ਛਤਰਪਤੀ ਸ਼ਾਹੂਜੀ ਮਹਾਰਾਜ ਜੀਵਤ ਸਨ। ਡਾ ਅੰਬੇਡਕਰ ਅਤੇ ਭਾਸਕਰਾਓ ਜਾਧਵ ਦੋਵਾਂ ਨੇ ਮਿਲ ਕੇ ਛਤਰਪਤੀ ਸ਼ਾਹੂਜੀ ਮਹਾਰਾਜ ਦੀ ਪ੍ਰੇਰਣਾ ਅਧੀਨ ਅਛੂਤਾਂ ਲਈ ਵਿਧਾਨ ਸਭਾ ਵਿੱਚ ਵੱਖਰੀ ਨੁਮਾਇੰਦਗੀ ਦੀ ਮੰਗ ਕੀਤੀ ਸੀ। ਭਾਸਕਰਾਓ ਜਾਧਵ ਨੇ ਮਰਾਠਿਆਂ ਸਮੇਤ ਓਬੀਸੀ ਲਈ ਵੱਖਰੀ ਨੁਮਾਇੰਦਗੀ ਦੀ ਮੰਗ ਕੀਤੀ। ਜਿਸ ਦਾ ਲਿਖਤੀ ਸਬੂਤ ਮਹਾਰਾਸ਼ਟਰ ਸਰਕਾਰ ਦੁਆਰਾ ਪ੍ਰਕਾਸ਼ਤ ਕੀਤਾ ਗਿਆ ਸੀ।

ਬਾਲ ਗੰਗਾਧਰ ਤਿਲਕ ਨੇ ਅਕੋਲਾ ਅਤੇ ਬੁਸਾਵਾਲ ਦੇ ਖੁੱਲ੍ਹੇ ਮੈਦਾਨਾਂ ਵਿੱਚ ਆਮ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਵਰਾਜ ਸਾਡਾ ਜਨਮ ਅਧਿਕਾਰ ਹੈ ਜਿਸ ਨੂੰ ਅਸੀਂ ਲੈ ਕੇ ਰਹਾਂਗਾ, ਪਰ ਤੁਹਾਨੂੰ ਇਹ ਦੱਸਣਾ ਬਹੁਤ ਜ਼ਰੂਰੀ ਹੈ ਕਿ ਸਵਰਾਜ ਦਾ ਅਰਥ ਅੰਗਰੇਜ਼ਾਂ ਨੂੰ ਭਾਰਤ ਤੋਂ ਕੱਢਣਾ ਨਹੀਂ ਹੈ। "ਸਵਰਾਜਯ" ਦਾ ਅਰਥ ਹੈ ਜਿਵੇਂ ਪ੍ਰਾਚੀਨ ਸਮੇਂ ਵਿੱਚ ਮਨੁਸਮ੍ਰਿਤੀ ਵਿੱਚ ਲਿਖਿਆ ਹੈ ਕਿ ਰਾਜਾ ਅਪਣਾ ਰਾਜ ਬ੍ਰਾਹਮਣ ਨਾਲ ਮਿਲ ਚਲਾਉਂਦਾ ਸੀ, ਉਸ ਤਰ੍ਹਾਂ ਅਜੋਕੇ ਸਮੇਂ ਵਿੱਚ, ਜੇਕਰ ਬ੍ਰਿਟਿਸ਼ ਸਰਕਾਰ ਬ੍ਰਾਹਮਣ ਨਾਲ ਪ੍ਰਸ਼ਾਸਨ ਚਲਾਉਣ ਲਈ ਕੰਮ ਕਰਦੀ ਹੈ ਤਾਂ ਉਨ੍ਹਾਂ ਨੂੰ ਭਾਰਤ ਨਹੀਂ ਛੱਡਣਾ ਪਵੇਗਾ।

ਤਿਲਕ ਨੇ ਅਥਨੀ, ਕੋਲਹਾਪੁਰ ਦੇ ਇੱਕ ਪਿੰਡ ਵਿੱਚ ਇੱਕ ਸੈਸ਼ਨ ਵਿੱਚ ਖੁੱਲ੍ਹ ਕੇ ਕਿਹਾ ਸੀ ਕਿ "ਤੇਲੀ ਤੰਬੋਲੀ ਅਤੇ ਕੁਨਭਟਾਂ (ਕੁਰਮੀ) ਨੇ ਵਿਧੀ ਮੰਡਲ ਵਿਚ ਜਾ ਕੇ ਕੀ ਹੱਲ ਚਲਾਉਣਾ ਹੈ?

ਪਹਿਲਾ ਭਾਰਤੀ ਐਕਟ 1919 ਈ ਵਿਚ ਪਾਸ ਕੀਤਾ ਗਿਆ ਸੀ। ਜਿਸ ਵਿਚ ਅਛੂਤਾਂ ਨੂੰ ਨੁਮਾਇੰਦਗੀ ਨਹੀਂ ਮਿਲੀ। ਇਸ ਵਿੱਚ ਸਿਰਫ ਨਾਮ ਦੀ ਨੁਮਾਇੰਦਗੀ ਦਾ ਮਾਮਲਾ ਮੰਨਿਆ ਗਿਆ ਅਤੇ ਹਰ 10 ਸਾਲਾਂ ਬਾਅਦ ਇਸਦੀ ਸਮੀਖਿਆ ਕਰਨ ਦੀ ਸਹੂਲਤ ਇਸ ਵਿੱਚ ਰਖੀ ਗਈ। ਜਿਸ ਦੇ ਨਤੀਜੇ ਵਜੋਂ, 1928 ਵਿਚ, ਸਾਈਮਨ ਕਮਿਸ਼ਨ ਭਾਰਤ ਆਇਆ। ਤਦ ਸ਼ਾਹੂ ਮਹਾਰਾਜ ਅਤੇ ਤਿਲਕ ਦੀ ਫੋਤ ਹੋ ਚੁੱਕੀ ਸੀ। 1927 ਵਿਚ ਚੋਦਾਰ ਤਲਾਬ ਦੇ ਅੰਦੋਲਨ ਤੋਂ ਬਾਅਦ, ਡਾ। ਅੰਬੇਡਕਰ ਉੱਭਰ ਕੇ ਸਾਹਮਣੇ ਆਉਣ ਵਾਲੇ ਆਗੂ ਬਣ ਚੁੱਕੇ ਸਨ। ਕਾਂਗਰਸ ਅਤੇ ਗਾਂਧੀ ਸਾਈਮਨ ਕਮਿਸ਼ਨ ਦਾ ਵਿਰੋਧ ਕਰ ਰਹੇ ਸਨ। ਉਨ੍ਹਾਂ ਦਾ ਕਹਿਣਾ ਕਿ ਇਸ ਵਿਚ ਕੋਈ ਵੀ ਭਾਰਤੀ ਆਗੂ ਸ਼ਾਮਲ ਨਹੀਂ ਸੀ।ਬ੍ਰਿਟਿਸ਼ ਸਰਕਾਰ ਨੇ ਗਾਂਧੀ ਨੂੰ ਦੱਸਿਆ ਕਿ ਗਾਂਧੀ ਜੀ ਸਾਈਮਨ ਕਮਿਸ਼ਨ ਇਕ ਕਾਨੂੰਨੀ ਅਤੇ ਸਰਕਾਰੀ ਕਮਿਸ਼ਨ ਹੈ। ਸਰਕਾਰੀ ਕਮਿਸ਼ਨ ਵਿਚ ਕੋਈ ਨਿਜੀ ਵਿਅਕਤੀ ਸ਼ਾਮਲ ਨਹੀਂ ਹੁੰਦਾ।

ਸਾਈਮਨ ਕਮਿਸ਼ਨ ਨੇ ਆਪਣਾ ਕੰਮ ਪੂਰਾ ਕਰਕੇ ਰਿਪੋਰਟ ਸੌਂਪ ਦਿੱਤੀ। ਦੂਜੇ ਪਾਸੇ, ਬ੍ਰਿਟਿਸ਼ ਦੁਆਰਾ ਗਾਂਧੀ ਜੀ ਨਾਲ ਕੀਤੇ ਵਾਅਦੇ ਅਨੁਸਾਰ 1930 ਵਿਚ ਇੰਗਲੈਂਡ ਵਿਚ ਗੋਲ ਮੇਜ ਕਾਨਫਰੰਸ ਆਯੋਜਤ ਕੀਤੀ ਗਈ ਸੀ। ਪਰ ਭਾਰਤ ਦੇ ਸਾਰੇ ਰਾਜਨੀਤਿਕ ਅਤੇ ਸਮਾਜਿਕ ਸੰਗਠਨਾਂ ਦੇ ਨੇਤਾਵਾਂ





ਦੀ ਮੌਜੂਦਗੀ ਦੇ ਕਾਰਨ, ਗਾਂਧੀ ਨੇ ਪਹਿਲੀ ਗੋਲ ਮੇਜ਼ ਕਾਨਫਰੰਸ ਵਿਚ ਜਾਣਾ ਉਚਿਤ ਨਹੀਂ ਸਮਝਿਆ। ਵਿਰੋਧ ਦਾ ਸਾਹਮਣਾ ਕਰਨ ਤੋਂ ਡਰਦੇ ਹੋਏ, ਗਾਂਧੀ ਜੀ ਦੀ ਗ਼ੈਰਹਾਜ਼ਰੀ ਕਾਰਨ ਬ੍ਰਿਟਿਸ਼ ਸਰਕਾਰ ਨੇ ਦੂਜੀ ਗੋਲ ਮੇਜ ਕਾਨਫਰੰਸ ਬੁਲਾ ਲਈ। ਗਾਂਧੀ ਜੀ ਨੂੰ ਪਤਾ ਸੀ ਕਿ ਜੇ ਉਹ ਨਹੀਂ ਜਾਂਦੇ ਤਾਂ ਉਨ੍ਹਾਂ ਦੇ ਖਿਲਾਫ ਫੈਸਲਾ ਲਿਆ ਜਾਵੇਗਾ।

ਗਾਂਧੀ ਜੀ ਨੇ ਗੋਲ ਮੇਜ ਵਿਚ ਇਹ ਕਿਹਾ ਸੀ," ਜੇ ਅਛੂਤ ਲੋਕਾਂ ਨੂੰ ਮੇਰੀ ਗੱਲ ਸੁਣ ਕੇ ਦੁੱਖ ਹੁੰਦਾ ਹੈ ਅਤੇ ਅਛੂਤ ਲੋਕ ਧਰਮ ਬਦਲ ਕੇ ਈਸਾਈ ਜਾ ਮੁਸਲਮਾਨ ਬਣਦੇ ਹਨ, ਤਾਂ ਮੈਂ ਉਨ੍ਹਾਂ ਦਾ ਵਿਰੋਧ ਨਹੀਂ ਕਰਾਂਗਾ"। ਅਛੂਤਾਂ ਦੀ ਮੰਗ ਨੂੰ ਦਬਾਉਣ ਲਈ ਗਾਂਧੀ ਨੇ ਮੁਸਲਿਮ ਨੇਤਾ ਮੁਹੰਮਦ ਅਲੀ ਜਿਨਾਹ ਨੂੰ ਬੁਲਾਇਆ। ਉਸਨੇ ਜਿਨਾਹ ਨਾਲ ਇੱਕ ਗੁਪਤ ਸਮਝੌਤਾ ਵੀ ਕੀਤਾ।

ਗਾਂਧੀ ਜੀ ਨੇ ਮੁਹੰਮਦ ਅਲੀ ਜਿਨਾਹ ਨੂੰ ਕਿਹਾ "ਮੈਂ ਤੁਹਾਡੀਆਂ ਸਾਰੀਆਂ ਮੰਗਾਂ ਮੰਨਣ ਲਈ ਤਿਆਰ ਹਾਂ ਜੇ ਤੁਸੀਂ ਮੇਰੇ ਨਾਲ ਸ਼ਾਮਲ ਹੋ ਜਾਂਦੇ ਅਤੇ ਅਛੂਤਾਂ ਦੀਆਂ ਮੰਗਾਂ ਦਾ ਵਿਰੋਧ ਕਰਦੇ ਹੋ" ਜਿਨਾਹ ਨੇ ਇਸ ਨੂੰ ਸਵੀਕਾਰ ਨਹੀਂ ਕੀਤਾ। ਉਸਨੇ ਗਾਂਧੀ ਨੂੰ ਕਿਹਾ ਕਿ ਅਸੀਂ ਖੁਦ ਇਕ ਘੱਟਗਿਣਤੀ ਹਾਂ, ਅਤੇ ਅਸੀਂ ਘੱਟਗਿਣਤੀ ਲੋਕਾਂ ਦੀ ਮੰਗ ਦਾ ਵਿਰੋਧ ਕਿਵੇਂ ਕਰ ਸਕਦੇ ਹਾਂ? ਇਸੇ ਲਈ ਗਾਂਧੀ ਨੇ ਸਿੱਧੇ ਤੌਰ 'ਤੇ ਪ੍ਰੈਸ ਕਾਨਫਰੰਸ ਬੁਲਾ ਕੇ ਕਿਹਾ ਕਿ" ਜੇ ਬ੍ਰਿਟਿਸ਼ ਸਰਕਾਰ ਡਾ ਅੰਬੇਡਕਰ ਦੇ ਸ਼ਬਦਾਂ ਨਾਲ ਸਹਿਮਤ ਹੋਏ ਤਾਂ ਮੈਂ ਆਪਣੀ ਜ਼ਿੰਦਗੀ ਦਾਅ' ਤੇ ਲਗਾ ਦੇਵਾਂਗਾ"। ਇਹ ਕਹਿ ਕੇ, ਗਾਂਧੀ ਨੇ ਗੋਲ ਮੇਜ ਕਾਨਫਰੰਸ ਛੱਡ ਦਿੱਤੀ। ਉਸ ਸਮੇਂ ਇੰਗਲੈਂਡ ਦੇ ਪ੍ਰਧਾਨਮੰਤਰੀ ਰਮਸੇ ਮੈਕਡੋਨਲਡ ਸਨ। ਉਹ ਗਾਂਧੀ ਦੀਆਂ ਹਰਕਤਾਂ ਤੋਂ ਬਹੁਤ ਦੁਖੀ ਸਨ। ਉਸਨੇ ਸਾਰੀਆਂ ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇਂਆ ਨੂੰ ਦੱਸਿਆ ਕਿ ਜੇ ਕਿਸੇ ਗੱਲ 'ਤੇ ਸਹਿਮਤੀ ਨਹੀਂ ਬਣਦੀ ਤਾਂ ਉਹ ਮਤਾ ਪਾਸ ਕਰਨਗੇ, ਇੰਗਲੈਂਡ ਦੇ ਕਿੰਗ ਜਾਰਜ ਪੰਚਮ ਦੀ ਪ੍ਰਧਾਨਗੀ ਹੇਠ ਇੱਕ ਕਮਿਸ਼ਨ ਬਣਾਇਆ ਜਾਵੇਗਾ ਅਤੇ ਭਾਰਤ ਦੇ ਸਮੂਹ ਧਾਰਮਿਕ,ਰਾਜਨੀਤਿਕ ਅਤੇ ਸਮਾਜਿਕ ਆਗੂਆਂ ਨੂੰ ਇਸ ਦੇ ਫੈਸਲੇ ਨੂੰ ਸਵੀਕਾਰਨਾ ਪਏਗਾ। ਅਤੇ ਗਾਂਧੀ ਜੀ ਨੇ ਸਭ ਤੋਂ ਪਹਿਲਾਂ ਇਸ ਪ੍ਰਸਤਾਵ ਤੇ ਦਸਤਖਤ ਕੀਤੇ ਸਨ।

ਪ੍ਰਧਾਨਮੰਤਰੀ ਰਮਸੇ ਮੈਕਡੋਨਲਡ ਨੇ ਰਾਜਾ ਜਾਰਜ ਪੰਚਮ ਦੀ ਅਗਵਾਈ ਹੇਠ ਲਾਵਾਦ ਮੰਡਲ ਦੀ ਨਿਯੁਕਤੀ ਕੀਤੀ।ਜਿਉਂ ਹੀ ਗਾਂਧੀ ਇੰਗਲੈਂਡ ਤੋਂ ਭਾਰਤ ਪਰਤਿਆ, ਉਹ ਮੁੰਬਈ ਦੇ ਪੁਣੇ ਦੀ ਯਰਵਦਾ ਜੇਲ੍ਹ ਵਿੱਚ ਕੈਦ ਕਰ ਲਿਆ ਗਿਆ।

ਕਮਿਊਨਲ ਅਵਾਰਡ ਦੀ ਘੋਸ਼ਣਾ 17 ਅਗਸਤ 1932 ਨੂੰ ਕੀਤੀ ਗਈ ਸੀ। ਡਾ: ਅੰਬੇਡਕਰ ਦੀਆਂ ਚਾਰਾਂ ਮੰਗਾਂ ਮੰਨ ਲਈਆਂ ਗਈਆਂ।

1) ਵੱਖਰੇ ਚੋਣ ਖੇਤਰ
2) ਦੋਹਰੀ ਵੋਟ ਦਾ ਅਧਿਕਾਰ।
3) ਬਲਾਗ ਮੱਤਾਧਿਕਾਰ
4) ਰਾਜ, ਕੇਂਦਰੀ ਅਤੇ ਰਾਜ ਵਿਧਾਨ ਸਭਾਵਾਂ ਵਿਚ ਢੁਕਵੀਂ ਨੁਮਾਇੰਦਗੀ ਦਾ ਅਧਿਕਾਰ।

ਇਹ ਅਧਿਕਾਰ ਗਾਂਧੀ ਐਂਡ ਕੰਪਨੀ ਨੂੰ ਪਰਮਾਣੂ ਬੰਬ ਦੇ ਰੂਪ ਵਿੱਚ ਪ੍ਰਗਟ ਹੋਇਆ।

ਅਛੂਤ ਲੋਕਾਂ ਲਈ ਵੱਖਰੇ ਚੋਣ ਹਲਕਿਆਂ ਦੀ ਪ੍ਰਣਾਲੀ ਅਤੇ ਦੋਹਰੀ ਨੂੰ ਵੋਟ ਪਾਉਣ ਦੇ ਅਧਿਕਾਰ ਦੇ ਵਿਰੋਧ ਵਿੱਚ ਗਾਂਧੀ ਨੇ 20 ਸਤੰਬਰ 1932 ਨੂੰ ਮਰਨ ਵਰਤ ਰੱਖਿਆ ਸੀ। ਗਾਂਧੀ ਜੀ ਸਨ ਕਿ ਜੇ ਮੈਂ ਅੰਬੇਡਕਰ ਦੇ ਵਿਰੋਧ ਵਿੱਚ ਮਰਨ ਵਰਤ 'ਤੇ ਜਾਵਾਂਗਾ ਤਾਂ ਪੂਰਾ ਦੇਸ਼ ਅੰਬੇਡਕਰ ਦੇ ਵਿਰੋਧ ਵਿੱਚ ਖੜਾ ਹੋ ਜਾਵੇਗਾ ਅਤੇ ਡਾ।ਅੰਬੇਡਕਰ ਤੂੜੀ ਦੀ ਤਰ੍ਹਾਂ ਹਵਾ ਵਿੱਚ ਉਡ ਜਾਣਗੇ।

ਦੂਜੇ ਪਾਸੇ ਡਾ। ਅੰਬੇਡਕਰ ਤੇ ਗਾਂਧੀ ਜੀ ਦੇ ਮਰਨ ਵਰਤ ਦਾ ਕੋਈ ਅਸਰ ਨਹੀਂ ਹੋਇਆ। ਗਾਂਧੀ ਜੀ ਦੀ ਹਾਲਤ ਵਿਗੜ ਗਈ। ਫਿਰ ਕਾਂਗਰਸ ਨੇ ਜਾਇਜ਼ਾ ਲਿਆ ਕਿ, ਗਾਂਧੀ ਜੀ ਦੇ ਮਰਨ ਵਰਤ ਦਾ ਅਸਰ ਡਾ: ਅੰਬੇਡਕਰ ਤੇ ਕਿਉਂ ਨਹੀਂ ਹੋ ਰਿਹਾ। ਫਿਰ ਕਾਂਗਰਸੀਆਂ ਨੇ ਡਾ। ਅੰਬੇਡਕਰ ਨੂੰ ਲਹੂ ਨਾਲ ਲਥਪਥ ਪੱਤਰ ਲਿਖ ਕੇ ਜਾਨ ਤੋਂ ਮਾਰਨ ਦੀ ਧਮਕੀ ਦਿੱਤੀ। ਦੂਰਅੰਦੇਸ਼ੀ, ਡਾ। ਅੰਬੇਡਕਰ ਜਾਣਦੇ ਸਨ ਕਿ ਇਹ ਕਾਂਗਰਸ ਦੀ ਸ਼ੈਤਾਨੀ ਖੇਡ ਹੈ ।ਅਖੀਰ ਵਿੱਚ, ਕਾਂਗਰਸ ਨੇ ਉਹਨਾਂ ਲੋਕਾਂ ਦੀਆਂ ਬਸਤੀਆਂ ਸਾੜਨ ਦੀ ਇੱਕ ਨਵੀਂ ਯੋਜਨਾ ਬਣਾਈ ਜਿਸਦੇ ਲਈ ਡਾ। ਅੰਬੇਡਕਰ ਨੇ ਅਧਿਕਾਰ ਪ੍ਰਾਪਤ ਕੀਤੇ ਸਨ। ਇਹ ਗੱਲ ਕਾਨਪੁਰ, ਬਨਾਰਸ ਅਤੇ ਪਟਨਾ ਦੇ ਪਿੰਡਾਂ ਵਿਚ ਹੋਈ ਸੀ, ਜਿੱਥੇ ਅਛੂਤਾਂ ਦੀਆਂ ਬਸਤੀਆਂ ਸੜਨੀਆ ਸ਼ੁਰੂ ਕਰ ਦਿਤੀਆਂ ਗਈਆਂ। ਡਾ।ਅੰਬੇਦਕਰ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਸਨੇ ਇਸ ਬਾਰੇ ਬ੍ਰਿਟਿਸ਼ ਪੁਲਿਸ ਅਧਿਕਾਰੀਆ ਨਾਲ ਗੱਲ ਕੀਤੀ। ਉਨ੍ਹਾਂ ਨੇ ਬਾਬਾ ਸਾਹਿਬ ਡਾ: ਅੰਬੇਦਕਰ ਨੂੰ ਕਿਹਾ ਕਿ ਸਾਡੀ ਸੁਰੱਖਿਆ ਪ੍ਰਣਾਲੀ ਸਿਰਫ ਅਤੇ ਸਿਰਫ ਸ਼ਹਿਰਾਂ ਵਿਚ ਹੈ। ਅਸੀਂ ਪਿੰਡ ਵਿਚ ਤੁਹਾਡੀ ਮਦਦ ਨਹੀਂ ਕਰ ਸਕਦੇ।

ਫਿਰ ਅਖੀਰ ਵਿੱਚ 24 ਸਤੰਬਰ 1932 ਨੂੰ, ਬਾਬਾ ਸਾਹਿਬ ਡਾ। ਅੰਬੇਡਕਰ ਅਤੇ ਗਾਂਧੀ ਜੀ ਵਿਚਕਾਰ ਪੂਨਾ ਸਮਝੌਤਾ ਹੋਇਆ। ਡਾ ਅੰਬੇਡਕਰ ਪੂਨਾ ਸਮਝੌਤੇ 'ਤੇ ਹਸਤਾਖਰ ਨਹੀਂ ਕਰਨਾ ਚਾਹੁੰਦੇ ਸਨ, ਬਲਕਿ ਉਨ੍ਹਾਂ ਨੇ ਮਜ਼ਬੂਰ ਹੋ ਕੇ ਇਸ' ਤੇ ਦਸਤਖਤ ਕੀਤੇ ਸਨ। ਬਾਬਾ ਸਾਹਿਬ ਨੇ ਪੂਨਾ ਸਮਝੌਤੇ ਦੇ ਵਿਰੋਧ ਵਿੱਚ 3 ਕਿਤਾਬਾਂ ਵੀ ਲਿਖੀਆਂ।

1) ਕਾਂਗਰਸ ਅਤੇ ਗਾਂਧੀ ਨੇ ਅਛੂਤ ਲੋਕਾਂ ਲਈ ਕੀ ਕੀਤਾ?
2) ਰਾਜ ਅਤੇ ਘੱਟਗਿਣਤੀ।
3) ਮਿਸਟਰ ਗਾਂਧੀ ਅਤੇ ਅਛੂਤਾਂ ਦੀ ਮੁਕਤੀ।

ਇਸ ਪ੍ਰਕਾਰ ਬਾਬਾ ਸਾਹਿਬ ਅਤੇ ਗਾਂਧੀ ਜੀ ਦਰਮਿਆਨ ਹੋਇਆ ਇਹ ਪੂਨਾ ਸਮਝੌਤਾ ਗਾਂਧੀ ਦੀ ਸਾਜਿਸ਼ ਸੀ, ਜਿਸ ਨਾਲ ਇੱਕ ਸਾਜਿਸ਼ ਤਹਿਤ ਅਛੂਤਾਂ ਦੇ ਹੱਕ ਖੋਹ ਲਏ ਗਏ ਸਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਆਮ ਚੋਣਾਂ ਕਰਵਾਈਆਂ ਗਈਆਂ ਹਨ। ਜਿਥੇ ਵੀ ਬਾਬਾ ਸਾਹਿਬ ਅੰਬੇਡਕਰ ਦੀ ਪਾਰਟੀ ਦੇ ਉਮੀਦਵਾਰ ਖੜੇ ਹੋਏ ਸਨ, ਬਾਬਾ ਸਾਹਿਬ ਅੰਬੇਡਕਰ ਦੀ ਪਾਰਟੀ ਹਾਰ ਗਈ ਸੀ। ਜਿਸ 'ਤੇ ਬਾਬਾ ਸਾਹਿਬ ਨੇ ਆਪਣੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਕੀਤੀ ਅਤੇ ਇਸ ਵਿਚ ਸਮੀਖਿਆ ਕੀਤੀ ਕਿ ਕਿਹੜੇ ਕਾਰਨਾਂ ਕਰਕੇ ਉਨ੍ਹਾਂ ਨੂੰ ਏਨੀ ਵੱਡੀ ਹਾਰ ਦਾ ਸਾਹਮਣਾ ਕਰਨਾ ਪਿਆ। ਜਿਸ ਵਿਚ ਇਹ ਸਾਹਮਣੇ ਆਇਆ ਕਿ ਗਾਂਧੀ ਨੇ ਜਿਹੜਾ ਪੂਨਾ ਪੈਕਟ ਕੀਤਾ ਸੀ। ਉਸ ਨਾਲ਼ ਸਾਡੇ ਸਮਾਜ ਦੀ ਸਹੀ ਨੁਮਾਇੰਦਗੀ ਉਸ ਦੁਆਰਾ ਖਤਮ ਕੀਤੀ ਗਈ ਸੀ।

ਪੂਨਾ ਸਮਝੌਤੇ ਨੇ ਭਡਵੇ, ਦਲਾਲਾਂ, ਚੱਮਚਿਆਂ ਅਤੇ ਉੱਚੀਆਂ ਸੁਨਹਿਰੀ ਹਿੰਦੂ ਜਾਤੀਆਂ ਦੇ ਸੰਦਾਂ ਨੂੰ ਪੈਦਾ ਕੀਤਾ।

ਹਾਲ ਹੀ ਵਿੱਚ, ਭਾਰਤ ਦੇ ਰਾਸ਼ਟਰੀ ਸਰਵੇਖਣ ਦੀ ਰਿਪੋਰਟ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ 83 ਕਰੋੜ ਲੋਕਾਂ ਦੀ ਆਮਦਨ 6 ਰੁਪਏ ਤੋਂ 20 ਰੁਪਏ ਤੱਕ ਹੈ। 83 ਕਰੋੜ ਲੋਕਾਂ ਨੂੰ ਭੁੱਖਮਰੀ ਅਤੇ ਬੇਰੁਜ਼ਗਾਰੀ ਦੇ ਖੂਹ ਵਿਚ ਧੱਕਿਆ ਗਿਆ ਹੈ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਮ੍ਰਿਤਕ ਗਾਂਧੀ 83 ਕਰੋੜ ਲੋਕਾਂ ਨੂੰ ਮਾਰਨ ਵਿੱਚ ਲੱਗਾ ਹੋਇਆ ਹੈ। ਕਿਉਂਕਿ ਜੇਕਰ ਸਾਡੇ ਸਮਾਜ ਦੇ ਲੋਕਾਂ ਦੀ ਸਹੀ ਨੁਮਾਇੰਦਗੀ ਹੁੰਦੀ, ਤਾਂ ਭੁੱਖਮਰੀ, ਬੇਰੁਜ਼ਗਾਰੀ ਅਤੇ ਕੁਪੋਸ਼ਣ ਦੇ ਵਿਰੁੱਧ ਜ਼ਰੂਰ ਲੜਾਈ ਲੜੀ ਜਾਂਦੀ।

## ਕਾਵਿ ਵਿਅੰਗ

# ਰਾਮ-ਰੌਲ਼ੇ ਵਿੱਚ ਸੱਚ ?

ਲੱਗੇ ਕਿਸੇ ਨੂੰ ਆਗੂ ਕੋਈ ਚੰਦ ਵਰਗਾ
ਕਹਿੰਦਾ ਉਸੇ ਨੂੰ ਦੂਸਰਾ 'ਗੰਦ' ਕੋਈ।

ਧਰਨੇ ਵੱਜਦੇ ਸਾਰੇ ਹੀ ਦੇਸ ਅੰਦਰ
ਆਏ ਦਿਨ ਕਰਾਉਂਦਾ ਏ 'ਬੰਦ' ਕੋਈ।

ਸੂਈ 'ਸ਼ੱਕ' ਦੀ ਘੁੰਮਦੀ ਸਾਰਿਆਂ 'ਤੇ
ਦੱਸਦਾ ਇੱਕ ਨੂੰ ਦੂਜੇ ਦਾ 'ਸੰਦ' ਕੋਈ।

ਉੱਲੂ ਆਪਣਾ ਸਿੱਧਾ ਹੀ ਕਰਨ ਲੱਗੇ
ਨਾ ਅਸੂਲ ਦਾ ਰਿਹਾ ਪਾਬੰਦ ਕੋਈ।

ਵਿੰਗ-ਵਲ਼ ਸਿਆਸਤ ਵਿੱਚ ਪਏ ਐਨੇ
ਚਾਹੁੰਦੇ ਲੋਕ ਨੇ ਦੇਵੇ ਆ 'ਰੰਦ' ਕੋਈ।

ਔਖਾ ਹੋਇਆ ਐ ਲੱਭਣਾ ਏਸ ਵੇਲੇ
ਰਾਮ-ਰੌਲ਼ੇ 'ਚੋਂ 'ਸੱਚ ਦਾ ਤੰਦ' ਕੋਈ !



ਤਰਲੋਚਨ ਸਿੰਘ
ਦੁਪਾਲ ਪੁਰ
001-408-915-1268

# ਪੰਚਾਂ ਸਰਪੰਚਾਂ ਵੱਲੋਂ ਮੁੱਖ ਮੰਤਰੀ ਦੇ ਘਰ ਅੱਗੇ ਰੋਸ ਮੁਜ਼ਾਹਰਾ

**ਸੰਗਰੂਰ–** ਪੰਜਾਬ ਪੰਚਾਇਤ ਯੂਨੀਅਨ ਪੰਜਾਬ ਦੀ ਅਗਵਾਈ 'ਚ ਪੰਜਾਬ ਭਰ ਦੀਆਂ ਗਰਾਮ ਪੰਚਾਇਤਾਂ ਵੱਲੋਂ ਸਰਕਾਰ ਨੂੰ ਵਾਰ ਵਾਰ ਸਰਪੰਚ ਪੰਚਾਂ ਦੀਆਂ ਮੰਗਾਂ ਸਬੰਧੀ ਮਿਲਣ ਦਾ ਸਮਾਂ ਨਾ ਦੇਣ ਅਤੇ ਮੰਗਾਂ ਨਾ ਮੰਨਣ ਦੇ ਰੋਸ ਵਜੋਂ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਦੇ ਪਿੰਡਾਂ ਵਿੱਚੋਂ ਆਏ ਪੰਚਾਂ ਸਰਪੰਚਾਂ ਨੇ ਮੁੱਖ ਮੰਤਰੀ ਦੀ ਰਿਹਾਇਸ਼ ਤੋਂ ਕੁਝ ਦੂਰ ਬਠਿੰਡਾ ਚੰਡੀਗੜ੍ਹ ਬਾਈਪਾਸ ਤੇ ਇਕੱਤਰ ਹੋ ਕੇ ਰੋਸ ਰੈਲੀ ਕਰਨ ਉਪਰੰਤ ਮੁੱਖ ਮੰਤਰੀ ਦੀ ਰਿਹਾਇਸ਼ ਦੇ ਬਾਹਰ ਰੋਸ ਪ੍ਰਦਰਸ਼ਨ ਕੀਤਾ ਗਿਆ। ਪੰਜਾਬ ਪੰਚਾਇਤ ਯੂਨੀਅਨ ਦੇ ਸੂਬਾ ਪ੍ਰਧਾਨ ਰਵਿੰਦਰ ਰਿੰਕੂ ਗੁਰਨੇ, ਜਸਵੀਰ ਸਿੰਘ ਜੱਸੀ ਲੌਂਗੋਵਾਲੀਆ ਮਾਲਵਾ ਜ਼ੋਨ ਪ੍ਰਧਾਨ, ਜਨਰਲ ਸਕੱਤਰ ਲਵਜੀਤ ਸਿੰਘ ਬੱਬੀ ਜ਼ਿਲ੍ਹਾ ਪ੍ਰਧਾਨ ਸੰਗਰੂਰ, ਜਸਵੀਰ ਸਿੰਘ ਛੰਨਾ, ਕਿਰਨਜੀਤ ਕੌਰ ਚੱਠਾ ਮੀਤ ਪ੍ਰਧਾਨ ਜ਼ਿਲ੍ਹਾ ਸੰਗਰੂਰ ਅਤੇ ਤਰਸੇਮ ਸਿੰਘ ਜ਼ਿਲ੍ਹਾ ਪ੍ਰਧਾਨ ਮਲੇਰਕੋਟਲਾ ਨੇ ਕਿਹਾ ਕਿ ਪੰਚਾਇਤ ਯੂਨੀਅਨ ਪੰਜਾਬ ਵੱਲੋਂ ਕਈ ਵਾਰ ਪੰਚਾਇਤ ਮੰਤਰੀ ਅਤੇ ਖ਼ਜ਼ਾਨਾ ਮੰਤਰੀ ਅਤੇ ਸਿੱਖਿਆ ਮੰਤਰੀ ਮੀਤ ਹੇਅਰ ਰਾਹੀਂ ਮੁੱਖ ਮੰਤਰੀ ਪੰਜਾਬ ਨੂੰ ਪੰਚਾਇਤਾਂ ਦੀਆਂ ਮੁਸ਼ਕਲਾਂ ਸਬੰਧੀ ਮਿਲਣ ਵਾਸਤੇ ਸਮੇਂ ਦੀ ਮੰਗ ਕਰ ਰਹੇ ਸੀ ਪ੍ਰੰਤੂ ਪੰਚਾਇਤ ਯੂਨੀਅਨ ਨੂੰ ਨਾ ਤਾਂ ਕੋਈ ਮਿਲਣ ਦਾ ਸਮਾਂ ਦਿੱਤਾ ਗਿਆ ਅਤੇ ਨਾ ਹੀ ਪੰਚਾਇਤਾਂ ਦੀਆਂ ਮੰਗਾਂ ਨੂੰ ਹੱਲ ਕਰਨ ਲਈ ਕੋਈ ਯੋਗ ਉਪਰਾਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅਸੀਂ ਮਜਬੂਰ ਹੋ ਕੇ ਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਧਰਨਾ ਲਾਉਣ ਆਏ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਾਰ ਵਾਰ ਪੰਚਾਇਤਾਂ ਦੀਆਂ ਮੰਗਾਂ ਨੂੰ ਅਣਗੌਲਿਆ ਕਰ ਰਹੀ ਹੈ। ਆਗੂਆਂ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਇਸ ਧਰਨੇ ਉਪਰੰਤ ਵੀ ਪੰਚਾਇਤ ਯੂਨੀਅਨ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਨਾ ਲਿਆ ਤਾਂ ਤਿੱਖੇ ਸੰਘਰਸ਼ ਦੀ ਰੂਪ ਰੇਖਾ ਨੂੰ ਉਲੀਕਿਆ ਜਾਵੇਗਾ। ਯੂਨੀਅਨ ਦੇ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਪਿਛਲੇ ਸਾਢੇ ਤਿੰਨ ਸਾਲਾਂ ਦਾ ਮਾਣ ਭੱਤਾ ਜਾਰੀ ਕੀਤਾ ਜਾਵੇ, ਰੇਤਾ ਬਜਰੀ, ਸੀਮਿੰਟ, ਲੇਬਰ, ਮਿਸਤਰੀ ਅਤੇ ਪੰਚਾਇਤਾਂ ਦੇ ਕੰਮਾਂ ਵਿਚ ਵਰਤੇ ਜਾਣ ਵਾਲੀਆਂ ਵਸਤੂਆਂ ਦੇ ਡੀਸੀ ਰੇਟਾਂ ਤੇ ਮਾਰਕੀਟ ਰੇਟਾਂ ਅਨੁਸਾਰ ਹੋਣ ਬਲਾਕ ਪੱਧਰ ਦੇ ਐਸਡੀਓ ਦੀਆਂ ਪੋਸਟਾਂ ਪੂਰੀਆਂ ਕੀਤੀਆਂ ਜਾਣ, ਪੰਚਾਇਤਾਂ ਨੂੰ ਜੀਐੱਸਟੀ ਤੋਂ ਰਾਹਤ ਦਿੱਤੀ ਜਾਵੇ, ਇਸ ਤੋਂ ਇਲਾਵਾ ਪੰਚਾਇਤ ਨੂੰ ਪੰਜ ਲੱਖ ਰੁਪਏ ਤੱਕ ਦੀ ਮਿੱਟੀ ਪਾਉਣ ਦੀ ਇਜਾਜ਼ਤ ਦਿੱਤੀ ਜਾਵੇ ਅਤੇ ਪੰਚਾਇਤੀ ਜ਼ਮੀਨਾਂ ਨੂੰ ਸੁਧਾਰ ਸਧਾਰਨ ਅਤੇ ਵਾਹੀਯੋਗ ਬਣਾਉਣ ਦਾ ਅਧਿਕਾਰ ਬਿਨਾਂ ਪ੍ਰਧਾਨਗੀ ਪੰਚਾਇਤ ਨੂੰ ਦਿੱਤਾ ਜਾਵੇ। ਇਸ ਮੌਕੇ ਯਾਦਵਿੰਦਰ ਸਿੰਘ ਧਨੌਰੀ ਜ਼ਿਲ੍ਹਾ ਪ੍ਰਧਾਨ ਪਟਿਆਲਾ, ਚਰਨਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਮਾਨਸਾ, ਸਤਨਾਮ ਸਿੰਘ ਭੱਟੀ ਜ਼ਿਲ੍ਹਾ ਪ੍ਰਧਾਨ ਬਰਨਾਲਾ, ਬਲਵਿੰਦਰ ਸਿੰਘ ਇੰਚਾਰਜ ਗੁਰਦਾਸਪੁਰ, ਗੁਰਵਿੰਦਰ ਸਿੰਘ ਇੰਚਾਰਜ ਮੋਹਾਲੀ, ਰਿੰਪੀ ਮੁਕਤਸਰ, ਜਸਵਿੰਦਰ ਸਿੰਘ ਇੰਚਾਰਜ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਇਲਾਵਾ ਯੂਨੀਅਨ ਦੇ ਹੋਰ ਵੀ ਆਗੂ ਅਤੇ ਵਰਕਰ ਹਾਜ਼ਰ ਸਨ। ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਪੰਚਾਇਤ ਯੂਨੀਅਨ ਨੂੰ ਤਹਿਸੀਲਦਾਰ ਸੰਦੀਪ ਕੁਮਾਰ ਵੱਲੋਂ ਮੁੱਖ ਮੰਤਰੀ ਨਾਲ 6 ਅਕਤੂਬਰ ਨੂੰ ਮੀਟਿੰਗ ਕਰਨ ਦਾ ਲਿਖਤੀ ਪੱਤਰ ਜਾਰੀ ਕੀਤਾ ਗਿਆ। ਜਿਸ ਤੋਂ ਬਾਅਦ ਧਰਨਾ ਸਮਾਪਤ ਹੋਇਆ।



# ਸ਼ਹੀਦ ਭਗਤ ਸਿੰਘ

ਮਲਵਿੰਦਰ ਜੀਤ ਸਿੰਘ ਵੜੈਚ

ਭਗਤ ਸਿੰਘ ਦਾ ਜਨਮ 28 ਸਤੰਬਰ 1907, ਦਿਨ ਸ਼ਨਿਚਰਵਾਰ ਨੂੰ ਸੁਭਾ ਪੌਣੇ ਨੌਂ ਵਜੇ, ਲਾਇਲਪੁਰ (ਫੈਸਲਾ-ਬਾਦ, ਹੁਣ ਪਾਕਿਸਤਾਨ) ਜ਼ਿਲ੍ਹੇ ਦੇ ਪਿੰਡ ਬੰਗਾ (ਚੱਕ ਨੰ: 105) ਵਿਚ ਹੋਇਆ। ਉਸਦੇ ਦਾਦੇ ਸ. ਅਰਜਨ ਸਿੰਘ ਨੇ 1899 ਦੇ ਨੇੜ-ਤੇੜ, ਜ਼ਿਲ੍ਹਾ ਜਲੰਧਰ/ ਨਵਾਂਸ਼ਹਿਰ ਵਿਚਲੇ ਆਪਣੇ ਜੱਦੀ ਪਿੰਡ ਖਟਕੜ ਕਲਾਂ ਤੋਂ ਪਰਵਾਸ ਕਰਨ ਦਾ ਫੈਸਲਾ ਕਰ ਲਿਆ ਸੀ। ਅਸਲ ਵਿਚ, ਉਸ ਵੇਲੇ ਅਨੇਕਾਂ ਕਿਸਾਨ ਪੂਰਬੀ ਪੰਜਾਬ ਤੋਂ ਪੱਛਮੀ ਪੰਜਾਬ ਵਿਚ ਜਾ ਵੱਸੇ ਸਨ ਕਿਉਂਕਿ ਉਹਨਾਂ ਦੀਆਂ ਅੱਖਾਂ ਉਥੋਂ ਦੀਆਂ ਨਹਿਰੀ ਕਾਲੋਨੀਆਂ ਦੀ ਜਰਖੇਜ਼ ਅਤੇ ਅਛੋਹ ਪਈ ਜ਼ਮੀਨ 'ਤੇ ਲਲਚਾਈਆਂ ਹੋਈਆਂ ਸਨ, ਜਿਹੜੀ ਹੁਣ ਨਵੀਆਂ ਪੁੱਟੀਆਂ ਗਈਆਂ ਨਹਿਰਾਂ ਦੁਆਰਾ ਸਿੰਜੀ ਜਾਣ ਲੱਗ ਪਈ ਸੀ।

ਸਰਦਾਰ ਅਰਜਨ ਸਿੰਘ ਇਕ ਆਰੀਆ ਸਮਾਜੀ ਸੀ। ਕਾਂਗਰਸ ਦਾ ਇਕ ਸਰਗਰਮ ਮੈਂਬਰ ਹੋਣ ਤੋਂ ਇਲਾਵਾ ਉਹ ਰੂੜ੍ਹੀਵਾਦੀ ਸਮਾਜਿਕ ਵਿਚਾਰਾਂ, ਰਹੁ-ਰੀਤਾਂ ਅਤੇ ਖਾਸ ਕਰਕੇ ਜਾਤ-ਪਾਤ ਦਾ ਕੱਟੜ ਵਿਰੋਧੀ ਸੀ। ਇਸ ਕਰਕੇ, ਇਹ ਕੋਈ ਹੈਰਾਨੀ ਦੀ ਗੱਲ ਨਹੀਂ ਸੀ ਕਿ ਉਸਦੇ ਤਿੰਨੇ ਪੁੱਤਰ ਸ. ਕਿਸ਼ਨ ਸਿੰਘ- ਭਗਤ ਸਿੰਘ ਦਾ ਪਿਤਾ, ਸ. ਅਜੀਤ ਸਿੰਘ ਅਤੇ ਸ. ਸਵਰਨ ਸਿੰਘ, ਆਜ਼ਾਦੀ ਸੰਘਰਸ਼ ਦੀ ਗਰਮ-ਖਿਆਲੀ ਧਾਰਾ ਵਿਚ ਸ਼ਾਮਲ ਹੋ ਗਏ। ਸ਼ਹੀਦ ਦਾ ਜਨਮ ਸਾਲ 1907, ਪੰਜਾਬ ਵਿਚ ਰਾਜਸੀ ਉਥਲ-ਪੁਥਲ ਦਾ ਸਾਲ ਸੀ। ਕੌਮੀ ਪੱਧਰ 'ਤੇ, 1905 ਵਿਚ ਹੋਈ ਬੰਗਾਲ ਦੀ ਵੰਡ, ਇਸ ਹਿਲਜੁਲ ਦਾ ਕਾਰਨ ਬਣੀ ਅਤੇ ਪੰਜਾਬ ਲਈ ਇਸ ਦਾ ਆਧਾਰ ਪੰਜਾਬ ਕੋਲੋਨਾਈਜੇਸ਼ਨ ਐਕਟ ਬਣਿਆ। ਇਸ ਐਕਟ ਰਾਹੀਂ ਹਕੂਮਤ, ਨਹਿਰੀ ਕਲੋ-ਨੀਆਂ ਵਿਚ ਆਬਾਦ ਹੋਏ ਕਿਸਾਨਾਂ ਤੋਂ, ਉਹਨਾਂ ਦੀ ਭੋਇੰ ਦੀ ਮਾਲਕੀ ਦੇ ਹੱਕ ਖੋਹ ਲੈਣਾ ਚਾਹੁੰਦੀ ਸੀ, ਉਹ ਭੋਇੰ ਜਿਹੜੀ ਉਹਨਾਂ ਕਰੜੀ ਘਾਲਣਾ ਨਾਲ ਜਾਨ ਮਾਰ ਕੇ ਵਾਹੀਯੋਗ ਬਣਾਈ ਸੀ। ਡੌਰ-ਭੌਰ ਹੋਏ ਕਿਸਾਨਾਂ ਤੋਂ, ਉਹਨਾਂ ਦੀ ਭੋਇੰ ਦੀ ਮਾਲਕੀ ਦੇ ਹੱਕ ਖੋਹ ਲੈਣਾ ਚਾਹੁੰਦੀ ਸੀ, ਉਹ ਭੋਇੰ, ਜਿਹੜੀ ਉਹਨਾਂ ਕਰੜੀ ਘਾਲਣਾ ਨਾਲ ਜਾਨ ਮਾਰਕੇ ਵਾਹੀ-ਯੋਗ ਬਣਾਈ ਸੀ। ਡੌਰ-ਭੌਰ ਹੋਏ ਕਿਸਾਨ ਆਪਣੇ ਤਿੜਕੇ ਹੋਏ ਸਵੈਮਾਣ ਨੂੰ ਗੰਢ ਮਾਰਨ ਲਈ 'ਪਗੜੀ ਸੰਭਾਲ ਓ ਜੱਟਾ' ਗਾਉਣ ਲੱਗ ਪਏ। ਜਿਸ ਤਰ੍ਹਾਂ ਕਿ ਉਮੀਦ ਹੀ ਸੀ, ਸ. ਅਰਜਨ ਸਿੰਘ ਦਾ ਪਰਿਵਾਰ ਇਸ ਅੰ-ਦੋਲਨ ਦੀਆਂ ਮੋਹਰੀ ਸਫਾਂ ਵਿਚ ਆਣ ਡਟਿਆ, ਜਿਸਦਾ ਨਤੀਜਾ ਇਹ ਹੋਇਆ ਕਿ ਸ. ਕਿਸ਼ਨ ਸਿੰਘ ਨੂੰ ਨੇਪਾਲ ਦਾ ਦੇਸ਼-ਨਿਕਾਲਾ, ਸ. ਅਜੀਤ ਸਿੰਘ ਨੂੰ ਬਰਮਾ ਦੀ ਜਲਾਵਤਨੀ ਅਤੇ ਸ. ਸਵਰਨ ਸਿੰਘ ਨੂੰ ਕੈਦ ਹੋ ਗਈ। ਸ਼ਹੀਦ ਦਾ ਜਨਮ ਸ਼ੁੱਭ ਨਛੱਤਰਾਂ ਵਿਚ, ਉਹਨਾਂ ਤਿੰਨਾਂ ਦੇ ਵਾਪਸ ਪਰਤਣ ਦੀ ਖਬਰ ਦੇ ਨਾਲ ਹੀ ਹੋਇਆ ਅਤੇ ਉਸਦਾ ਨਿੱਕਾ-ਨਾਮ ਭਾਗਾਂਵਾਲਾ ਰੱਖਿਆ ਗਿਆ, ਜੋ ਬਾਅਦ ਵਿਚ ਭਗਤ ਸਿੰਘ ਹੋ ਗਿਆ, ਉਹ ਨਾਂ, ਜਿਸਨੇ ਇਕ ਲੋਕ-ਗਾਥਾ ਬਣਨਾ ਸੀ। ਵਿਧਮਾਤਾ ਬੱਚੇ ਨੂੰ ਵੇਖ ਕੇ ਮੁਸਕਰਾਈ ਪਰ ਇਕ ਵੱਖਰੇ ਹੀ ਅੰਦਾਜ਼ ਵਿਚ।

ਭਗਤ ਸਿੰਘ, ਜਦੋਂ ਅਜੇ ਉਹ ਬੱਚਾ ਹੀ ਸੀ ਤਾਂ ਉਹ ਘਰ ਵਿਚ ਆਪਣੀਆਂ ਦੋ ਨਿਆਸਰੀਆਂ ਚਾਚੀਆਂ ਨੂੰ ਵੇਖਦਾ-ਮਾਤਾ ਹਰਨਾਮ ਕੌਰ, ਇਹ ਸ. ਅਜੀਤ ਸਿੰਘ ਦੀ ਪਤਨੀ ਸੀ- ਜਿਸਨੂੰ ਜਲਾਵਤਨ ਕਰ ਦਿੱਤਾ ਗਿਆ ਸੀ ਅਤੇ ਕਿਸੇ ਨੂੰ ਉਸਦੇ ਜਿਉਂਦਾ ਹੋਣ ਦਾ ਯਕੀਨ ਵੀ ਨਹੀਂ ਸੀ ਅਤੇ ਮਾਤਾ ਹੁਕਮ ਕੌਰ, ਸ. ਸਵਰਨ ਸਿੰਘ ਦੀ ਘਰਵਾਲੀ ਸੀ, ਜੋ 1910 ਵਿਚ ਮਹਿਜ਼ 23 ਕੁ ਸਾਲਾਂ ਦੀ ਭਰ ਜੁਆਨੀ ਵਿਚ ਜੇਲ੍ਹ ਵਿਚ ਹੀ ਅਕਾਲ ਚਲਾਣਾ ਕਰ ਗਿਆ ਸੀ। ਉਹ ਦੋਵੇਂ ਮੁੰਡੇ ਤੋਂ ਜਾਨ ਛਿੜਕਦੀਆਂ ਸਨ, ਜਿਸਨੇ ਉਸ ਨਿੱਕੀ ਜਿਹੀ ਉਮਰੇ ਵੀ ਉਹਨਾਂ ਦੀ ਆਤਮਾ ਦੀ ਡੂੰਘੀ ਉਦਾਸੀ ਦੀ ਥਾਹ ਪਾ ਲਈ ਸੀ। ਮਰਜ਼ ਨੂੰ ਪਛਾਨਣ ਵਿਚ ਕੋਈ ਬਹੁਤਾ ਸਮਾਂ ਨਾ ਲੱਗਾ ਅਤੇ ਉਸਨੇ ਬਿਲਕੁਲ ਢੁਕਵੀਂ ਪਛਾਣ ਕੀਤੀ ਕਿ ਇਸ ਬਿਮਾਰੀ ਦੀ ਜੜ੍ਹ ਵਿਦੇਸ਼ੀਆਂ ਦਾ ਅੱਤਿਆਚਾਰੀ ਸ਼ਾਸਨ ਹੈ। ਅਕਸਰ ਹੀ, ਉਹ ਸਕੂਲੋਂ ਪੜ੍ਹ ਕੇ ਆਉਂਦਾ ਤਾਂ ਬੜੀ ਮਾਸੂਮੀਅਤ ਨਾਲ ਆਪਣੀ ਚਾਚੀ ਹਰਨਾਮ ਕੌਰ ਨੂੰ ਪੁੱਛਦਾ ਕਿ ਕੀ ਚਾਚਾ ਜੀ ਦੀ ਕੋਈ ਚਿੱਠੀ ਆਈ ਹੈ? ਉਹ ਇਹ ਨਹੀਂ ਸੀ ਜਾਣਦਾ ਕਿ ਇਸ ਸੁਆਲ ਨਾਲ ਚਾਚੀ ਦੇ ਮਨ ਵਿਚ ਜਜ਼ਬਾਤਾਂ ਦਾ ਜਵਾਲਾਮੁਖੀ ਖੌਲਣ ਲੱਗ ਪਵੇਗਾ। ਜਵਾਬ ਦੇਣ ਤੋਂ ਅਸਮਰੱਥ, ਚਾਚੀ ਦੇ ਚਿਹਰੇ ਦੇ ਉਦਾਸ ਹਾਵ-ਭਾਵ ਵੇਖ ਕੇ ਉਹ ਭੜਕ ਉੱਠਦਾ ਅਤੇ ਪੂਰੇ ਜੋਸ਼ ਵਿਚ ਆ ਕੇ ਬੋਲਦਾ ਕਿ ਜਦੋਂ ਉਹ ਵੱਡਾ ਹੋ ਗਿਆ ਤਾਂ ਹਿੰਦੋਸਤਾਨ ਨੂੰ ਆਜ਼ਾਦ ਕਰਾਉਣ ਲਈ ਉਹ ਬੰਦੂਕ ਲੈ ਕੇ ਅੰਗਰੇਜ਼ਾਂ ਨਾਲ ਲੜੇਗਾ ਅਤੇ ਆਪਣੇ ਚਾਚੇ ਨੂੰ ਵਾਪਸ ਲਿਆਵੇਗਾ। ਮਜ਼ਲੂਮਾਂ ਨਾਲ ਹਮਦਰਦੀ ਅਤੇ ਜ਼ਾਲਮਾਂ ਦੇ ਖਿਲਾਫ ਗੁੱਸਾ, ਉਸਦੇ ਦਿਲ ਦੀਆਂ ਡੂੰਘਾਣਾਂ ਵਿਚ ਬਹਿ ਗਿਆ ਕਿਉਂਕਿ ਉਹਨਾਂ ਦੇ ਘਰ 1914-15 ਦੇ ਗਦਰੀਆਂ ਸਮੇਤ ਹਰ ਤਰ੍ਹਾਂ ਦੇ ਗਰਮ-ਖਿਆਲੀਆਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਸੀ। ਉਹਨਾਂ ਵਿਚੋਂ ਨੌਜਵਾਨ ਨਾਇਕ ਕਰਤਾਰ ਸਿੰਘ ਸਰਾਭਾ, ਉਸਦਾ ਆਦਰਸ਼ ਬਣ ਗਿਆ।


13 ਅਪ੍ਰੈਲ 1919 ਨੂੰ ਵਿਸਾਖੀ ਦੇ ਮੁਬਾਰਕ ਦਿਹਾੜੇ, ਅੰਮ੍ਰਿਤਸਰ ਵਿਚ ਜਲ੍ਹਿਆਂ ਵਾਲੇ ਬਾਗ ਦੇ ਸਾਕੇ ਨੇ ਦੇਸ਼ ਨੂੰ ਧੁਰ-ਅੰਦਰ ਤੱਕ ਹਿਲਾ ਕੇ ਰੱਖ ਦਿੱਤਾ। ਨੌਜਵਾਨ ਭਗਤ ਸਿੰਘ, 14 ਅਪ੍ਰੈਲ ਨੂੰ ਉਸ ਖੂਨੀ ਥਾਂ 'ਤੇ ਜਾਣੋਂ ਨਾ ਰੁਕ ਸਕਿਆ ਅਤੇ ਉਥੋਂ, ਉਸਨੇ ਲਹੂ-ਭਿੱਜੀ ਮਿੱਟੀ ਚੁੱਕ ਕੇ ਸਾਰੀ ਉਮਰ ਲਈ ਇਕ ਨਿਸ਼ਾਨੀ ਵਜੋਂ ਸੰਭਾਲ ਲਈ। ਉਸ ਦਿਨ ਉਹ ਸਕੂਲ (ਲਾਹੌਰ) ਜਾਣ ਦੀ ਬਜਾਏ ਸਿੱਧਾ ਅੰਮ੍ਰਿਤਸਰ ਗਿਆ। ਉਥੋਂ ਸ਼ਾਮ ਨੂੰ ਵਾਪਸ ਆਉਂਦਿਆਂ ਕਾਫੀ ਕੁਵੇਲਾ ਹੋ ਗਿਆ ਤਾਂ ਬੁਰੀ ਤਰ੍ਹਾਂ ਘਬਰਾਏ ਅਤੇ ਬੇਚੈਨ ਹੋਏ ਪਰਿਵਾਰਕ ਮੈਂਬਰਾਂ ਦੇ ਸਾਹ ਸੁੱਕੇ ਰਹੇ। ਖੂਨ ਦੀ ਇਸ ਹੋਲੀ ਨਾਲ, ਸਾਡੇ ਆਜ਼ਾਦੀ-ਸੰਗਰਾਮ ਦੇ ਇਤਿਹਾਸ ਵਿਚ ਇਕ ਕ੍ਰਾਂਤੀਕਾਰੀ ਪਰਿਵਰਤਨ ਤਾਂ ਆਇਆ ਹੀ, ਸਗੋਂ ਸ਼ਹੀਦ ਦੀ ਜ਼ਿੰਦਗੀ ਵਿਚ ਵੀ ਇਕ ਇਕ ਤਿੱਖਾ ਮੋੜ ਸਾਬਤ ਹੋਈ। ਇਸ ਤੋਂ ਸਿਰਫ ਦੋ ਸਾਲਾਂ ਬਾਅਦ ਖੂਨ ਦੀ ਇਕ ਹੋਰ ਹੋਲੀ, ਪਹਿਲੇ ਸਿੱਖ ਗੁਰੂ, ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ, ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਚ ਖੇਡੀ ਗਈ, ਜਦੋਂ 20 ਫਰਵਰੀ 1921 ਨੂੰ ਲੱਗਭੱਗ 150 ਨਿਹੱਥੇ ਸਿੱਖ ਸ਼ਰਧਾਲੂ ਕਤਲ ਕਰ ਦਿੱਤੇ ਗਏ ਅਤੇ ਉਹਨਾਂ ਦੀਆਂ ਲਾਸ਼ਾਂ ਨੂੰ ਮਿੱਟੀ ਦਾ ਤੇਲ ਛਿੜਕ ਕੇ ਸਾੜ ਦਿੱਤਾ ਗਿਆ। ਭਾਵੇਂ ਕਿ ਸਾਫ ਤੌਰ 'ਤੇ ਇਹ ਇਕ ਧਾਰਮਿਕ ਮਾਮਲਾ ਸੀ ਪਰ ਇਸਦਾ ਇਕ ਰਾਜਨੀਤਿਕ ਪਹਿਲੂ ਵੀ ਸੀ। ਅਸਲ ਵਿਚ, ਇਹ ਨਰਸੰਹਾਰ ਬਦਮਾਸ਼ ਅਤੇ ਦੁਰਾਚਾਰੀ ਮਹੰਤਾਂ ਦੁ-ਆਰਾ ਕੀਤਾ ਗਿਆ ਸੀ, ਜਿਹੜੇ ਗੁਰਦੁਆਰਿਆਂ ਦਾ ਪ੍ਰਬੰਧ ਚਲਾਉਂਦੇ ਸਨ ਅਤੇ ਧਾਰਮਿਕ ਅਸਥਾਨਾਂ ਦੇ ਨਾਂ ਬੇ-ਥਾਹ ਜ਼ਮੀਨ-ਜਾਇਦਾਦ ਦੀ ਦੁਰਵਰਤੋਂ ਕਰਦੇ ਸਨ। ਸਿੱਖ, ਉਹਨਾਂ ਮਹੰਤਾਂ ਨੂੰ ਅਧਰਮੀ ਮੰਨਦੇ ਸਨ ਅਤੇ ਉਹਨਾਂ ਨੂੰ ਗੁਰਦੁਆ-ਰਿਆਂ 'ਚੋਂ ਬਾਹਰ ਕੱਢਣ ਲਈ ਇਕ ਗੁਰਦੁਆਰਾ ਸੁਧਾਰ ਲਹਿਰ ਚਲਾਈ ਗਈ ਪਰ ਹਕੂਮਤ ਮਹੰਤਾਂ ਦੀ ਪਿੱਠ ਪੂਰ ਰਹੀ ਸੀ। ਭਗਤ ਸਿੰਘ, ਜਦੋਂ 5 ਮਾਰਚ 1921 ਨੂੰ ਉਥੇ ਰੱਖੀ ਗਈ ਇਕ ਬਹੁਤ ਵੱਡੀ ਕਾਨਫਰੰਸ ਵਿਚ ਸ਼ਾਮਲ ਹੋਣ ਲਈ, ਨਨਕ-ਾਣਾ ਸਾਹਿਬ ਗਿਆ ਤਾਂ ਉਹ ਇਥ ਵਾਰ ਫਿਰ ਧੁਰ-ਅੰਦਰੋਂ ਝੰਜੋੜਿਆ ਗਿਆ। ਉਥੋਂ ਉਹ, ਉਹਨਾਂ ਬੇ-ਰਹਿਮ ਹੱਤਿਆਵਾਂ ਦੀ ਯਾਦ ਵਿਚ ਬਣਾਇਆ ਗਿਆ ਇਕ ਕੈਲੰਡਰ ਲੈ ਕੇ ਵਾਪਸ ਆ ਗਿਆ। ਹਕੂਮਤ ਦੇ ਵਿਰੋਧ ਅਤੇ ਨਾ-ਫੁਰਮਾਨੀ ਦੇ ਚਿੰਨ੍ਹ ਵਜੋਂ, ਉਸਨੇ ਵੀ ਬਾਕੀ ਸਿੱਖਾਂ ਵਾਂਗ ਕਾਲੀ ਦਸਤਾਰ ਬੰਨ੍ਹਣੀ ਸ਼ੁਰੂ ਕਰ ਦਿੱਤੀ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲਈ ਪੰਜਾਬੀ/ਗੁਰਮੁਖੀ ਸਿੱਖਣੀ ਵੀ ਸ਼ੁਰੂ ਕਰ ਦਿੱਤੀ, ਜਿਸ ਨੂੰ ਪ੍ਰਾਚੀਨ ਸਮੇਂ ਤੋਂ ਹੀ ਧਰਮੀ ਅਤੇ ਸਚਿਆਰ ਸਿੱਖ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਲਈ ਵੱਡੀ ਗਿਣਤੀ ਵਿਚ ਸਿੱਖਦੇ ਰਹੇ ਸਨ। ਦਿਲਚਸਪ ਗੱਲ ਇਹ ਹੈ ਕਿ ਭਗਤ ਸਿੰਘ ਪਹਿਲਾਂ ਹੀ ਉਰਦੂ, ਹਿੰਦੀ ਅਤੇ ਸੰ-ਸਕ੍ਰਿਤ ਵਿਚ ਚੰਗੀ ਮੁਹਾਰਤ ਹਾਸਲ ਕਰ ਚੁੱਕਾ ਸੀ, ਸਗੋਂ ਅੰਗਰੇਜ਼ੀ ਸਿੱਖਣ ਲਈ ਬਾਅਦ ਵਿਚ ਉਸਨੂੰ ਕਾਫੀ ਮਿਹਨਤ ਕਰਨੀ ਪਈ ਸੀ। ਫਿਰ ਵੀ, ਜਦੋਂ ਉਸਨੇ 'ਕਿਰਤੀ' ਰਸਾਲੇ ਲਈ ਲੇਖ-ਲੜੀਆਂ, ਜਿਹਨਾਂ ਵਿਚ ਬਹੁਤੀਆਂ ਸ਼ਹੀਦਾਂ ਦੀਆਂ ਜੀਵਨੀਆਂ ਹੁੰਦੀਆਂ ਸਨ- ਲਿਖਣੀਆਂ ਸ਼ੁਰੂ ਕੀਤੀਆਂ ਤਾਂ ਪਹਿਲਾਂ ਪੰਜਾਬੀ ਸਿੱਖੀ ਹੋਈ ਹੋਣ ਕਰਕੇ, ਉਸ ਲਈ ਬੜਾ ਸੁਖਾਲਾ ਰਿਹਾ। ਇਸ ਤੋਂ ਬਾਅਦ ਉਸਨੇ, ਗਾਂਧੀ ਜੀ ਦੁਆਰਾ ਦਿੱਤੇ ਗਏ ਨਾ-ਮਿਲਵਰਤਨ ਲਹਿਰ ਦੇ ਸੱਦੇ 'ਤੇ, ਲਾਹੌਰ ਦਾ ਡੀ.ਏ. ਵੀ. ਸਕੂਲ ਛੱਡ ਦਿੱਤਾ। ਨਾ-ਮਿਲਵਰਤਨ ਲਹਿਰ ਦੌਰਾਨ ਗਾਂਧੀ ਜੀ ਨੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਸੀ ਕਿ ਉਹ, ਹਕੂਮਤ ਤੋਂ ਸਹਾਇਤਾ-ਪ੍ਰਾਪਤ ਜਾਂ ਮਾਨਤਾ ਪ੍ਰਾਪਤ ਸੰਸਥਾਵਾਂ ਨੂੰ ਛੱਡ ਕੇ ਨੈਸ਼ਨਲ ਸਕੂਲਾਂ/ਕਾਲਜਾਂ ਵਿਚ ਦਾਖਲ ਹੋ ਜਾਣ। ਭਗਤ ਸਿੰਘ ਜੋ ਅਜੇ ਨੌਵੀਂ ਜਮਾਤ ਵਿਚ ਹੀ ਸੀ- ਵੀ ਨੈਸ਼ਨਲ ਕਾਲਜ ਲਾਹੌਰ ਵਿਚ ਦਾਖਲਾ ਲੈਣਾ ਚਾਹੁੰਦਾ ਸੀ, ਜਿਸ ਲਈ ਉਸਨੂੰ ਦਾਖਲੇ ਤੋਂ ਪਹਿਲਾਂ ਇਕ ਇਮਤਿਹਾਨ ਪਾਸ ਕਰਨਾ ਪੈਣਾ ਸੀ, ਜਿਹੜਾ ਉਸਨੇ ਪਾਸ ਕਰ ਲਿਆ। ਇਸ ਕਾਲਜ ਵਿਚ ਪੜ੍ਹਦਿਆਂ ਉਹ ਸੁਖਦੇਵ, ਭਗਵਤੀ ਚਰਨ ਵੋਹਰਾ, ਯਸ਼ਪਾਲ ਅਤੇ ਕੁਝ ਹੋਰ ਦੋਸਤਾਂ ਦੇ ਸੰਪਰਕ ਵਿਚ ਆਇਆ। ਇਹ ਦੋਸਤ ਉਸਦੇ ਭਵਿੱਖ ਦੇ ਸਾਥੀ ਸਨ। ਪਾਠਕ੍ਰਮ, ਲਾਇਬ੍ਰੇਰੀ ਦੀਆਂ ਪੁਸਤਕਾਂ ਅਤੇ ਅਧਿਆਪਕਾਂ ਸਮੇਤ, ਕਾਲਜ ਦਾ ਪੂਰਾ ਮਾਹੌਲ ਹੀ ਇਸ ਢੰਗ ਨਾਲ ਸਿਰਜਿਆ ਗਿਆ ਸੀ ਕਿ ਵਿਦਿਆਰਥੀਆਂ ਵਿਚ ਗਰਮ ਖਿਆਲ ਰਾਜਸੀ ਚੇਤਨਾ ਨੂੰ ਹੁਲਾਰਾ ਮਿਲੇ। ਭਗਤ ਸਿੰਘ ਇਕ ਗੰਭੀਰ ਪਾਠਕ ਬਣ ਗਿਆ, ਇਹ ਗੁਣ ਉਸਦੇ ਸੁਭਾਅ ਦਾ ਮਾਨੋ ਦੂਸਰਾ ਪਹਿਲੂ ਸੀ। ਐਫ. ਏ. ਦਾ ਇਮਤਿਹਾਨ ਪਾਸ ਕਰਨ ਤੋਂ ਤੁਰੰਤ ਬਾਅਦ ਹੀ ਉਸਦੀ ਕਾਲਜੀ ਪੜ੍ਹਾਈ ਰੁਕ ਗਈ। ਉਹ ਘਰ ਆ ਗਿਆ ਕਿਉਂਕਿ ਘਰਦੇ ਉਸਦਾ ਵਿਆਹ ਕਰਨ ਲਈ ਬਜ਼ਿੱਦ ਸਨ। ਇਹ ਸਾਲ 1923 ਦੇ ਪਿਛਲੇ ਅੱਧ ਦੀ ਗਲ ਹੈ। ਉਸਨੇ ਆਪਣੇ ਪਰਿਵਾਰ ਤੋਂ ਅਲਹਿਦਾ ਹੋ ਕੇ ਕਰੀਬ 6 ਮਹੀਨੇ ਕਾਨ੍ਹਪੁਰ ਗੁਜ਼ਾਰੇ, ਜਿੱਥੇ ਉਸਨੇ ਇਕ ਮਸ਼ਹੂਰ ਰਾਸ਼ਟਰਵਾਦੀ ਅਤੇ ਪਰਤਾਪ ਅਖਬਾਰ ਦੇ ਸੰਪਾਦਕ ਗਣੇਸ਼ ਸ਼ੰਕਰ ਵਿਦਿਆਰਥੀ ਤੋਂ ਪੱਤਰਕਾਰੀ ਦੀ ਕਲਾ ਸਿੱਖਣੀ ਆਰੰਭ ਕੀਤੀ ਅਤੇ ਕਾਕੋਰੀ ਗਰੁੱਪ ਦੇ ਨਾਂ ਨਾਲ ਮਸ਼ਹੂਰ, ਹਿੰ-ਦੋਸਤਾਨ ਰੀਪਬਲਿਕਨ ਐਸੋਸੀਏਸ਼ਨ ਨਾਲ ਆਪਣੇ ਮੁਢਲੇ ਸੰਪਰਕ ਸਥਾਪਤ ਕੀਤੇ। ਉਹ ਸਰਗਰਮ ਇਨਕਲਾਬੀ ਲਹਿਰ ਵਿਚ ਕੁੱਦ ਪਿਆ ਅਤੇ ਬਾਅਦ ਵਿਚ ਸੁਖਦੇਵ ਦੇ ਸਹਿਯੋਗ ਨਾਲ ਪੰਜਾਬ ਵਿਚ ਹਿੰਦੋਸਤਾਨ ਰੀਪਬਲਿਕਨ ਐਸੋਸੀਏਸ਼ਨ ਦੀ ਇਕਾਈ ਕਾਇਮ ਕਰਨ ਵਿਚ ਪੂਰੀ ਸਰਗਰਮੀ ਨਾਲ ਸ਼ਾਮਲ ਹੋ ਗਿਆ। 1924 ਦੇ ਸ਼ੁਰੂ ਵਿਚ, ਘਰ ਵਾਪਸ ਆਉਣ ਤੋਂ ਤੁਰੰਤ ਬਾਅਦ ਹੀ ਅਪ੍ਰੈਲ 1924 ਵਿਚ ਉਸਨੂੰ ਰੂਪੋਸ਼ ਹੋਣਾ ਪਿਆ। ਵਜ੍ਹਾ ਇਹ ਸੀ ਕਿ ਜੈਤੋ ਦੇ ਮੋਰਚੇ ਦੇ ਸਬੰਧ ਵਿਚ 500 ਸੱਤਿਆਗ੍ਰਹੀਆਂ ਦਾ ਇਕ ਵੱਡਾ ਜਥਾ ਗੁਰਦੁਆਰਾ ਗੰਗਸਰ ਨੂੰ ਜਾ ਰਿਹਾ ਸੀ, ਜਦੋਂ ਇਹ ਜਥਾ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਬੰਗਾ (ਚੱਕ ਨੰ: 105) ਵਿਚ ਦੁਪਹਿਰ ਦੇ ਸਮੇਂ ਰੁਕਿਆ ਤਾਂ ਭਗਤ ਸਿੰਘ ਨੇ ਆਪਣੇ ਸਾਥੀਆਂ ਨਾਲ ਰਲ ਕੇ, ਉਹਨਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਸੀ। ਉਹ ਦਸੰਬਰ 1925 ਤੱਕ ਰੂਪੋਸ਼ ਰਿਹਾ। ਇਸ ਦੌਰਾਨ ਉਹ ਜ਼ਿਆਦਾਤਰ ਦਿੱਲੀ ਜਾਂ ਯੂ. ਪੀ. ਵਿਚ ਰਿਹਾ। 1926 ਦੇ ਮੁੱਢ ਵਿਚ ਹੀ ਉਸਨੇ ਰਾਮ ਚੰਦਰ, ਭਗਵਤੀ ਚਰਨ ਵੋਹਰਾ, ਸੁਖਦੇਵ ਅਤੇ ਹੋਰ ਸਾਥੀਆਂ ਨਾਲ ਰਲ ਕੇ ਨੌ-ਜਵਾਨ ਭਾਰਤ ਸਭਾ ਬਣਾ ਲਈ। ਕ੍ਰਾਂਤੀਕਾਰੀਆਂ ਵਾਸਤੇ ਇਹ ਸੰਸਥਾ ਇਕ ਖੁੱਲ੍ਹਾ ਅਤੇ ਜਨਤਕ ਮੰਚ ਸੀ। ਇਹ ਸਸਥਾ

(ਬਾਕੀ ਅਗਲੇ ਸਫੇ 'ਤੇ)

## 4 Actual Photographs of Bhagat Singh



Bhagat Singh as a child



In 1923, Bhagat Singh in a Group Photo of Dramatic Club of National College Lahore



Shahid Bhagat Singh photographed at Lahore Railway Police Station, during his first arrest (29 May - 4 July 1927) in connection with 'Lahore Dussehra Bumb Case' (25 Oct. 1926) with Gopal Singh Pannu, DSP, CID Lahore



Bhagat Singh Photographed on 03.04.1929 before Assembly Bomb Explosion



ਪ੍ਰੋਫੈਸਰ ਮਲਵਿੰਦਰਜੀਤ ਸਿੰਘ ਵੜੈਚ



ਗੁਰਲਾਲ ਸਿੰਘ ਬਰਾੜ



ਸੀਤਾ ਰਾਮ ਮਾਧੋਪੁਰੀ, ਬਲਵਿੰਦਰ ਕੌਰ ਬਾਂਸਲ

# ਸ਼ਹੀਦ ਭਗਤ ਸਿੰਘ ਦਾ ਜੀਵਨ ਨੌਜਵਾਨਾਂ ਦੇ ਦਿਲਾਂ ਵਿੱਚ ਦੇਸ਼ ਪ੍ਰਤੀ ਪਿਆਰ ਜਗਾਉਣ ਲਈ ਪ੍ਰੇਰਨਾਦਾਇਕ ਸੀ ਅਤੇ ਰਹੇਗਾ: ਸ਼ਰਮਾ





**ਚੰਡੀਗੜ੍ਹ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦੇ ਆਜ਼ਮ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਤੋਂ ਬਾਅਦ ਅੱਜ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਆਪਣੇ ਅਹੁਦੇਦਾਰਾਂ ਸਮੇਤ ਖਟਕੜਕਾਲਾ ਪੁੱਜੇ ਅਤੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਟ ਕੀਤੀ। ਅਸ਼ਵਨੀ ਸ਼ਰਮਾ ਨੇ ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ਼ਹੀਦੇ ਆਜ਼ਮ ਭਗਤ ਸਿੰਘ ਨੇ ਬਹੁਤ ਹੀ ਛੋਟੀ ਉਮਰ ਵਿੱਚ ਅੰਗਰੇਜ਼ ਹਕੂਮਤ ਵਿਰੁੱਧ ਬਗਾਵਤ ਕਰਦਿਆਂ ਅੰਗਰੇਜ਼ਾਂ ਵਿਰੁੱਧ ਲੜਾਈ ਲੜੀ। ਅਖ਼ੀਰ ਤਤਕਾਲੀ ਪਾਰਲੀਮੈਂਟ ਵਿੱਚ ਬੰਬ ਸੁੱਟ ਕੇ ਅੰਗਰੇਜ਼ਾਂ ਦੀਆਂ ਅੱਖਾਂ ਵਿੱਚ ਅੱਖਾਂ ਪਾ ਕੇ ਬਿਨਾਂ ਕਿਸੇ ਡਰ ਤੋਂ ਪਾਰਲੀਮੈਂਟ ਵਿੱਚ ਖੜ੍ਹੇ ਹੋ ਕੇ ਆਤਮ ਸਮਰਪਣ ਕਰ ਦਿੱਤਾ।

ਸ਼ਹੀਦ ਭਗਤ ਸਿੰਘ ਵੱਲੋਂ ਦੇਸ਼ ਦੇ ਲੋਕਾਂ ਦੇ ਦਿਲਾਂ ਵਿੱਚ ਜਗਾਈ ਆਜ਼ਾਦੀ ਦੀ ਅੱਗ ਤੋਂ ਡਰਦਿਆਂ ਅੰਗਰੇਜ਼ਾਂ ਨੇ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਦੋ ਹੋਰ ਸਾਥੀਆਂ ਸੁਖਦੇਵ ਥਾਪਰ ਅਤੇ ਰਾਜਗੁਰੂ ਨੂੰ ਅਦਾਲਤ ਦੇ ਹੁਕਮਾਂ ਤੋਂ ਪਹਿਲਾਂ ਹੀ ਫਾਂਸੀ ਦੇ ਦਿੱਤੀ। ਜਿਸ ਨੂੰ ਸ਼ਹੀਦ ਭਗਤ ਸਿੰਘ ਨੇ ਹੱਸਦਿਆਂ–ਹੱਸਦਿਆਂ ਇੰਨਕਲਾਬ ਜ਼ਿੰਦਾਬਾਦ ਦੇ ਨਾਅਰਿਆਂ ਨਾਲ ਪ੍ਰਵਾਨ ਕੀਤਾ ਅਤੇ ਦੇਸ਼ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ। ਸ਼ਹੀਦੇ ਆਜ਼ਮ ਸ਼ਹੀਦ ਭਗਤ ਸਿੰਘ ਪੰਜਾਬ ਦੇ ਹੀ ਨਹੀਂ ਸਗੋਂ ਸਮੁੱਚੇ ਭਾਰਤ ਦੇ ਨੌਜਵਾਨਾਂ ਲਈ ਰੋਲ ਮਾਡਲ ਹਨ ਅਤੇ ਉਨ੍ਹਾਂ ਦਾ ਜੀਵਨ ਨੌਜਵਾਨਾਂ ਦੇ ਦਿਲਾਂ ਵਿੱਚ ਦੇਸ਼ ਭਗਤੀ ਦਾ ਪਿਆਰ ਜਗਾਉਣ ਲਈ ਹਮੇਸ਼ਾ ਪ੍ਰੇਰਨਾਦਾਇਕ ਸੀ ਅਤੇ ਰਹੇਗਾ।

ਸ਼ਰਮਾ ਨੇ ਕਿਹਾ ਕਿ ਚੰਡੀਗੜ੍ਹ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਦੀ ਪੰਜਾਬ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਮੰਗ ਸੀ, ਜਿਸਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੂਰਾ ਕਰ ਦਿੱਤਾ ਹੈ। ਖਟਕੜਕਲਾਂ ਵਿਖੇ ਮੱਥਾ ਟੇਕਣ ਪੁੱਜੇ ਭਾਜਪਾ ਦੇ ਅਹੁਦੇਦਾਰਾਂ ਦਾ ਜਿਥੇ ਜਥੇਬੰਦੀ ਦੇ ਅਹੁਦੇਦਾਰਾਂ ਵੱਲੋਂ ਸਿਰੋਪਾਓ ਭੇਟ ਕਰਕੇ ਧੰਨਵਾਦ ਕੀਤਾ ਗਿਆ, ਉਥੇ ਹੀ ਸੂਬਾ ਭਾਜਪਾ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਹੱਥ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਦੇ ਕੌਮੀ ਪ੍ਰਧਾਨ ਜੇਪੀ ਨੱਡਾ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕਰਦਿਆਂ ਸਿਰੋਪਾਓ ਵੀ ਭੇਜੇ ਗਏ।

ਇਸ ਮੌਕੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੇ ਨਾਲ ਸੂਬਾ ਜਨਰਲ ਸਕੱਤਰ ਜੀਵਨ ਗੁਪਤਾ ਤੇ ਦਿਆਲ ਸਿੰਘ ਸੋਢੀ ਆਦਿ ਵੀ ਹਾਜ਼ਰ ਸਨ।

# ਕਾਂਗਰਸ ਦੀ ਪ੍ਰਧਾਨਗੀ- ਖੜਗੇ, ਵਾਸਨਿਕ ਤੇ ਦਿਗਵਿਜੈ ਸੰਭਾਵੀ ਉਮੀਦਵਾਰ

**ਨਵੀਂ ਦਿੱਲੀ–** ਕਾਂਗਰਸ ਪ੍ਰਧਾਨ ਦੀ ਚੋਣ ਲਈ ਸੰਭਾਵੀ ਉਮੀਦਵਾਰਾਂ ਦੀ ਦੌੜ ’ਚ ਕਿਸੇ ਵੇਲੇ ਮੋਹਰੀ ਰਹੇ ਅਸ਼ੋਕ ਗਹਿਲੋਤ ਵੱਲੋਂ ਰਾਜਸਥਾਨ ਦੇ ਮੁੱਖ ਮੰਤਰੀ ਦਾ ਅਹੁਦਾ ਛੱਡਣ ’ਚ ਕੀਤੀ ਨਾਂਹ–ਨੁੱਕਰ ਮਗਰੋਂ ਮਲਿਕਾਰਜੁਨ ਖੜਗੇ, ਮੁਕੁਲ ਵਾਸਨਿਕ, ਅੰਬਿਕਾ ਸੋਨੀ ਤੇ ਦਿਗਵਿਜੈ ਸਿੰਘ ਦੇ ਨਾਂ ਸਾਹਮਣੇ ਆਉਣ ਮਗਰੋਂ ਚੋਣ ਮੈਦਾਨ ਮੁੜ ਭਖ ਗਿਆ ਹੈ। ਸੂਤਰਾਂ ਮੁਤਾਬਕ ਇਨ੍ਹਾਂ ਵਿਚੋਂ ਖੜਗੇ ਸਿਖਰਲੀ ਚੋਣ ਹੋ ਸਕਦੇ ਹਨ ਤੇ ਇਨ੍ਹਾਂ ਸਾਰੇ ਆਗੂਆਂ ਨੂੰ ਵੀਰਵਾਰ ਨੂੰ ਨਾਮਜ਼ਦਗੀ ਭਰਨ ਲਈ ਸੱਦਿਆ ਜਾ ਸਕਦਾ ਹੈ। ਇਸ ਦੌਰਾਨ ਕੁਮਾਰੀ ਸ਼ੈਲਜਾ ਦੇ ਨਾਂ ਦੀ ਵੀ ਚਰਚਾ ਹੈ ਜਦੋਂਕਿ ਰਾਹੁਲ ਗਾਂਧੀ ਦਾ ਮਨ ਕੇ ਸੀ ਵੇਣੂਗੋਪਾਲ ’ਤੇ ਟਿਕਿਆ ਦੱਸਿਆ ਜਾਂਦਾ ਹੈ। ਉਧਰ ਕਾਂਗਰਸ ਦੇ ਖ਼ਜ਼ਾਨਚੀ ਪਵਨ ਕੁਮਾਰ ਬਾਂਸਲ ਨੇ ਵੀ ਕੇਂਦਰੀ ਚੋਣ ਅਥਾਰਿਟੀ ਤੋਂ ਦੋ ਨਾਮਜ਼ਦਗੀ ਫਾਰਮ ਲਏ ਹਨ। ਬਾਂਸਲ ਨੇ ਹਾਲਾਂਕਿ ਦਾਅਵਾ ਕੀਤਾ ਕਿ ਉਹ ਉਮੀਦਵਾਰ ਨਹੀਂ ਬਲਕਿ ਸਿਰਫ਼ ਹੋਰਨਾਂ ਦੀ ਤਾਈਦ ਕਰਨ ਵਾਲੇ ਹਨ। ਇਸ ਦੌਰਾਨ ਸੋਨੀਆ ਗਾਂਧੀ ਵੱਲੋਂ ਏ।ਕੇ।ਐਂਟਨੀ ਤੇ ਸੁਸ਼ੀਲ ਕੁਮਾਰ ਸ਼ਿੰਦੇ ਨੂੰ ਦਿੱਲੀ ਸੱਦੇ ਜਾਣ ਦੀਆਂ ਰਿਪੋਰਟਾਂ ਹਨ। ਕਾਂਗਰਸ ਦੀ ਕੇਂ–ਦਰੀ ਚੋਣ ਅਥਾਰਿਟੀ ਦੇ ਚੇਅਰਮੈਨ ਮਧੂਸੂਦਨ ਮਿਸਤਰੀ ਨੇ ਕਿਹਾ, ‘‘ਹੁਣ ਤੱਕ ਸ਼ਸ਼ੀ ਥਰੂਰ ਤੇ ਪਵਨ ਬਾਂਸਲ ਨੇ ਹੀ ਨਾਮਜ਼ਦਗੀ ਫਾਰਮ ਲਏ ਹਨ।’’ ਮੱਧ ਪ੍ਰਦੇਸ਼ ਦੇ ਸਾਬਕਾ ਮੁੱਖ ਮੰਤਰੀ ਤੇ ਸੀਨੀਅਰ ਕਾਂਗਰਸੀ ਆਗੂ ਕਮਲ ਨਾਥ ਨੇ ਲੰਘੇ ਦਿਨ ਹੀ ਸਾਫ਼ ਕਰ ਦਿੱਤਾ ਸੀ ਕਿ ਉਹ ਪਾਰਟੀ ਪ੍ਰਧਾਨ ਨਹੀਂ ਬਣਨਾ ਚਾਹੁੰਦੇ ਤੇ ਮੱਧ ਪ੍ਰਦੇਸ਼ ਵਿੱਚ ਹੀ ਪਾਰਟੀ ਲਈ ਕੰਮ ਕਰਨ ਦੇਇੱਛੁਕ ਹਨ।

ਰਾਜਸਥਾਨ ਵਿੱਚ ਜਾਰੀ ਸੰਕਟ ਦਰਮਿਆਨ ਕਾਂਗਰਸ ਪਾਰਟੀ ਨੇ ਪ੍ਰਧਾਨਗੀ ਦੀ ਚੋਣ ਲਈ ਪਲਾਨ ‘ਬੀ’ ਉੱਤੇ ਸੋਚ ਵਿਚਾਰ ਸ਼ੁਰੂ ਕਰ ਦਿੱਤਾ ਹੈ। ਸੂਤਰਾਂ ਮੁਤਾਬਕ ਪਾਰਟੀ ਜੇਕਰ ਕਿਸੇ ਨੌਜਵਾਨ ਚਿਹਰੇ ਨੂੰ ਚੋਣ ਮੈਦਾਨ ਵਿੱਚ ਉਤਾਰਨ ਬਾਰੇ ਸੋਚਦੀ ਹੈ ਤਾਂ ਏਆਈਸੀਸੀ ਦੇ ਜਨਰਲ ਸਕੱਤਰ ਮੁਕੁਲ ਵਾਸਨਿਕ ਸੰਭਾਵੀ ਉਮੀਦਵਾਰ ਹੋ ਸਕਦੇ ਹਨ। ਦਿਗਵਿਜੈ ਸਿੰਘ ਵੀ ਪਾਰਟੀ ਪ੍ਰਧਾਨ ਦੀ ਦੌੜ ’ਚ ਸ਼ਾਮਲ ਹੋਣ ਤੋਂ ਇਨਕਾਰ ਕਰ ਚੁੱਕੇ ਹਨ, ਪਰ ਪਾਰਟੀ ਵਿੱਚ ਤੇਜ਼ੀ ਨਾਲ ਬਦਲਦੇ ਹਾਲਾਤ ਦਰਮਿਆਨ ਕੁਝ ਵੀ ਸੰਭਵ ਹੈ। ਨਾਮਜ਼ਦ–ਗੀਆਂ ਭਰਨ ਦੀ ਆਖਰੀ ਤਰੀਕ 30 ਸਤੰਬਰ ਹੈ। ਇਸ ਦੌਰਾਨ ਪਾਰਟੀ ਦੀ ਕੇਂਦਰੀ ਚੋਣ ਅਥਾਰਿਟੀ ਦੇ ਚੇਅਰਮੈਨ ਮਧੂਸੂਦਨ ਮਿਸਤਰੀ ਨੇ ਅੱਜ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਨਾਲ ਉਨ੍ਹਾਂ ਦੀ 10 ਜਨਪਥ ਰਿਹਾਇਸ਼ ਵਿੱਚ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਪਾਰਟੀ ਪ੍ਰਧਾਨ ਦੀ ਚੋਣ ਲਈ ਕਿਊਆਰ–ਕੋਡ ਵਾਲਾ ਪਛਾਣ ਪੱਤਰ ਤੇ ਵੋਟਰ ਸੂਚੀ ਸੌਂਪੀ।

ਮਿਸਤਰੀ ਨੇ ਕਿਹਾ ਕਿ ਸੀਨੀਅਰ ਪਾਰਟੀ ਆਗੂ ਸ਼ਸ਼ੀ ਥਰੂਰ ਨੇ ਉਨ੍ਹਾਂ ਦੇ ਦਫ਼ਤਰ ਨੂੰ ਸੂਚਿਤ ਕੀਤਾ ਹੈ ਕਿ ਉਹ 30 ਸਤੰਬਰ ਨੂੰ ਸਵੇਰੇ 11 ਵਜੇ ਪਾਰਟੀ ਪ੍ਰਧਾਨ ਲਈ ਆਪਣੀ ਨਾਮਜ਼ਦਗੀ ਭਰਨਗੇ।

### ਗਹਿਲੋਤ ਨੇੜਲੇ ਤਿੰਨ ਆਗੂਆਂ ਨੂੰ ‘ਕਾਰਨ ਦੱਸੋ’ ਨੋਟਿਸ

ਰਾਜਸਥਾਨ ਵਿੱਚ ਜਾਰੀ ਸੰਕਟ ਦਰਮਿਆਨ ਕਾਂਗਰਸ ਨਿਗਰਾਨਾਂ ਮਲਿਕਾਰਜੁਨ ਖੜਗੇ ਤੇ ਅਜੈ ਮਾਕਨ ਨੇ ਆਪਣੀ ਰਿਪੋਰਟ ਵਿੱਚ ਦੋ ਮੰਤਰੀਆਂ ਸਣੇ ਤਿੰਨ ਪਾਰਟੀ ਆਗੂਆਂ ਖਿਲਾਫ਼ ਅਨੁਸ਼ਾਸਨੀ ਕਾਰਵਾਈ ਦੀ ਸਿਫਾਰਸ਼ ਕੀਤੀ ਸੀ, ਜਿਸ ਮਗਰੋਂ ਪਾਰਟੀ ਨੇ ਗਹਿਲੋਤ ਦੇ ਕਰੀਬੀ ਤਿੰਨੋਂ ਆਗੂਆਂ ਕੈਬਨਿਟ ਮੰਤਰੀ ਸ਼ਾਂਤੀ ਧਾਰੀਵਾਲ, ਪਾਰਟੀ ਦੇ ਮੁੱਖ ਵ੍ਹਿਪ ਮਹੇਸ਼ ਜੋਸ਼ੀ ਤੇ ਵਿਧਾਇਕ ਧਰਮੇਂਦਰ ਰਾਠੌੜ ਨੂੰ ‘ਕਾਰਨ ਦੱਸੋ’ ਨੋਟਿਸ ਜਾਰੀ ਕਰਕੇ ਦਸ ਦਿਨਾਂ ’ਚ ਜਵਾਬ ਮੰਗ ਲਿਆ ਹੈ। ਉਧਰ ਸੂਤਰਾਂ ਮੁਤਾਬਕ ਗਹਿਲੋਤ ਨੇ ਸੋਨੀਆ ਗਾਂਧੀ ਤਕ ਪਹੁੰਚ ਕਰਕੇ ਆਪਣੀ ਸਥਿਤੀ ਸਪਸ਼ਟ ਕੀਤੀ ਹੈ। ਇਸ ਦੌਰਾਨ ਸਚਿਨ ਪਾਇਲਟ ਵੀ ਦਿੱਲੀ ਪੁੱਜ ਗਏ ਹਨ।

# ਰਿੰਕਾ ਕੁਤੁਬਾ, (ਹਲਕਾ ਮਹਿਲਾ ਕਲਾ) ਭਾਰਤੀ ਵਾਲਮੀਕਿ ਧਰਮ ਸਮਾਜ (ਰਜਿ) ਰਾਵਧਸ ਇੰਡੀਆ ਦੇ ਰਾਸ਼ਟਰੀ ਪ੍ਰਧਾਨ ਨਿਯੁਕਤ

**ਚੰਡੀਗੜ੍ਹ, 28 ਸਤੰਬਰ –** ਸਮਾਜ ਦੇ ਕੌਮੀ ਪ੍ਰਧਾਨ ਦਿਲਬਾਗ ਸਿੰਘ ਨੇ ਕਿਹਾ ਕਿ ਵਾਲਮੀਕਿ ਸਮਾਜ ਨੂੰ ਇਕਜੁੱਟ ਹੋਣ ਦੀ ਲੋੜ ’ਤੇ ਭਗਵਾਨ ਵਾਲਮੀਕਿ ਦੀਆਂ ਸਿੱਖਿਆਵਾਂ ਨੂੰ ਲੋਕਾਂ ਤੱਕ ਪਹੁੰਚਾਉਣਾ। ਉਨ੍ਹਾਂ, ਨੌਜਵਾਨਾਂ ਨੂੰ ਭਗਵਾਨ ਵਾਲਮੀਕਿ ਦੀਆਂ ਸਿੱਖਿਆਵਾਂ ’ਤੇ ਚੱਲ ਕੇ ਸਮਾਜ ਦੀ ਮਜ਼ਬੂਤੀ ਲਈ ਕੰਮ ਕਰਨ ਦਾ ਸੱਦਾ ਦਿੱਤਾ। ਅੱਜ ਵੀ ਭਗਵਾਨ ਵਾਲਮੀਕਿ ਦੀਆਂ ਸਿੱਖਿਆਵਾਂ ਨੌਜਵਾਨਾਂ ਦਾ ਮਾਰਗਦਰਸ਼ਨ ਕਰ ਰਹੀਆਂ ਹਨ। ਉਨ੍ਹਾਂ



ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਰਾਸ਼ਟਰੀ ਵਾਲਮੀਕਿ ਧਰਮ ਸਮਾਜ ਸੰਸਥਾ ਨਾਲ ਜੁੜਨ।

ਚੰਡੀਗੜ੍ਹ ਪ੍ਰੈੱਸ ਕਲੱਬ ਵਿਖੇ ਕਰਵਾਏ ਪ੍ਰੋਗਰਾਮ ਦੌਰਾਨ ਬਰਨਾਲਾ ਜ਼ਿਲ੍ਹੇ ਦੀ ਮੰਨੀ–ਪ੍ਰਮੰਨੀ ਸ਼ਖ਼ਸੀਅਤ ਨੇ ਰਿੰਕਾ ਕੁਤਬਾ ਨੂੰ ਅਗਲੇ ਕੌਮੀ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ। ਇਸ ਮੌਕੇ ਸਤਪਾਲ ਵੈਦ, ਰਾਸ਼ਟਰੀ ਜਨਰਲ ਸਕੱਤਰ ਆਰ।ਕੇ।ਸਫਾਰੀ, ਰਾਸ਼ਟਰੀ ਮੀਤ ਪ੍ਰਧਾਨ ਵਿਜੇ ਕੁਮਾਰ, ਪ੍ਰਦੀਪ ਹੰਸ, ਰਫਲ ਸਿੰਘ ਮੌਰੀਆ ਆਦਿ ਹਾਜ਼ਰ ਸਨ ।

+91 95013 13723

# ਸ਼ਹੀਦ ਭਗਤ ਸਿੰਘ

**(ਸਫਾ 28 ਦੀ ਬਾਕੀ)**

ਸਮਾਜ ਸੁਧਾਰ ਅਤੇ ਸੰਪਰਦਾਇਕ ਸਦਭਾਵਨਾ ਦੇ ਇਕ ਵਿਸ਼ਾਲ ਉਦੇਸ਼ ਨੂੰ ਪਰਨਾਈ ਹੋਈ ਸੀ। ਜਦੋਂ ਉਹ ਇਨਕਲਾਬੀ ਸਰਗਰਮੀਆਂ ਵਿਚ ਪੂਰੀ ਤਰ੍ਹਾਂ ਰੁੱਝਿਆ ਹੋਇਆ ਸੀ, ਤਾਂ ਉਸਨੂੰ 29 ਮਈ 1927 ਨੂੰ ਲਾਹੌਰ ਪੁਲਿਸ ਨੇ ਗ੍ਰਿਫਤਾਰ ਕਰ ਲਿਆ ਅਤੇ 4 ਜੁਲਾਈ 1927 ਤੱਕ ਹਿਰਾਸਤ ਵਿਚ ਰੱਖਿਆ। ਫਿਰ ਉਸਦਾ ਪਿਤਾ ਸ. ਕਿਸ਼ਨ ਸਿੰਘ 60000 ਰੁਪਏ ਦਾ ਮੁਚੱਲਕਾ ਭਰ ਕੇ ਉਸਨੂੰ ਜ਼ਮਾਨਤ ’ਤੇ ਰਿਹਾ ਕਰਵਾਉਣ ’ਚ ਕਾਮਯਾਬ ਹੋ ਗਿਆ। ਭਗਤ ਸਿੰਘ ਨੂੰ ਆਪਣੇ ਪਰਿਵਾਰ ਦੇ ਬਾਕੀ ਜੀਆਂ ਨੂੰ ਮਿਲਣ ਤੋਂ ਪਹਿਲਾਂ ਹੀ ਉਸਦੇ ਪਿਤਾ ਨੇ ਖੂੰਡੇ ਨਾਲ ਕੁੱਟਿਆ ਤੇ ਉਹ ਮਸ਼ਕਰੀਆਂ ਕਰਦਾ ਅਤੇ ਦੰਦ ਕੱਢਦਾ ਰਿਹਾ। ਉਹਨਾਂ ਦਿਨਾਂ ਵਿਚ ਜ਼ਿੱਦੀ ਪੁੱਤਰਾਂ ਨਾਲ ਅਜਿਹਾ ਵਿਹਾਰ ਆਮ ਹੁੰਦਾ ਸੀ। 8–9 ਸਤੰਬਰ 1928 ਨੂੰ ਦਿੱਲੀ ਵਿਚ ਇਕ ਨਵੀਂ ਜਥੇਬ–ਦੀ ਬਣਾਈ ਗਈ, ਜਿਸਦਾ ਨਾਂ ਹਿੰਦੋਸਤਾਨ ਸੋਸ਼ਲਿਸਟ ਰੀਪਬਲੀਕਨ ਐਸੋਸੀਏਸ਼ਨ/ ਆਰਮੀ ਰੱਖਿਆ ਗਿਆ। ਇਕ ਇਨਕਲਾਬ ਰਾਹੀਂ ਭਾਰਤ ਨੂੰ ਸਮਾਜਵਾਦੀ ਗਣਰਾਜ ਬਣਾਉਣਾ, ਇਸਦਾ ਨਿਸ਼ਾਨਾ ਸੀ। ਹਿੰਦੋਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਨੇ 17 ਦਸੰਬਰ 1928 ਨੂੰ, ਸਹਾਇਕ ਪੁਲਿਸ ਸੁਪਰਡੈਂਟ ਜੇ. ਪੀ. ਸਾਂਡਰਸ ਨੂੰ ਮਾਰ ਕੇ, ਪਹਿਲੀ ਵੱਡੀ ਕਾਰਵਾਈ ਕੀਤੀ। ਸਾਂਡਰਸ ਦੇ ਲਾਠੀਚਾਰਜ ਨਾਲ ਹੀ ਲਾਲਾ ਲਾਜਪਤ ਰਾਏ ਜ਼ਖਮੀ ਹੋਏ ਸਨ, ਜਿਸ ਕਰਕੇ ਉਹਨਾਂ ਦੀ ਮੌਤ ਹੋ ਗਈ ਸੀ। ਹਿੰਦੁਸਤਾਨ ਸੋਸ਼ਲਿਸਟ ਰੀਪਬਲਿਕਨ ਐਸੋਸੀਏਸ਼ਨ ਵੱਲੋਂ ਇਕ ਇਸ਼ਤਿਹਾਰ ਜਾਰੀ ਕੀਤਾ ਗਿਆ, ਜਿਸ ਵਿਚ ਉਹਨਾਂ ਕਤਲ ਦੀ ਜ਼ਿੰਮੇਵਾਰੀ ਕਬੂਲ ਕੀਤੀ ਅਤੇ ਜਿੱਥੋਂ ਤੱਕ ਸੰਭਵ ਹੋ ਸਕੇ ਮਨੁੱਖੀ ਖੂਨ ਵਹਾਉਣ ਤੋਂ ਬਚਦਿਆਂ, ਇਨਕਲਾਬ ਵਿਚ ਆਪਣੇ ਵਿਸ਼ਵਾਸ ਦਾ ਐਲਾਨ ਕੀਤਾ। ਤਿੰਨ ਮਹੀਨਿਆਂ ਮਗਰੋਂ 1929 ਦੇ ਸ਼ੁਰੂ ਵਿਚ, ਆਗਰੇ ਵਿਚ ਇਕ ਇਕੱਠ ਹੋਇਆ। 8 ਅਪ੍ਰੈਲ 1929 ਨੂੰ ਭਗਤ ਸਿੰਘ ਅਤੇ ਬੀ. ਕੇ. ਦੱਤ ਨੇ ਕੇਂਦਰੀ ਅਸੈਂਬਲੀ ਵਿਚ ਦੋ ਬੰਬ ਸੁੱਟੇ। ਇਹ ਬੰਬ ਕਿਸੇ ਨੂੰ ਜਾਨੀ ਨੁਕਸਾਨ ਪਹੁੰਚਾਉਣ ਦੇ ਮਕਸਦ ਨਾਲ ਨਹੀਂ ਸਨ ਸੁੱਟੇ ਗਏ। ਉਹਨਾਂ ਨੇ ਪੁਲਿਸ ਨੂੰ ਆਪਣੀ ਗ੍ਰਿਫਤਾਰੀ ਦੇ ਦਿੱਤੀ। ਧਮਾਕੇ ਤੋਂ ਬਾਅਦ ਫਿਰ ਇਸ਼ਤਿਹਾਰ ਸੁੱਟੇ ਗਏ, ਜਿਹਨਾਂ ਵਿਚ ਇਹ ਐਲਾਨ ਸੀ ਕਿ ਇਹ ਸਿਰਫ ਬੋਲੀ ਹਕੂਮਤ ਦੇ ਕੰਨਾਂ ਤੱਕ ਆਪਣੀ ਆਵਾਜ਼ ਪਹੁੰਚਾਉਣ ਲਈ ਕੀਤਾ ਗਿਆ ਹੈ। ਉਹਨਾਂ ਨੇ ਮੁਕੱਦਮੇ ਦੌਰਾਨ ਅਦਾਲਤ ਵਿਚ ਵੀ ਇਕ ਲੰਮਾ–ਚੌੜਾ ਬਿਆਨ ਦਿੱਤਾ। ਇਸ ਵਿਚ ਉਹਨਾਂ ਇਨਕਲਾਬ ਅਤੇ ਧਮਾਕੇ ਤੋਂ ਬਾਅਦ ਲਾਏ ਗਏ ਨਾਅਰੇ ਇਨਕਲਾਬ ਜ਼ਿੰਦਾਬਾਦ- ਜੋ ਕਿ ਪੂਰੇ ਮੁਲਕ ਵਿਚ ਗੂੰਜ ਉਠਿਆ ਸੀ- ਦੇ ਸੰਕਲਪ ਨੂੰ ਬਿਆਨ ਕੀਤਾ।

ਛੇਤੀ ਹੀ, ਉਸਦੇ ਜ਼ਿਆਦਾਤਰ ਸਾਥੀ ਗ੍ਰਿਫਤਾਰ ਕਰ ਲਏ ਗਏ। ਹਾਲਾਂਕਿ ਭਗਤ ਸਿੰਘ ਅਤੇ ਬੀ. ਕੇ. ਦੱਤ ਨੂੰ ਪਹਿਲਾਂ ਹੀ ਉਮਰ ਕੈਦ ਹੋ ਚੁੱਕੀ ਹੋਈ ਸੀ ਪਰ ਉਹਨਾਂ ਨੇ ਲਾਹੌਰ ਸਾਜਿਸ਼ ਕੇਸ ਅਧੀਨ ਆਪਣੇ ਹੋਰ ਸਾਥੀਆਂ ਸਮੇਤ ਇਕ ਹੋਰ ਮੁਕੱਦਮੇ ਦਾ ਸਾਹ–ਮਣਾ ਵੀ ਕਰਨਾ ਸੀ। ਜੇਲ੍ਹ ਵਿਚ ਹੁੰਦਿਆਂ, ਮਾਨਵਵਾਦੀ ਵਿਹਾਰ ਨੂੰ ਆਪਣੇ ਅਧਿਕਾਰ ਵਜੋਂ ਸਿੱਧ ਕਰਨ ਵਾਸਤੇ, ਉਹਨਾਂ ਨੂੰ ਦੋ ਮਹੀ–ਨਿਆਂ ਤੋਂ ਵੀ ਜ਼ਿਆਦਾ ਲੰਮੇ ਸਮੇਂ ਲਈ ਭੁੱਖ ਹੜਤਾਲ ਕਰਨੀ ਪਈ। ਇਸ ਸੰਘਰਸ਼ ਦੌਰਾਨ, ਉਹਨਾਂ ਨੂੰ ਆਪਣੇ ਇਕ ਪਿਆਰੇ ਸਾਥੀ ਅਤੇ ਬੰਬ ਬਣਾਉਣ ਦੇ ਮਾਹਿਰ ਜਤਿਨ ਦਾਸ ਦੀ ਕੁਰਬਾਨੀ ਵੀ ਦੇਣੀ ਪਈ। ਫਿਰ ਕਿਤੇ ਜਾ ਕੇ ਉਹ ਲੋਕਾਂ ਦੀ ਹਹਾਰਦਿਕ ਹਮਦਰਦੀ ਪ੍ਰਾਪਤ ਕਰਨ ਵਿਚ ਕਾਮਯਾਬ ਹੋਏ।

ਉਹਨਾਂ ਮੁਕੱਦਮੇ ਦਾ ਸਾਹਮਣਾ ਕੀਤਾ, ਸਗੋਂ ਇਹ ਕਹਿ ਲਵੋ ਕਿ ਇਨਕਲਾਬੀ ਨਾਅਰੇ ਮਾਰਦਿਆਂ ਉਹਨਾਂ ਮੁਕੱਦਮੇ ਦਾ ਆਨੰਦ ਮਾਣਿਆ। ਉਹ ਮਈ ਦਿਵਸ, ਲੈਨਿਨ ਦਿਵਸ, ਕਾਕੋਰੀ ਦਿਵਸ ਅਤੇ ਇਹੋ ਜਿਹੇ ਹੋਰ ਕਈ ਸਾਰੇ ਦਿਵਸ ਮਨਾ ਕੇ, ਇਸ ਮੁਕੱਦਮੇ ਦੇ ਜਸ਼ਨ ਮਨਾਉਂਦੇ ਸਨ। ਅਦਾਲਤੀ ਕਾਰਵਾਈਆਂ ਦੌਰਾਨ ਆਪਣੇ ਬਚਾਅ ਵਿਚ ਉਹਨਾਂ ਦੀ ਦਿਲਚਸਪੀ ਬਹੁਤ ਘੱਟ ਸੀ, ਸਗੋਂ ਉਹਨਾਂ ਦਾ ਨਿਸ਼ਾਨਾ ਸਿਰਫ ਇਸ ਸਾਰੇ ਮਾਮਲੇ ਨੂੰ ਇਕ ਡਰਾਮੇ ਵਜੋਂ ਨੰਗਾ ਕਰਨ ਦਾ ਸੀ। ਅਖੀਰ ਉਹਨਾਂ ’ਚੋਂ ਤਿੰਨਾਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਫਾਂਸੀ ਦੀ ਸਜ਼ਾ ਹੋਈ ਅਤੇ ਬਾਕੀਆਂ ਨੂੰ ਉਮਰ ਕੈਦ ਹੋ ਗਈ। ਮੁਕੱਦਮੇ ਦੇ ਫੈਸਲੇ ਦੀ ਮਿਤੀ 7 ਅਕਤੂਬਰ 1930 ਤੋਂ 23 ਮਾਰਚ 1931 ਤੱਕ ਕੁਝ ਲੋਕ ਹਿੱਤੂ ਦਲੇਰ ਵਕੀਲਾਂ ਦੁਆਰਾ ਭਾਰਤ ਅਤੇ ਇੰਗਲੈਂਡ ਦੀ ਪ੍ਰੀਵੀ ਕੌਂਸਲ ਵਿਚ ਅਨੇਕਾਂ ਅਪੀਲਾਂ ਕੀਤੀਆਂ ਗਈਆਂ। ਇਹਨਾਂ ਵਿਚੋਂ ਇਕ ਵੀ ਅਪੀਲ ਮੁਲਜ਼ਮਾਂ ਵੱਲੋਂ ਨਹੀਂ ਸੀ ਕੀਤੀ ਗਈ। ਇਹ ਸਾਰੀਆਂ ਅਪੀਲਾਂ ਕਾਨੂੰਨੀ ਨੁਕਤਿਆਂ ’ਤੇ ਆਧਾਰਿਤ ਸਨ। ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਨੇ 20 ਮਾਰਚ 1931 ਨੂੰ ਪੰਜਾਬ ਦੇ ਗਵਰਨਰ ਨੂੰ ਇਕ ਚਿੱਠੀ ਲਿਖੀ।

ਇਸ ਚਿੱਠੀ ਵਿਚ ਉਹਨਾਂ ਬੇਨਤੀ ਕੀਤੀ ਕਿ ਉਹਨਾਂ ਨੂੰ ਫਾਂਸੀ ਲਾਉਣ ਦੀ ਬਜਾਏ ਫੌਜੀ ਦਸਤੇ ਵੱਲੋਂ ਗੋਲੀ ਨਾਲ ਉਡਾਇਆ ਜਾਵੇ ਕਿਉਂਕਿ ਉਹਨਾਂ ਨੂੰ ਇੰਗਲੈਂਡ ਦੇ ਸ਼ਹਿਨਸ਼ਾਹ ਦੇ ਖਿਲਾਫ ਜੰਗ ਛੇੜਨ ਦੇ ਦੋਸ਼ੀ ਠਹਿਰਾਇਆ ਗਿਆ ਹੈ, ਇਸ ਕਰਕੇ ਉਹ ਜੰਗੀ ਕੈਦੀ ਹਨ। ਅਖੀਰ, ਹਕੂਮਤ ਨੇ ਉਹਨਾਂ ਨੂੰ 23 ਮਾਰਚ 1931 ਨੂੰ ਸ਼ਾਮ 7 ਵਜੇ (24 ਮਾਰਚ ਸੁਭਾ ਦੀ ਬਜਾਏ) ਫਾਂਸੀ ਲਾਉਣ ਦਾ ਫੈਸਲਾ ਕਰ ਲਿਆ ਪਰ ਇਹ ਖਬਰ 24 ਮਾਰਚ ਦੀ ਸੁਭਾ ਨੂੰ ਨਸ਼ਰ ਕੀਤੀ ਜਾਣੀ ਸੀ। 23 ਮਾਰਚ ਨੂੰ, ਸ਼ਹੀਦਾਂ ਦੇ ਪਰਿਵਾਰਾਂ ਨੂੰ ਅਧਿਕਾਰੀਆਂ ਦੇ ਅੜੀਅਲ ਵਤੀਰੇ ਦੇ ਕਾਰਨ, ਆਪਣੇ ਵਿੱਛੜ ਰਹੇ ਪਿਆਰਿਆਂ ਨੂੰ ਆਖਰੀ ਵਾਰ ਮਿਲਣ ਦਾ ਮੌਕਾ ਵੀ ਨਾ ਮਿਲ ਸਕਿਆ। ਉਹ ਨਾਅਰੇ ਮਾਰਦੇ, ਦੇਸ਼ ਭਗਤੀ ਦੇ ਗੀਤ ਗਾਉਂਦੇ ਅਤੇ ਮੌਤ ਤੇ ਨਿਆਂਹੀਣ ਫੈਸਲਾ ਸੁਣਾਉਣ ਵਾਲੇ ਨਿਜ਼ਾਮ ਦਾ ਮੂੰਹ ਚਿੜਾਉਂਦੇ ਹੋਏ ਫਾਂਸੀ ਦੇ ਤਖਤੇ’ਤੇ ਜਾ ਚੜ੍ਹੇ।

**(ਪੰਜਾਬੀ ਅਨੁਵਾਦ– ਗੁਰਲਾਲ ਸਿੰਘ ਬਰਾੜ)**

**ਦੇਸ਼ ਭਗਤਾਂ ਬਾਰੇ ਵੱਧ ਤੋਂ ਵੱਧ ਲੋਕਾਂ ਤੱਕ ਜਾਣਕਾਰੀ ਪਹੁੰਚਾਉਣ ਦੀ ਸੇਵਾ**

**ਬਲਵਿੰਦਰ ਕੌਰ ਬਾਂਸਲ** (94635–41166)

**ਸੀਤਾ ਰਾਮ ਮਾਧੋਪੁਰੀ** (75892–56092)

# ਔਰਤ ਹੀ ਔਰਤ ਦੀ ਦੁਸ਼ਮਣ

ਔਰਤ ਔਰਤ ਦੇ ਇੱਥੇ ਘਮਸਾਨ ਚੱਲਦੇ,
ਗੱਲ ਮਰਦ ਤੇ ਆਣ ਮੁਕਾਵਾਂ ਕਿਵੇਂ।
ਹਰੀ ਕੁੱਖ ਤੇ ਕਹਿੰਦੀ ਪਹਿਲਾਂ ਪੁੱਤਰ ਦੇ,
ਗੱਲ ਮਰਦ ਦੇ ਖਾਨੇ ਪਾਵਾਂ ਕਿਵੇਂ ।
ਸੱਸ ਨਨਾਣ ਤੇ ਭਾਬੀ ਦੇ ਰੂਪ ਅੰਦਰ,
ਈਰਖਾ ਔਰਤ ਦੀ ਦੱਸ ਮਿਟਾਵਾਂ ਕਿਵੇਂ।
ਇੱਕ ਦੂਜੀ ਦੀ ਦੇਖ ਗੁੱਡੀ ਚੜ੍ਹਦੀ ,
ਸੋਚਣ, ਡੋਰ ਕੱਟਾਂ ਤੇ ਥੱਲੇ ਲਾਹਵਾਂ ਕਿਵੇਂ।
ਔਰਤ ਨੇ ਔਰਤ ਦਾ ਜੀਣਾ ਦੁੱਭਰ ਕੀਤਾ,
ਖੁਸ਼ਬੂ ਸਾਂਝ ਦੀ ਦੱਸ ਫੈਲਾਵਾਂ ਕਿਵੈਂ।
ਬੇਗਾਨੇ ਮਰਦ ਨਾਲ ਰਲ ਘਰ ਤੋੜੇ ਦੂਜੀ ਦਾ,
ਐਸੇ ਤਸ਼ੱਦਦਾਂ ਤੋਂ ਦਸ ਬਚਾਵਾਂ ਕਿਵੈਂ।
ਸੁਣਿਆ ਔਰਤ ਹੀ ਔਰਤ ਦੀ ਦੁਸ਼ਮਣ ਹੁੰਦੀ,
ਇਸ ਗੱਲ ਨੂੰ ਦੱਸ ਝੁਠਲਾਵਾਂ ਕਿਵੇ।
ਵਿਸਵਾਸ਼ ਔਰਤ ਨੂੰ ਔਰਤ ਤੇ ਨਾਂ ਰਿਹਾ,
ਕੰਵਲ ਹੋਰ ਮਸਲਿਆਂ ਤੇ ਕਲਮ ਚਲਾਵਾਂ ਕਿਵੇਂ।


**ਕੰਵਲਜੀਤ ਕੌਰ ਕੰਵਲ**
91-99159-86343



# ਬਾਲੀਵੁੱਡ ਵਿਚ ਬਾਈਕਾਟ ਦਾ ਨਾਂਹਪਖੀ ਰੁਝਾਨ






ਅੱਜਕਲ੍ਹ ਬਾਲੀਵੁੱਡ ਵਿਚ ਬਾਈਕਾਟ ਦੀ ਲਹਿਰ ਜ਼ੋਰਾਂ 'ਤੇ ਚੱਲ ਰਹੀ ਹੈ। ਸੋਸ਼ਲ ਮੀਡੀਆ ਦੇ ਆਗਮਨ ਤੋਂ ਬਾਅਦ ਇਸ ਬਾਈਕਾਟ ਨਾਮੀ ਸ਼ਾਸਤਰ ਦੀ ਵਰਤੋਂ ਆਏ ਦਿਨ ਕੀਤੀ ਜਾਣ ਲੱਗੀ ਹੈ। ਕਿਸੇ ਫ਼ਿਲਮ ਵਿਚ ਜਾਂ ਇਸ ਦੇ ਪ੍ਰਚਾਰ ਵਿਚ ਕਿਤੇ ਕੁਝ ਇਤਰਾਜ਼ਯੋਗ ਨਜ਼ਰ ਆਇਆ ਤਾਂ ਜਨਤਾ ਵਲੋਂ ਝੱਟ ਇਹ ਸ਼ਸਤਰ ਚੁੱਕ ਲਿਆ ਜਾਂਦਾ ਹੈ। ਫ਼ਿਲਮ ਦੇ ਨਾਇਕ ਜਾਂ ਨਾਇਕਾ ਨੇ ਕੁਝ ਇਤਰਾਜ਼ਯੋਗ ਕਹਿ ਦਿੱਤਾ ਜਾਂ ਸੋਸ਼ਲ ਮੀਡੀਆ 'ਤੇ ਆਪਣੀ ਰਾਇ ਬੇਬਾਕ ਰੂਪ ਨਾਲ ਰੱਖੀ ਤਾਂ ਉਦੋਂ ਵੀ ਬਾਈਕਾਟ ਦਾ ਝੰਡਾ ਲਹਿਰਾ ਕੇ ਲੋਕ ਵਿਰੋਧ ਕਰਨਾ ਸ਼ੁਰੂ ਕਰ ਦਿੰਦੇ ਹਨ।

ਫ਼ਿਲਮ 'ਛਪਾਕ' ਨੂੰ ਪ੍ਰਮੋਟ ਕਰਨ ਦੀਪਿਕਾ ਪਾਦੂਕੋਨ ਜੇਐਨਯੂ ਕੀ ਪਹੁੰਚ ਗਈ ਕਿ ਫ਼ਿਲਮ ਦਾ ਵਿਰੋਧ ਸ਼ੁਰੂ ਹੋ ਗਿਆ ਸੀ ਅਤੇ ਇਸ ਦਾ ਅਸਰ 'ਛਪਾਕ' ਦੇ ਕਾਰੋਬਾਰ 'ਤੇ ਪਿਆ ਸੀ। 'ਪਦਮ-ਾਵਤ', 'ਦੰਗਲ', 'ਲਿਪਸਿਟਕ ਅੰਡਰ ਮਾਈ ਬੁਰਕਾ' ਆਦਿ ਫ਼ਿਲਮਾਂ ਦਾ ਵੀ ਵਿਰੋਧ ਹੋਇਆ ਸੀ। 'ਸ਼ਮਸ਼ੇਰਾ' ਵਿਚ ਖ਼ਲਨਾਇਕ ਬਣੇ ਸੰਜੈ ਦੱਤ ਦੇ ਮੱਥੇ 'ਤੇ ਲਾਲ ਟਿੱਕਾ ਦੇਖ ਕੇ ਹਿੰਦੂਵਾਦੀ ਸੰਸਥਾਵਾਂ ਭੜਕ ਉੱਠੀਆਂ ਅਤੇ ਫ਼ਿਲਮ ਦੇ ਬਾਈਕਾਟ ਦਾ ਐਲਾਨ ਕਰ ਦਿੱਤਾ ਗਿਆ ਸੀ। ਬਾਈਕਾਟ ਦੇ ਇਸ ਐਲਾਨ ਦਾ ਵੱਡਾ ਖਾਮਿਆਜ਼ਾ 'ਲਾਲ ਸਿੰਘ ਚੱਢਾ' ਨੂੰ ਭੁਗਤਣਾ ਪਿਆ ਹੈ। ਲੋਕਾਂ ਨੂੰ ਸਿਨੇਮਾਘਰਾਂ ਵਿਚ ਨਾ ਆਉਂਦੇ ਦੇਖ ਕੇ 1300 ਤੋਂ ਜ਼ਿਆਦਾ ਸਿਨੇਮਾਘਰਾਂ ਵਿਚ ਇਹ ਫ਼ਿਲਮ ਅਗਲੇ ਹੀ ਦਿਨ ਉਤਾਰਨੀ ਪੈ ਗਈ। ਆਮਿਰ ਦੀ ਪਤਨੀ ਕਿਰਨ ਵਲੋਂ ਹਿੰਦੁਸਤਾਨ ਵਿਚ ਡਰ ਲਗਣ ਵਾਲਾ ਬਿਆਨ ਇਸ ਫ਼ਿਲਮ ਨੂੰ ਲੈ ਡੁੱਬਿਆ। ਨਾਲ ਹੀ ਆਮਿਰ ਦੀ ਫ਼ਿਲਮ 'ਪੀ ਕੇ' ਪ੍ਰਤੀ ਲੋਕਾਂ ਦਾ ਗੁੱਸਾ ਇਸ ਫ਼ਿਲਮ 'ਤੇ ਉਤਰਿਆ। ਪਾਕਿਸਤਾਨ ਦੇ ਦੋਸਤ ਰਾਸ਼ਟਰ ਤੁਰਕੀ ਦੀ ਆਮਿਰ ਵਲੋਂ ਲਈ ਗਈ ਮੁਲਾਕਾਤ ਵੀ ਫ਼ਿਲਮ ਨੂੰ ਭਾਰੀ ਪੈ ਗਈ। ਫ਼ਿਲਮ 'ਰਕਸ਼ਾਬੰਧਨ' ਦੀ ਲੇਖਿਕਾ ਕਨਿਕਾ ਢਿੱਲੋਂ ਨੇ ਸੋਸ਼ਲ ਮੀਡੀਆ 'ਤੇ ਕੁਝ ਗੱਲਾਂ ਕਹੀਆਂ ਸਨ। ਇਹ ਗੱਲਾਂ ਕਈਆਂ ਨੂੰ ਨਾਗਵਾਰਾ ਹੋ ਗੁਜ਼ਰੀਆਂ ਅਤੇ ਇਸ ਫ਼ਿਲਮ ਦੇ ਬਾਈਕਾਟ ਦਾ ਵੀ ਐਲਾਨ ਕਰ ਦਿੱਤਾ ਗਿਆ।

ਰਿਤਿਕ ਰੌਸ਼ਨ ਨੇ 'ਲਾਲ ਸਿੰਘ ਚੱਢਾ' ਦੀ ਤਾਰੀਫ਼ ਕੀਤੀ ਤੇ ਉਸ ਦੀ ਅਗਲੀ ਫ਼ਿਲਮ 'ਵਿਕਰਮ ਵੇਧਾ' ਦੇ ਬਾਈਕਾਟ ਦੀਆਂ ਗੱਲਾਂ ਸ਼ੁਰੂ ਹੋ ਗਈਆਂ। ਕਰਨ ਜੌਹਰ ਦੀ ਫ਼ਿਲਮ 'ਬ੍ਰਹਮਾਸਤਰ' ਦਾ ਬਾਈਕਾਟ ਇਸ ਲਈ ਕੀਤਾ ਜਾ ਰਿਹਾ ਹੈ ਕਿਉਂਕਿ ਇਸ ਵਿਚ ਰਣਬੀਰ ਕਪੂਰ ਅਤੇ ਆਲੀਆ ਭੱਟ ਹੈ ਅਤੇ ਕਈਆਂ ਨੂੰ ਇਹ ਫ਼ਿਲਮ ਨੈਪੋਟਿਜ਼ਮ ਨੂੰ ਪ੍ਰਮੋਟ ਕਰਦੀ ਦਿਸ ਰਹੀ ਹੈ। ਫ਼ਿਲਮ ਦੇ ਪ੍ਰੋਮੋ ਵਿਚ ਰਣਬੀਰ ਨੂੰ ਮੰਦਰ ਵਿਚ ਜੁੱਤੀਆਂ ਪਾਈ ਦਿਖਾਇਆ ਗਿਆ ਹੈ। ਇਸ ਵਜ੍ਹਾ ਕਰਕੇ ਵੀ ਫ਼ਿਲਮ ਦਾ ਵਿਰੋਧ ਸ਼ੁਰੂ ਹੋ ਗਿਆ ਹੈ। ਸ਼ਾਹਰੁਖ ਦੀਆਂ ਦੋ ਫ਼ਿਲਮਾਂ 'ਪਠਾਨ' ਅਤੇ 'ਡੰਕੀ' ਬਾਈਕਾਟ ਦੇ ਨਿਸ਼ਾਨੇ 'ਤੇ ਹਨ। 'ਡੰਕੀ' ਦਸੰਬਰ 2023 ਵਿਚ ਪ੍ਰਦਰਸ਼ਿਤ ਹੋਵੇਗੀ ਪਰ ਫ਼ਿਲਮ ਦਾ ਵਿਰੋਧ ਇਹ ਕਹਿ ਕੇ ਹੁਣੇ ਤੋਂ ਕੀਤਾ ਜਾਣ ਲੱਗਿਆ ਹੈ ਕਿ ਇਸ ਦੇ ਨਿਰਦੇਸ਼ਕ ਰਾਜ ਕੁਮਾਰ ਹੀਰਾਨੀ ਹਨ ਜਿਨ੍ਹਾਂ ਨੇ 'ਪੀ ਕੇ' ਨਿਰਦੇਸ਼ਿਤ ਕੀਤੀ ਸੀ।

ਹੁਣ ਦੇਖਣਾ ਇਹ ਹੈ ਕਿ ਬਾਈਕਾਟ ਦੇ ਇਸ ਹਥਿਆਰ ਦੀ ਧਾਰ ਕਦੋਂ ਤੱਕ ਆਪਣਾ ਅਸਰ ਦਿਖਾਉਂਦੀ ਰਹੇਗੀ ਅਤੇ ਬਾਲੀਵੁੱਡ ਨੂੰ ਨੁਕਸਾਨ ਪਹੁੰਚਾਉਂਦੀ ਰਹੇਗੀ।

# ਬਾਇਡਨ ਨੇ ਚੀਨ ਨੂੰ ਦਿੱਤੀ ਚਿਤਾਵਨੀ

ਵਾਸ਼ਿੰਗਟਨ - ਅਮਰੀਕੀ ਪ੍ਰਤੀਨਿਧੀ ਸਭਾ ਦੀ ਪ੍ਰਧਾਨ ਨੈਂਸੀ ਪੇਲੋਸੀ ਦੀ ਤਾਇਵਾਨ ਯਾਤਰਾ ਤੋਂ ਬਾਅਦ ਚੀਨ ਨਾਲ ਵਧਿਆ ਤਣਾਅ ਘੱਟ ਹੋਣ ਦਾ ਨਾਂ ਨਹੀਂ ਲੈ ਰਿਹਾ ਹੈ। ਇਸ ਵਿਚਾਲੇ, ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਇਕ ਇੰਟਰਵਿਊ 'ਚ ਇਹ ਕਹਿ ਕੇ ਮਾਮਲਾ ਹੋਰ ਭਖਾ ਦਿੱਤਾ ਹੈ ਕਿ ਜੇ ਚੀਨ ਆਜ਼ਾਦ ਤਾਇਵਾਨ 'ਤੇ ਹਮਲਾ ਕਰੇਗਾ ਤਾਂ ਅਮਰੀਕੀ ਫੌਜ ਉਸਦੀ ਰੱਖਿਆ ਕਰੇਗੀ। ਐਤਵਾਰ ਨੂੰ ਪ੍ਰਸਾਰਿਤ ਕੀਤੇ



ਗਏ ਪ੍ਰੋਗਰਾਮ '60 ਮਿਨਟਸ' 'ਚ ਇੰਟਰਵਿਊ ਦੌਰਾਨ ਬਾਇਡਨ ਤੋਂ ਜਦੋਂ ਪੁੱਛਿਆ ਗਿਆ ਕਿ ਜੇ ਚੀਨ ਤਾਇਵਾਨ 'ਤੇ ਹਮਲਾ ਕਰੇਗਾ ਤਾਂ ਕੀ ਅਮਰੀਕੀ ਫੋਰਸ ਤੇ ਲੋਕ ਉਸਦੀ ਰੱਖਿਆ ਕਰਨਗੇ ਤਾਂ ਇਸਦਾ ਜਵਾਬ ਬਾਇਡਨ ਨੇ ਹਾਂ 'ਚ ਦਿੱਤਾ। ਹਾਲਾਂਕਿ ਜਦੋਂ ਵ੍ਹਾਈਟ ਹਾਊਸ ਨੂੰ ਇਸ 'ਤੇ ਬਿਆਨ ਦੇਣ ਲਈ ਕਿਹਾ ਗਿਆ ਤਾਂ ਵ੍ਹਾਈਟ ਹਾਊਸ ਦੇ ਬੁਲਾਰੇ ਨੇ ਕਿਹਾ ਕਿ ਤਾਇਵਾਨ ਪ੍ਰਤੀ ਅਮਰੀਕੀ ਨੀਤੀ 'ਚ ਕੋਈ ਬਦਲਾਅ ਨਹੀਂ ਹੋਇਆ ਹੈ। ਨੀਤੀ ਦੇ ਅਨੁਸਾਰ, ਅਮਰੀਕਾ ਤਾਇਵਾਨ ਮਾਮਲੇ ਨੂੰ ਸ਼ਾਂਤੀ ਨਾਲ ਨਿਪਟਾਉਣ ਦਾ ਪੱਖ ਪੂਰਦਾ ਹੈ ਪਰ ਇਸ ਵਿਚ ਸਪਸ਼ਟ ਨਹੀਂ ਹੈ ਕਿ ਜੇ ਚੀਨ ਹਮਲਾ ਕਰੇਗਾ ਤਾਂ ਅਮਰੀਕਾ ਤਾਇਵਾਨ ਦੀ ਰੱਖਿਆ ਕਰੇਗਾ। ਬਾਇਡਨ ਦੇ ਬਿਆਨ 'ਤੇ ਹਾਲੇ ਚੀਨ ਵੱਲੋਂ ਕੋਈ ਬਿਆਨ ਨਹੀਂ ਦਿੱਤਾ ਗਿਆ ਹੈ।

### ਨੈਸ਼ਨਲ ਅਵਾਰਡੀ ਟੀਚਰ

# ਮਾਤ ਭਾਸ਼ਾ ਨਾਲ਼ ਮੈਥ ਸੌਖਾ ਸਮਝ ਆਉਂਦਾ- ਪ੍ਰਿੰ.ਅਰੁਨ ਕੁਮਾਰ ਗਰਗ

ਕਦੀ ਕਦੀ ਇਨਸਾਨ ਨੂੰ ਹਾਲਤ ਇਹੋ ਜਿਹੇ ਮੋੜ ਤੇ ਖੜਾ ਕਰ ਦਿੰਦੇ ਹਨ ਜਿੱਥੋਂ ਸਿਰਫ ਇਕ ਹੀ ਰੱਸਤਾ ਹੁੰਦਾ ਹੈ। ਫਿਰ ਇਨਸਾਨ ਨੂੰ ਉਹੀ ਰੱਸਤਾ ਅਖਤਿਆਰ ਕਰਨਾ ਹੀ ਪੈਂਦਾ ਹੈ।ਅਸਲ ਵਿਚ ਉਹ ਰੱਸਤਾ ਤੁਹਾਡੇ ਵਾਸਤੇ ਪ੍ਰਮਾਤਮਾ ਨੇ ਚੁਣਿਆ ਹੁੰਦਾ ਹੈ ਕਿਉਂਕਿ ਇਸ ਵਿਚ ਹੀ ਆਪ ਦੀ ਭਲਾਈ ਹੁੰਦੀ ਹੈ। ਅਜਿਹਾ ਕੁੱਝ ਹੀ ਵਾਪਰਿਆ ਹੈ ਸਾਡੇ ਗਣਿਤ ਦੇ ਮਾਹਿਰ ਅਧਿਆਪਕ ਪ੍ਰਿੰ. ਅਰੁਨ ਕੁਮਾਰ ਗਰਗ ਨਾਲ।ਉਹਨਾਂ ਨੂੰ ਬੁਢਲਾਡਾ ਦੇ ਗੁਰੂ ਨਾਨਕ ਕਾਲਜ ਵਿਚ ਮਜ਼ਬੂਰਨ ਗਣਿਤ ਵਿਸ਼ਾ ਪੜ੍ਹਨਾ ਪਿਆ ਤੇ ਉਸਨੂੰ ਇਸ ਵਿਸ਼ੇ ਨੇ ਹੀ ਭਾਰਤ ਦੇ ਰਾਸ਼ਟਰਪਤੀ ਪਾਸੋਂ ਮਾਲਤੀ ਗਿਆਨਪੀਠ ਪੁਰਸਕਾਰ ਦਿਵਾ ਦਿੱਤਾ। ਸਤੰਬਰ 2018 ਵਿਚ ਰਾਜ ਅਧਿਆਪਕ ਪੁਰਸਕਾਰ ਵੀ ਹਾਸਲ ਕਰ ਲਿਆ। ਬਸ ਇਹ ਸਭ ਕੁਝ ਉਹਨਾਂ ਦੀ ਮਿਹਨਤ ਤੇ ਮਾਲਕ ਦੀ ਰਹਿਮਤ ਨਾਲ ਹੀ ਸੰਭਵ ਹੋ ਸਕਿਆ ਹੈ।ਡੀ ਏ ਵੀ ਕਾਲਜ ਜਲੰਧਰ ਤੋਂ ਐਮ ਐਸ ਸੀ ਮੈਥ ਅਤੇ ਬੀ ਐਡ ਵੀ ਪਹਿਲੇ ਦਰਜੇ ਵਿਚ ਕਰ ਲਈ।ਫਿਰ ਓਹਨਾਂ ਦੀ ਐਸੀ ਰੁਚੀ ਬਣੀ ਕਿ ਨਵੀਆਂ ਵਿਧੀਆਂ ਦੀ ਖੋਜ ਕਰਕੇ ਇਸ ਔਖੇ ਵਿਸ਼ੇ ਨੂੰ ਸੁਖਾਲਾ ਬਣਾ ਬੱਚਿਆਂ ਨੂੰ ਸਿਖਾਉਣਾ ਅਰੰਭ ਕਰ ਦਿੱਤਾ।ਨਵੇਂ ਤਜਰਬੇ ਸਫ਼ਲ ਹੋਏ ਤਾਂ ਧੂੰਮ ਪੂਰੇ ਸਿੱਖਿਆ ਜਗਤ ਵਿਚ ਪੈ ਗਈ। ਉਹ ਤੀਬਰ ਗਤੀ ਨਾਲ ਸੰਘਰਸ਼ ਕਰਦੇ ਅਤੇ ਸਫ਼ਲਤਾ ਦੀਆਂ ਪੌੜੀਆਂ ਚੜ੍ਹਦੇ ਗਏ। ਜੋ ਇਨਸਾਨ ਆਪਣੇ ਫਰਜ਼ਾਂ ਨੂੰ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਂਦਾ ਹੋਇਆ ਆਪਣੇ ਕਿੱਤੇ ਪ੍ਰਤੀ ਵਫਾਦਾਰ ਰਹਿੰਦਾ ਹੈ ਉਹ ਜਿੰਦਗੀ ਵਿੱਚ ਅਹਿਮ ਸਥਾਨ ਜ਼ਰੂਰ ਹਾਸਲ ਕਰਦਾ ਹੈ।




ਅਰੁਨ ਕੁਮਾਰ ਗਰਗ ਹੁਰਾਂ ਦਾ ਬਚਪਨ ਵਿਚ ਪੜ੍ਹਾਈ ਵਿਚ ਮਨ ਨਹੀਂ ਸੀ ਲਗਦਾ। ਖਾਸ ਕਰ ਗਣਿਤ ਵਿਸ਼ੇ ਵਿੱਚ ਤਾਂ ਉਹਨਾਂ ਦੀ ਕੋਈ ਦਿਲਚਸਪੀ ਨਹੀਂ ਸੀ ਕਿਉਂਕਿ ਇਹ ਵਿਸ਼ਾ ਔਖਾ ਅਤੇ ਨੀਰਸ ਜਾਪਦਾ ਸੀ। ਇਸ ਲਈ 10ਵੀਂ ਤੋਂ ਬਾਅਦ ਉਹਨਾਂ ਨੇ ਗਿਆਰਵੀਂ ਬਾਰ੍ਹਵੀਂ ਵਿੱਚ ਗਣਿਤ ਵਿਸ਼ਾ ਨਹੀਂ ਲਿਆ ਅਤੇ ਕਾਮਰਸ ਰੱਖ ਲਈ।ਉਹਨਾਂ ਦਾ ਸੁਪਨਾ ਆਈ.ਏ.ਐਸ ਬਣਨ ਦਾ ਸੀ ਪਰ ਮਨੂੰ ਵਾਟਿਕਾ ਡੇ ਬੋਰਡਿੰਗ ਸਕੂਲ ਵਿਖੇ ਮੈਥ ਟੀ.ਜੀ.ਟੀ ਵਜੋਂ ਨੌਕਰੀ ਕਰਨੀ ਪਈ।ਜਦੋਂ ਪੜ੍ਹਾਉਂਣ ਵਿਚ ਮੁਸ਼ਕਿਲ ਆਈ ਤਾਂ ਇਸ ਤੇ ਚਿੰਤਨ ਅਰੰਭ ਕਰ ਦਿੱਤਾ। ਉਸ ਦਿਨ ਤੋਂ ਬਾਅਦ ਗਣਿਤ ਵਿਸ਼ਾ ਉਹਨਾਂ ਦੀ ਜਿੰਦਗੀ ਦਾ ਹਿੱਸਾ ਬਣ ਗਿਆ ਅਤੇ ਦਿਮਾਗ ਵਿੱਚ ਇਸ ਵਿਸ਼ੇ ਨੂੰ ਰੌਚਕ ਬਣਾਉਣ ਲਈ ਨਵੇਂ ਨਵੇਂ ਤਰੀਕੇ ਤੇ ਵਿਧੀਆਂ ਬਾਰੇ ਜੱਦੋ-ਜਹਿਦ ਸ਼ੁਰੂ ਹੋ ਗਈ। 15 ਦਸੰਬਰ 2006 ਨੂੰ ਸਰਕਾਰੀ ਸੈਕੰਡਰੀ ਸਕੂਲ ਰੱਲੀ (ਮਾਨਸਾ) ਵਿਖੇ ਬਤੌਰ ਮੈਥ ਮਾਸਟਰ ਨੌਕਰੀ ਮਿਲੀ।ਓਹਨਾਂ ਨੇ ਆਪਣੀ ਨਿਵੇਕਲੀ ਵਿਧੀ ਨਾਲ ਸਕੂਲ ਦਾ ਨਤੀਜਾ 95% ਤੋਂ ਉੱਪਰ ਲੈ ਆਂਦਾ। ਓਵਰ ਟਾਈਮ ਲਗਾ ਕੇ ਬੱਚਿਆਂ ਦੀ ਸਿੱਖਣ ਪ੍ਰਕ੍ਰਿਆ ਨੂੰ ਪ੍ਰਚੰਡ ਕੀਤਾ ਜਾਂਦਾ ਹੈ। ਇੰਜ ਸਾਰਾ ਸਟਾਫ਼ ਹੀ ਸਕੂਲ ਦੀ ਬਿਹਤਰੀ ਵਿਚ ਜੁਟਿਆ ਹੋਇਆ ਹੈ। ਉਸ ਦੁਆਰਾ ਪੜ੍ਹਾਏ ਵਿਦਿਆਰਥੀ ਉੱਚ ਡਿਗਰੀਆਂ ਹਾਸਲ ਕਰਕੇ ਓਚ ਅਹੁਦਿਆਂ ਤੇ ਬਿਰਾਜਮਾਨ ਹੋ ਚੁੱਕੇ ਹਨ।

ਪ੍ਰਿੰ.ਗਰਗ ਅਨੁਸਾਰ ਗਣਿਤ ਵਿਸ਼ਾ ਤਕਨੀਕੀ ਹੋਣ ਕਾਰਨ ਪੇਂਡੂ ਵਿਦਿਆਰਥੀਆਂ ਨੂੰ ਬਹੁਤ ਔਖਾ ਜਾਪਦਾ ਹੈ। ਇਸ ਲਈ ਉਸਨੇ ਮਾਤ ਭਾਸ਼ਾ ਵਿੱਚ ਹੀ ਪੜ੍ਹਾਉਣਾ ਸ਼ੁਰੂ ਕੀਤਾ ਤਾਂ ਨਤੀਜੇ ਬੜੇ ਉਤਸ਼ਾਹਵਰਧਕ ਆਏ। ਗਣਿਤ ਨੂੰ ਸੌਖਾ ਬਨਾਉਣ ਦੇ ਉਦੇਸ਼ ਦੀ ਪੂਰਤੀ ਲਈ ਉਹ ਦਿਨ-ਰਾਤ ਨਵੇਂ-ਨਵੇਂ ਪ੍ਰਯੋਗ ਕਰਦੇ ਰਹਿੰਦੇ ਹਨ। ਜਿਸ ਵਿਸ਼ੇ ਨੇ ਉਹਨਾਂ ਨੂੰ ਡਰਾਇਆਂ ਸੀ ਉਸੇ ਵਿਚ ਐਮ ਐਸ ਸੀ ਤੇ ਐਮ ਫਿਲ ਵੀ ਕਰ ਲਈ।2021 ਵਿਚ ਬੋਲੀਵੀਆ (ਸੈਂਟਰਲ ਅਮਰੀਕਾ) ਦੀ ਯੂਨੀਵਰਸਿਟੀ ਵਲੋਂ ਡੀ ਲਿੱਟ ਦੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨਾਂ ਦੀ ਲੜੀ ਵਿਚ ਇੰਦਰਾ ਗਾਂਧੀ ਨੈਸ਼ਨਲ ਉਪਨ ਯੂਨੀਵਰਸਿਟੀ ਵਲੋਂ ਰਾਸ਼ਟਰੀ ਨਿਰਮਾਣ ਰਤਨ ਅਵਾਰਡ ਵੀ ਸ਼ਾਮਲ ਹੇ। ਇੰਜ ਉਹ ਗਣਿਤ ਦੇ ਖੋਜੀ ਅਤੇ ਸੁਖਾਲਾ ਵਿਸ਼ਾ ਬਨਾਉਣ ਵਾਲੇ ਮਾਹਿਰ ਅਧਿਆਪਕ ਬਣਨ ਵਿਚ ਸਫ਼ਲ ਹੋ ਗਏ। ਇਸੇ ਕਰਕੇ ਉਹਨਾਂ ਨੇ ਆਪਣੇ ਸਟਾਫ਼ ਅਤੇ ਪਿੰਡ ਵਾਸੀਆਂ ਨਾਲ ਮਿਲ ਕੇ ਸਕੂਲ ਵਿੱਚ ਡਾ. ਏ. ਪੀ. ਜੇ. ਅਬਦੁਲ ਕਲਾਮ ਨੂੰ ਸਮਰਪਿਤ ਇੱਕ ਵਿਲੱਖਣ ਸਿੱਖਿਆ ਪਾਰਕ ਬਣਾਇਆ ਜੋ ਇਕ ਨਿਵੇਕਲੀ ਪ੍ਰਾਪਤੀ ਮੰਨੀ ਗਈ।ਜਿਸ ਵਿੱਚ ਗਣਿਤ, ਵਿਗਿਆਨ, ਸਮਾਜਿਕ, ਹਿੰਦੀ, ਅੰਗਰੇਜ਼ੀ ਦੇ ਵੱਖ-ਵੱਖ ਦਿਲਕਸ਼ ਮਾਡਲ ਬਣੇ ਹੋਏ ਹਨ।ਇਹ ਪਾਰਕ ਸਿਰਫ ਇਕ ਸਕੂਲ ਵਾਸਤੇ ਗਿਆਨ ਦਾ ਚੱਸ਼ਮਾ ਨਹੀਂ ਸਗੋਂ ਪੂਰੇ ਸਿੱਖਿਆ ਜਗਤ ਲਈ ਇਕ ਰਾਹ ਦਸੇਰਾ ਹੈ।ਦੂਰ ਦੁਰੇਡੇ ਦੇ ਅਧਿਆਪਕ



ਇਸ ਉਦਾਹਰਣ ਤੋਂ ਲਾਭ ਲੈਣ ਲਈ ਪੁੱਜਦੇ ਹਨ।

ਪ੍ਰਿੰ.ਅਰੁਨ ਗਰਗ ਹੁਰਾਂ 2015 ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਵਿੱਚ ਵਿਸ਼ਾ ਮਾਹਿਰ ਵਜੋਂ ਕੰਮ ਕਰਦਿਆਂ 5ਵੀਂ ਜਮਾਤ ਦੇ ਗਣਿਤ ਦਾ ਸਪਲੀਮੈਂਟ ਤਿਆਰ ਕੀਤਾ। ਡੀ.ਜੀ.ਐਸ.ਈ ਦੇ ਪ੍ਰੋਜੈਕਟ ਸਟੂਡੈਂਟ ਪੋਰਟਲ ਵਿੱਚ 11ਵੀਂ ਅਤੇ 12ਵੀਂ ਦੇ ਵਿਸ਼ਾ ਮਾਹਿਰ ਵਜੋਂ ਕੰਮ ਕੀਤਾ। 21st Century Publications ਅਧੀਨ ਇੱਕ ਗਣਿਤ ਦੀ ਕਿਤਾਬ Pedagogy of Mathematics, ਮੌਡਿਊਲ ਵੀ ਲਿਖੇ ਅਤੇ ਗਣਿਤ ਦੇ ਫਾਰਮੂਲੇ ਵੀ ਤਿਆਰ ਕੀਤੇ।ਇਸ ਵਿਸ਼ੇ ਦੀਆਂ ਸੌਖੀਆਂ ਵਿਧੀਆਂ ਬਾਰੇ ਕਈ ਖੋਜ ਪੱਤਰ ਵੀ ਲਿਖੇ। ਉਹ ਆਪਣੀ ਇਸ ਕਾਮਯਾਬੀ ਦਾ ਸਿਹਰਾ ਆਪਣੇ ਪ੍ਰੇਰਣਾ ਸ੍ਰੋਤ ਦਾਦਾ ਸ਼੍ਰੀ ਦੇਵ ਰਾਜ ਗਰਗ (ਰਿਟਾਇਰਡ ਹੈੱਡ ਟੀਚਰ) ਮਾਤਾ ਸੁਨੀਤਾ ਗਰਗ ਅਤੇ ਪਿਤਾ ਵਿਨੋਦ ਕੁਮਾਰ ਗਰਗ ਅਤੇ ਅਧਿਆਪਕ, ਸਾਥੀਆਂ ਖਾਸ ਕਰ ਵਿਦਿਆਰਥੀਆਂ ਨੂੰ ਦਿੰਦੇ ਹਨ। ਉਹ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵਿਚ ਪੀ ਈ ਐਸ-1 ਦੀ ਪ੍ਰੀਖਿਆ ਵਿਚ ਪੂਰੇ ਪੰਜਾਬ ਚੋਂ ਪਹਿਲੇ ਨੰਬਰ ਤੇ ਰਹੇ ਤਾਂ 30 ਨਵੰਬਰ 2019 ਨੂੰ ਪ੍ਰਿੰਸੀਪਲ ਵਜ਼ੋਂ ਆਪਣੀਆਂ ਪ੍ਰਬੰਧਕੀ ਸੇਵਾਵਾਂ ਵੀ ਪ੍ਰਦਾਨ ਕਰਨ ਲੱਗੇ।ਮਈ 2021 ਵਿਚ ਉਹ ਸਰਕਾਰੀ ਸੈਕੰਡਰੀ ਸਕੂਲ ਦਾਤੇਵਾਸ ਜ਼ਿਲ੍ਹਾ ਮਾਨਸਾ ਵਿਚ ਸਰਗਰਮ ਹੋ ਗਏ। ਸਾਰਾ ਸਕੂਲ ਹੀ ਉਹਨਾਂ ਦੀ ਅਗਵਾਈ ਹੇਠ ਉਚੀਆਂ ਉਡਾਰੀਆਂ ਮਾਰਨ ਲੱਗ ਪਿਆ। ਕਰੋਨਾ ਕਾਲ ਵਿਚ 163 ਲੈਕਚਰ ਡੀਡੀ ਪੰਜਾਬੀ ਤੇ ਪੇਸ਼ ਕਰਕੇ ਵੀ ਰਿਕਾਰਡ ਬਣਾਇਆ। ਮੈਥ ਅਤੇ ਖੋਜ ਨਾਲ ਸਬੰਧਤ ਖੋਜ ਅਤੇ ਟਰੇਨਿੰਗ ਕਾਰਜਾਂ ਤੋਂ ਇਲਾਵਾ ਉਹ ਐਨ ਟੀ ਐਸ ਈ ਸਟੇਟ ਰਿਸੋਰਸ ਪਰਸਨ ਵਜ਼ੋਂ ਵੀ ਆਪਣੀਆਂ ਸ਼ਾਨਦਾਰ ਸੇਵਾਵਾਂ ਪ੍ਰਦਾਨ ਕਰ ਰਹੇ ਹਨ। ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪੁਸਤਕਾਂ ਦਾ ਵਿਸ਼ਾ ਮਾਹਿਰ ਅਤੇ ਸਟੇਟ ਪੱਧਰੀ ਵਿਦਿਅਕ ਸਰਗਰਮੀਆਂ ਵਿਚ ਬਹੁਤ ਮਹੱਤਵਪੂਰਨ ਭੂਮਿਕਾ ਅਦਾ ਕਰਦੇ ਹਨ। ਇਸ ਵਿਸ਼ੇ ਬਾਰੇ ਆਨਲਾਈਨ ਜਾਣਕਾਰੀ ਸਾਰੇ ਪੰਜਾਬ ਅਤੇ ਦੇਸ਼ ਵਿਦੇਸ਼ ਵਿਚ ਦਿੱਤੀ ਜਾਂਦੀ ਹੈ। ਪਰਉਪਕਾਰੀ ਕਾਰਜਾਂ ਵਿਚ ਮੁਹਰੀ ਭੂਮਿਕਾ ਅਦਾ ਕਰਦੇ ਹਨ।



**ਬਲਜਿੰਦਰ ਮਾਨ**
91-98150-18947

2 ਮਈ 1983 ਨੂੰ ਪਿੰਡ ਬੁਡਲਾਢਾ ਵਿਚ ਜਨਮ ਲੈਣ ਵਾਲੇ ਗਰਗ ਹੁਰਾਂ ਆਪਣੇ ਖਿਆਲਾਂ ਦੀ ਹਾਨਣ ਮੁਟਿਆਰ ਸ਼ਿਖਾ ਨਾਲ ਚੌਵੀ ਮਾਰਚ, 2010 ਨੂੰ ਸਾਹਾਂ ਦੀ ਸਾਂਝ ਪਾਈ ਤਾਂ ਉਨ੍ਹਾਂ ਦੇ ਘਰ ਬੇਟੀ ਕਸਵੀ ਅਤੇ ਵਿਧੀਤਾ ਨੇ ਆਪਣੀਆਂ ਕਿਲਕਾਰੀਆਂ ਨਾਲ ਮਹਿਕ ਘੋਲ ਦਿੱਤੀ। ਪ੍ਰਿੰ.ਅਰੁਨ ਕੁਮਾਰ ਗਰਗ ਦਾ ਖਿਆਲ ਹੈ ਕਿ ਹਰ ਅਧਿਆਪਕ ਨੂੰ ਵਿਦਿਆਰਥੀਆਂ ਪ੍ਰਤੀ ਸਮੱਰਪਿਤ ਹੋਣਾ ਚਾਹੀਦਾ ਹੈ। ਇਸ ਨਾਲ ਦੇਸ਼ ਕੌਮ ਦੀ ਭਲਾਈ ਹੁੰਦੀ ਹੈ। ਜੇਕਰ ਅਸੀਂ ਪਿਛੜ ਰਹੇ ਹਾਂ ਤਾਂ ਇਸਦਾ ਮੁੱਖ ਕਾਰਨ ਵਹਿਮ ਭਰਮ ਅਤੇ ਗੈਰ ਵਿਗਿਆਨਕ ਸੋਚ ਹੀ ਹੈ। ਸੋ ਇਕ ਅਧਿਆਪਕ ਨੂੰ ਬੱਚਿਆਂ ਦੇ ਹੌਸਲੇ ਬੁਲੰਦ ਕਰਨ ਲਈ ਖੁਦ ਸਮੇਂ ਦੀ ਹਾਣੀ ਸੋਚ ਦਾ ਮਾਲਕ ਬਣਨਾ ਚਾਹੀਦਾ ਹੈ। ਅਜਿਹੇ ਖਿਆਲਾਂ ਦੇ ਮਾਲਕ ਗਰਗ ਹਰ ਵੇਲੇ ਆਪਣੇ ਕਾਰਜਾਂ ਵਿਚ ਰੁੱਝੇ ਹੋਏ ਦਿਖਾਈ ਦਿੰਦੇ ਹਨ। ਸਕੂਲ ਦਾ ਗੇੜਾ ਮਾਰੀਏ ਤਾਂ ਦਿਲ ਦਿਮਾਗ ਦੇ ਬੰਦ ਦਰਵਾਜ਼ੇ ਆਪਣੇ ਆਪ ਖੁੱਲਦੇ ਜਾਂਦੇ ਹਨ। ਅਜਿਹੇ ਅਧਿਆਪਕਾਂ ਦਾ ਜਿੰਨਾ ਵੀ ਮਾਣ ਸਨਮਾਨ ਕਰੀਏ ਉਹ ਥੋੜ੍ਹਾ ਹੈ।

# HAPPY BAZAAR

HAPPY BAZAAR

INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

CALL US
Ph: (209) 478-0285
Fax: (209) 477-3206

We sell Air Tickets ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304 E Hammer Lane # 7 Stockton CA 95212
EMAIL: indiabazaar08@yahoo.com

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ



ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜ੍ਹੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





Raja
SWEETS & CATERING
AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell : 916-798-8142
Email: IndiaMarketRoseville@gmail.com



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

### ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:
650-642-0697

**3525 Highway 99, West Corning, CA 96021**

Across the Street from TA Truck Stop